ਕੌਮਾਂਤਰੀ www.amritsartimes.live
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 23 | Issue 224| 22 to 28 April, 2026 | Ph.: (510) 240-5949 | Email: asrtimes@gmail.com

ਪੰਜਾਬ ’ਚ ਲਾਗੂ ਹੋਇਆ ਬੇਅਦਬੀ ਵਿਰੁੱਧ ਕਾਨੂੰਨ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਸਰਕਾਰ ਨੇ ‘ਜਾਗਤ ਜੋਤ ਸ੍ਰੀ ਗੁਰੂ ਗਰੰਥ ਸਾਹਿਬ ਸਤਿਕਾਰ (ਸੋਧ) ਐਕਟ-2026’ ਦਾ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਹੈ ਜਿਸ ਨਾਲ ਬੇਅਦਬੀ ਵਿਰੁੱਧ ਕਾਨੂੰਨ ਅਮਲ ’ਚ ਆ ਗਿਆ ਹੈ। ਪੰਜਾਬ ਦੇ ਰਾਜਪਾਲ ਨੇ 18 ਅਪ੍ਰੈਲ ਨੂੰ ਇਸ ਸੋਧ ਬਿੱਲ ਨੂੰ ਸਹਿਮਤੀ ਦੇ ਦਿੱਤੀ ਸੀ। ਪੰਜਾਬ ਦੇ ਕਾਨੂੰਨੀ ਤੇ ਵਿਧਾਨਿਕ ਮਾਮਲਿਆਂ ਬਾਰੇ ਵਿਭਾਗ ਨੇ ਇਸ ਐਕਟ ਬਾਰੇ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਹੈ। ਸੂਬਾ ਸਰਕਾਰ ਨੇ ਨੋਟੀਫ਼ਿਕੇਸ਼ਨ ਜਾਰੀ ਕਰਕੇ ਬੇਅਦਬੀ ਵਿਰੁੱਧ ਕਾਨੂੰਨ ਨੂੰ ਲਾਗੂ ਕਰ ਦਿੱਤਾ ਹੈ।

ਪੰਜਾਬ ’ਚ ਸਾਲ 2015 ’ਚ ਫ਼ਰੀਦਕੋਟ ਜ਼ਿਲ੍ਹੇ ’ਚ ਬੇਅਦਬੀ ਦੀਆਂ ਘਟਨਾਵਾਂ ਤੇਜ਼ੀ ਨਾਲ ਸ਼ੁਰੂ ਹੋਈਆਂ ਸਨ ਅਤੇ ਹੁਣ ਤੱਕ ਸੂਬੇ ’ਚ 597 ਬੇਅਦਬੀ ਦੇ ਕੇਸ ਸਾਹਮਣੇ ਆ ਚੁੱਕੇ ਹਨ। ਠੀਕ ਗਿਆਰਾਂ ਸਾਲ ਮਗਰੋਂ ਸਖ਼ਤ ਸਜ਼ਾਵਾਂ ਵਾਲਾ ਬੇਅਦਬੀ ਵਿਰੁੱਧ ਕਾਨੂੰਨ ਅਮਲ ’ਚ ਆਇਆ ਹੈ।

Punjab Government Gazette
EXTRAORDINARY
Published by Authority
CHANDIGARH, MONDAY, APRIL 20, 2026
(CHAITRA 30, 1948 SAKA)
LEGISLATIVE SUPPLEMENT
Contents
Part - I Acts Pages
The Jagat Jot Sri Guru Granth Sahib Sakar (Amendment) Act, 2026 (Punjab Act No. 7 of 2026) ...415-419
Part - II Ordinances Nil
Part - III Delegated Legislation Nil
Part - IV Corrections Slips, Republications and Replacements

ਪੰਜਾਬ ਵਿਧਾਨ ਸਭਾ ਨੇ 13 ਅਪ੍ਰੈਲ ਨੂੰ ਸਰਬਸੰਮਤੀ ਨਾਲ ਸੋਧ ਬਿੱਲ ਨੂੰ ਪਾਸ ਕਰ ਦਿੱਤਾ ਸੀ ਅਤੇ ਰਾਜਪਾਲ ਦੀ ਸਹਿਮਤੀ ਮਗਰੋਂ ਇਸ ਸੋਧ ਬਿੱਲ ਨੂੰ ਲੈ ਕੇ ਬਣੇ ਸਿਆਸੀ ਤੇ ਕਾਨੂੰਨੀ ਤੌਖਲੇ ਵੀ ਦੂਰ ਹੋ ਗਏ ਸਨ। ਮੁੱਖ ਮੰਤਰੀ ਭਗਵੰਤ ਮਾਨ ਨੇ ਪਹਿਲਾਂ ਹੀ ਕਹਿ ਚੁੱਕੇ ਸਨ ਕਿ ਬੇਅਦਬੀ ਵਿਰੁੱਧ ਕਾਨੂੰਨ ਸਟੇਟ ਦੇ ਦਾਇਰੇ ’ਚ ਹੈ ਜਿਸ ਵਾਸਤੇ ਰਾਸ਼ਟਰਪਤੀ ਦੀ ਪ੍ਰਵਾਨਗੀ ਦੀ ਲੋੜ ਨਹੀਂ। ਅੱਜ ਨੋਟੀਫ਼ਿਕੇਸ਼ਨ ਜਾਰੀ ਹੋਣ ਮਗਰੋਂ ਸਮਾਣਾ ’ਚ 12 ਅਕਤੂਬਰ 2024 ਤੋਂ ਚੱਲ ਰਿਹਾ ਮੋਰਚਾ ਵੀ ਖ਼ਤਮ ਹੋਣ ਦੇ ਆਸਾਰ ਬਣ ਗਏ ਹਨ।

ਗ਼ੌਰਤਲਬ ਹੈ ਭਾਈ ਗੁਰਜੀਤ ਸਿੰਘ ਖ਼ਾਲਸਾ ਬੇਅਦਬੀ ਵਿਰੁੱਧ ਸਖ਼ਤ ਸਜ਼ਾਵਾਂ ਵਾਲੇ ਕਾਨੂੰਨ ਦੀ ਮੰਗ ਨੂੰ ਲੈ ਕੇ ਚਾਰ ਸੌ ਫੁੱਟ ਉੱਚੇ ਟਾਵਰ ’ਤੇ ਚੜ੍ਹੇ ਹੋਏ ਸਨ। ਨਵੇਂ ਕਾਨੂੰਨ ਅਨੁਸਾਰ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਕਿਸੇ ਵੀ ਕੰਮ ’ਚ ਸ਼ਾਮਲ ਜਾਂ ਅਜਿਹੀ ਸਾਜ਼ਿਸ਼ ਦਾ ਹਿੱਸਾ ਬਣਨ ਵਾਲੇ ਨੂੰ 10 ਸਾਲ ਤੋਂ ਉਮਰ ਕੈਦ ਦੀ ਸਜ਼ਾ ਹੋਵੇਗੀ ਅਤੇ ਇਸ ਕਾਨੂੰਨ ’ਚ ਪੰਜ ਲੱਖ ਤੋਂ 25 ਲੱਖ ਰੁਪਏ ਤੱਕ ਦੇ ਜੁਰਮਾਨਾ ਹੋਵੇਗਾ। ਇਸ ਤੋਂ ਇਲਾਵਾ ਜਾਇਦਾਦ ਜ਼ਬਤ ਕੀਤੇ ਜਾਣ ਦੀ ਵੀ ਵਿਵਸਥਾ ਇਸ ਕਾਨੂੰਨ ’ਚ ਕੀਤੀ ਗਈ ਹੈ। ਪੰਜਾਬ ਸਰਕਾਰ ਨੇ ਨੋਟੀਫ਼ਿਕੇਸ਼ਨ ਜਾਰੀ ਕਰਕੇ ਆਖ਼ਰੀ ਕਦਮ ਵੀ ਮੁਕੰਮਲ ਕਰ ਲਿਆ ਹੈ।

‘ਆਪ’ ਸਰਕਾਰ ਹੁਣ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾਏ ਜਾਣ ਮਗਰੋਂ ਇਸ ਕਦਮ ਦਾ ਸਿਆਸੀ ਲਾਹਾ ਵੀ ਲਵੇਗੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਹਰ ਫ਼ਰੰਟ ’ਤੇ ਘੇਰਨ ਦੀ ਕੋਸ਼ਿਸ਼ ਕਰੇਗੀ। ਸ਼੍ਰੋਮਣੀ ਅਕਾਲੀ ਦਲ ਸਮੇਤ ਬਾਕੀ ਵਿਰੋਧੀ ਧਿਰਾਂ ਨੇ ਵੀ ਇਸ ਨਵੇਂ ਕਾਨੂੰਨ ਦਾ ਸਵਾਗਤ ਕੀਤਾ ਹੈ। ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਬਾਕੀ ਧਰਮਾਂ ਦੀ ਬੇਅਦਬੀ ਖ਼ਿਲਾਫ਼ ਵੀ ਕਾਨੂੰਨ ਬਣਾਇਆ ਜਾਵੇ।

ਬੇਅਦਬੀ ਪਿੱਛੇ ਕੰਮ ਕਰਦੀਆਂ ਤਾਕਤਾਂ ਨੂੰ ਬੇਪਰਦਾ ਕਰਨਾ ਜ਼ਰੂਰੀ: ਧਾਮੀ

ਬਿੱਲ ਨੂੰ ਰਾਜਪਾਲ ਦੀ ਮਨਜ਼ੂਰੀ ਦਾ ਸ਼੍ਰੋਮਣੀ ਕਮੇਟੀ ਵੱਲੋਂ ਸਵਾਗਤ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਵਾਲੇ ਬਿੱਲ ’ਤੇ ਰਾਜਪਾਲ ਦੀ ਮੋਹਰ ਲੱਗਣ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਧਾਰਮਿਕ ਆਸਥਾ ਅਤੇ ਕੌਮੀ ਭਾਵਨਾਵਾਂ ਦੀ ਰਾਖੀ ਲਈ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਦਾ ਮੁਕੰਮਲ ਖਾਤਮਾ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਕਾਨੂੰਨ ਆਪਣੀ ਥਾਂ ਠੀਕ ਹੈ ਪਰ ਇਸ ਤੋਂ ਵੀ ਵੱਧ ਜ਼ਰੂਰੀ ਬੇਅਦਬੀ ਪਿੱਛੇ ਕੰਮ ਕਰਦੀਆਂ ਤਾਕਤਾਂ ਨੂੰ ਬੇਪਰਦ ਕਰਨਾ ਹੈ ਤਾਂ ਜੋ ਇਹ ਵਰਤਾਰਾ ਜੜ੍ਹ ਤੋਂ ਮਿਟਾਇਆ ਜਾ ਸਕੇ।

ਇਸੇ ਤਰ੍ਹਾਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਨੇ ਪੰਜਾਬ ਵਿਧਾਨ ਸਭਾ ਵਿੱਚ ਬੇਅਦਬੀ ਰੋਕੂ ਕਾਨੂੰਨ ਪਾਸ ਹੋਣ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਅਤੇ ਵਿਰੋਧੀ ਧਿਰਾਂ ਦੇ ਸਹਿਯੋਗ ਨਾਲ ਬਣਿਆ ਇਹ ਕਾਨੂੰਨ ਸ਼ਲਾਘਾਯੋਗ ਕਦਮ ਹੈ। ਉਨ੍ਹਾਂ ਉਮੀਦ ਜਤਾਈ ਕਿ ਸਖ਼ਤ ਸਜ਼ਾ ਅਤੇ ਭਾਰੀ ਜੁਰਮਾਨੇ ਦੇ ਡਰ ਨਾਲ ਅਜਿਹੇ ਅਪਰਾਧਾਂ ਨੂੰ ਠੱਲ੍ਹ ਪਵੇਗੀ।

ਬੇਅਦਬੀ ਦੀ ਘਟਨਾ ਨੂੰ ਅੰਜਾਮ ਦੇਣ ਵਾਲੇ ਬਖ਼ਸ਼ੇ ਨਹੀਂ ਜਾਣਗੇ : ਸੰਧਵਾਂ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ‘ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ 2026’ ਨੂੰ ਪ੍ਰਵਾਨਗੀ ਦੇਣ ’ਤੇ ਖ਼ੁਸ਼ੀ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਪੰਜਾਬੀਆਂ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਮੰਗ ਪੂਰੀ ਹੋ ਗਈ ਹੈ। ਇਸ ਤਹਿਤ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਲਈ ਉਮਰ ਕੈਦ ਅਤੇ ਭਾਰੀ ਜੁਰਮਾਨੇ ਦੀ ਵਿਵਸਥਾ ਹੈ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਵਿੱਚ ਬੇਅਦਬੀ ਦੀ ਘਟਨਾ ਨੂੰ ਅੰਜਾਮ ਦੇਣ ਵਾਲੇ ਬਖ਼ਸ਼ੇ ਨਹੀਂ ਜਾਣਗੇ। ਜ਼ਿਕਰਯੋਗ ਹੈ ਕਿ ਪੰਜਾਬ ਵਿਧਾਨ ਸਭਾ ਵਿੱਚ ਇਹ ਬਿੱਲ 13 ਅਪਰੈਲ ਨੂੰ ਪਾਸ ਕਰ ਕੇ ਰਾਜਪਾਲ ਕੋਲ ਭੇਜਿਆ ਗਿਆ ਸੀ, ਜਿਸ ਨੂੰ ਹੁਣ ਪ੍ਰਵਾਨਗੀ ਮਿਲ ਗਈ ਹੈ।

ਐਸ.ਐਸ.ਪੀ. ਅਤੇ ਕਮਿਸ਼ਨਰ ਕਰਨਗੇ ਬੇਅਦਬੀ ਮਾਮਲਿਆਂ ਦੀ ਜਾਂਚ

ਪੰਜਾਬ ਵਿੱਚ ਬੇਅਦਬੀ ਵਿਰੋਧੀ ਕਾਨੂੰਨ ਦੇ ਲਾਗੂ ਹੋਣ ਤੋਂ ਬਾਅਦ, ਪੰਜਾਬ ਪੁਲਿਸ ਨੇ ਇਨ੍ਹਾਂ ਮਾਮਲਿਆਂ ਦੀ ਜਾਂਚ ਲਈ ਇੱਕ ਨਵੀਂ ਸਟੈਂਡਰਡ ਓਪਰੇਟਿੰਗ ਪ੍ਰਕਿਰਿਆ ਜਾਰੀ ਕੀਤੀ, ਜੋ ਕਿ ਪੰਜਾਬ ਬਿਊਰੋ ਆਫ਼ ਇਨਵੈਸਟੀਗੇਸ਼ਨ ਦੁਆਰਾ ਵਿਕਸਤ ਕੀਤੀ ਗਈ ਹੈ।ਇਸ ਨਵੀਂ ਪ੍ਰਣਾਲੀ ਦਾ ਉਦੇਸ਼ ਬੇਅਦਬੀ ਮਾਮਲਿਆਂ ਵਿੱਚ ਪਾਰਦਰਸ਼ਤਾ, ਸ਼ੁੱਧਤਾ ਅਤੇ ਸਮੇਂ ਸਿਰ ਕਾਰਵਾਈ ਨੂੰ ਯਕੀਨੀ ਬਣਾਉਣਾ ਹੈ। ਪੁਲਿਸ ਨੂੰ ਹੁਣ ਡਿਜੀਟਲ ਸਬੂਤਾਂ ਦੀ ਸੰਭਾਲ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ, ਹਰ ਮਾਮਲੇ ਵਿੱਚ ਵਿਗਿਆਨਕ ਜਾਂਚ ਕਰਨ ਦੀ ਲੋੜ ਹੋਵੇਗੀ। ਇਹ ਵੀ ਯਕੀਨੀ ਬਣਾਇਆ ਗਿਆ ਹੈ ਕਿ ਜਾਂਚ 60 ਤੋਂ 90 ਦਿਨਾਂ ਦੇ ਅੰਦਰ ਪੂਰੀ ਹੋ ਜਾਵੇ ਅਤੇ ਚਲਾਨ ਅਦਾਲਤ ਵਿੱਚ ਪੇਸ਼ ਕੀਤੇ ਜਾਣ।ਨਵੀਂ ਪ੍ਰਣਾਲੀ ਦੇ ਤਹਿਤ, ਸਟੇਸ਼ਨ ਇੰਚਾਰਜ ਅਤੇ ਜਾਂਚ ਅਧਿਕਾਰੀ ਨੂੰ ਜਾਣਕਾਰੀ ਮਿਲਣ ’ਤੇ ਤੁਰੰਤ ਘਟਨਾ ਸਥਾਨ ’ਤੇ ਪਹੁੰਚਣਾ ਚਾਹੀਦਾ ਹੈ। ਸਬੂਤਾਂ ਦੀ ਸੁਰੱਖਿਆ ਲਈ ਦੋ-ਪੱਧਰੀ ਸੁਰੱਖਿਆ ਘੇਰਾ ਸਥਾਪਤ ਕੀਤਾ ਜਾਵੇਗਾ, ਇਹ ਯਕੀਨੀ ਬਣਾਉਣ ਲਈ ਕਿ ਕੋਈ ਵੀ ਇਸ ਨਾਲ ਛੇੜਛਾੜ ਨਾ ਕਰ ਸਕੇ। ਧਾਰਮਿਕ ਮਰਿਆਦਾ ਨੂੰ ਧਿਆਨ ਵਿੱਚ ਰੱਖਦੇ ਹੋਏ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਅੰਗਾਂ ਜਾਂ ਹੋਰ ਧਾਰਮਿਕ ਚਿੰਨ੍ਹਾਂ ਨੂੰ ਸਿਰਫ਼ ਅਧਿਕਾਰਤ ਧਾਰਮਿਕ ਪ੍ਰਤੀਨਿਧੀਆਂ ਦੀ ਮੌਜੂਦਗੀ ਵਿੱਚ ਹੀ ਸੰਭਾਲਿਆ ਜਾਵੇਗਾ।ਹਰੇਕ ਘਟਨਾ ਸਥਾਨ ਦੀਆਂ ਉੱਚ-ਗੁਣਵੱਤਾ ਵਾਲੀਆਂ ਫੋਟੋਆਂ ਅਤੇ ਵੀਡੀਓ ਰਿਕਾਰਡਿੰਗਾਂ ਇੱਕ ਨਕਸ਼ੇ ਦੇ ਨਾਲ ਲਈਆਂ ਜਾਣਗੀਆਂ। ਵਿਗਿਆਨਕ ਜਾਂਚ ਕਰਨ ਲਈ ਫੋਰੈਂਸਿਕ ਮਾਹਿਰਾਂ ਨੂੰ ਤੁਰੰਤ ਬੁਲਾਇਆ ਜਾਵੇਗਾ। ਪੁਲਿਸ ਆਪਣੇ ਆਪ ਨੂੰ ਦੋਸ਼ੀ ਤੱਕ ਸੀਮਤ ਨਹੀਂ ਰੱਖੇਗੀ, ਸਗੋਂ ਘਟਨਾ ਦੇ ਪਿੱਛੇ ਦੀ ਸਾਜ਼ਿਸ਼ ਅਤੇ ਮੁੱਖ ਦੋਸ਼ੀ ਦਾ ਪਰਦਾਫਾਸ਼ ਕਰਨ ਦੀ ਕੋਸ਼ਿਸ਼ ਵੀ ਕਰੇਗੀ।

ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਵੇ ਸਰਕਾਰ : ਰਾਜਾ ਵੜਿੰਗ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਰਾਜਪਾਲ ਵੱਲੋਂ ‘ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ 2026’ ਨੂੰ ਦਿੱਤੀ ਮਨਜ਼ੂਰੀ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਹੁਣ ‘ਆਪ’ ਸਰਕਾਰ ਨੂੰ ਬਹਿਬਲ ਕਲਾਂ ਅਤੇ ਹੋਰ ਬੇਅਦਬੀ ਮਾਮਲਿਆਂ ਦੇ ਮੁਲਜ਼ਮਾਂ ਨੂੰ ਸਜ਼ਾਵਾਂ ਦੇਣ ਦਾ ਵਾਅਦਾ ਪੂਰਾ ਕਰਨਾ ਚਾਹੀਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ‘ਆਪ’ ਸਰਕਾਰ ਨੇ ਇਹ ਕਾਨੂੰਨ ਪਾਸ ਕਰਨ ਵਿੱਚ ਬਹੁਤ ਦੇਰ ਕਰ ਦਿੱਤੀ ਹੈ, ਪਰ ਹੁਣ ਜਦੋਂ ਬਿੱਲ ਨੂੰ ਮਨਜ਼ੂਰੀ ਮਿਲ ਗਈ ਹੈ ਤਾਂ ਕੋਈ ਬਹਾਨਾ ਨਹੀਂ ਬਚਿਆ। ਉਨ੍ਹਾਂ ਕਿਹਾ ਕਿ ਸਰਕਾਰ ਦੇ ਕਾਰਜਕਾਲ ਦੇ ਹਾਲੇ ਤਕਰੀਬਨ 9 ਮਹੀਨੇ ਬਾਕੀ ਹਨ ਅਤੇ ਸਰਕਾਰ ਨੂੰ ਮੁਲਜ਼ਮਾਂ ਨੂੰ ਸਜ਼ਾ ਦੇਣ ਦੀ ਪ੍ਰਕਿਰਿਆ ਤੁਰੰਤ ਸ਼ੁਰੂ ਕਰਨੀ ਚਾਹੀਦੀ ਹੈ।

ਟਰੰਪ ਨੇ ਇਰਾਨ ਨਾਲ ਜੰਗਬੰਦੀ ਦੀ ਮਿਆਦ ਨੂੰ ਅਣਮਿੱਥੇ ਸਮੇਂ ਲਈ ਵਧਾਇਆ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਿਚੋਲਗੀ ਕਰ ਰਹੇ ਪਾਕਿਸਤਾਨ ਦੀ ਅਪੀਲ ਨੂੰ ਮੰਨਦੇ ਹੋਏ ਇਰਾਨ ਨਾਲ ਜੰਗਬੰਦੀ ਦੀ ਮਿਆਦ ਨੂੰ ਅਣਮਿੱਥੇ ਸਮੇਂ ਲਈ ਵਧਾ ਦਿੱਤਾ ਹੈ। ਟਰੰਪ ਨੇ ਕਿਹਾ ਕਿ ਇਸ ਫੈਸਲੇ ਦਾ ਮਕਸਦ ਇਰਾਨ ਦੀ ਵੰਡੀ ਹੋਈ ਲੀਡਰਸ਼ਿਪ ਨੂੰ ਕੁਝ ਹੋਰ ਸਮਾਂ ਦੇਣਾ ਹੈ, ਤਾਂ ਜੋ ਉਹ ਪਿਛਲੇ ਸੱਤ ਹਫ਼ਤਿਆਂ ਤੋਂ ਚੱਲ ਰਹੀ ਜੰਗ ਨੂੰ ਖ਼ਤਮ ਕਰਨ ਲਈ ਇੱਕ ਸਾਂਝਾ ਅਤੇ ਇਕਜੁੱਟ ਸ਼ਾਂਤੀ ਪ੍ਰਸਤਾਵ ਤਿਆਰ ਕਰ ਸਕਣ।

ਇਹ ਨਾਟਕੀ ਐਲਾਨ ਪਿਛਲੇ ਦਿਨੀਂ ਸ਼ੁਰੂ ਹੋਈ ਦੋ ਹਫ਼ਤਿਆਂ ਦੀ ਜੰਗਬੰਦੀ ਦੇ ਖ਼ਤਮ ਹੋਣ ਤੋਂ ਮਹਿਜ਼ ਕੁਝ ਘੰਟੇ ਪਹਿਲਾਂ ਸਾਹਮਣੇ ਆਇਆ ਹੈ। ਇਸ ਫੈਸਲੇ ਦੇ ਮੱਦੇਨਜ਼ਰ ਉਪ ਰਾਸ਼ਟਰਪਤੀ ਜੇ ਡੀ ਵੈਂਸ ਦੀ ਅਗਵਾਈ ਹੇਠਲੇ ਅਮਰੀਕੀ ਵਫ਼ਦ ਦੀ ਇਸਲਾਮਾਬਾਦ ਫੇਰੀ ਹੁਣ ਰੁਕ ਗਈ ਹੈ, ਜਿੱਥੇ ਉਨ੍ਹਾਂ ਨੇ ਇਰਾਨੀ ਨੁਮਾਇੰਦਿਆਂ ਨਾਲ ਸ਼ਾਂਤੀ ਵਾਰਤਾ ਕਰਨੀ ਸੀ।

ਹਾਲਾਂਕਿ, ਟਰੰਪ ਨੇ ਸਪਸ਼ਟ ਕੀਤਾ ਕਿ ਅਮਰੀਕਾ ਇਰਾਨ ’ਤੇ ਹਮਲਾ ਕਰਨ ਤੋਂ ਸਿਰਫ ਉਦੋਂ ਤੱਕ ਗੁਰੇਜ਼ ਕਰੇਗਾ ਜਦੋਂ ਤੱਕ ਉਸ ਦੀ ਲੀਡਰਸ਼ਿਪ ਗੱਲਬਾਤ ਲਈ ਇੱਕ ਸਾਂਝਾ ਪ੍ਰਸਤਾਵ ਪੇਸ਼ ਨਹੀਂ ਕਰਦੀ। ਉਨ੍ਹਾਂ ਕਿਹਾ ਕਿ ਇਰਾਨ ਦੀਆਂ ਬੰਦਰਗਾਹਾਂ ਦੀ ਆਰਥਿਕ ਘੇਰਾਬੰਦੀ ਬਰਕਰਾਰ ਰਹੇਗੀ।

ਵੈਂਸ ਅਤੇ ਅਮਰੀਕੀ ਵਿਸ਼ੇਸ਼ ਦੂਤ ਸਟੀਵ ਵਿਟਕੌਫ ਅਤੇ ਜੇਰੇਡ ਕੁਸ਼ਨਰ ਮੰਗਲਵਾਰ ਨੂੰ ਪਾਕਿਸਤਾਨ ਦੇ ਦੌਰੇ ਉੱਤੇ ਜਾਣ ਵਾਲੇ ਸਨ, ਪਰ ਵ੍ਹਾਈਟ ਹਾਊਸ ਨੇ ਕਿਹਾ ਕਿ ਵਫ਼ਦ ਦੀ ਪਾਕਿਸਤਾਨ ਯਾਤਰਾ ਨਹੀਂ ਹੋ ਰਹੀ ਹੈ।

ਟਰੰਪ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ, ‘ਇਰਾਨ ਦੀ ਸਰਕਾਰ ਬੁਰੀ ਤਰ੍ਹਾਂ ਖਿੰਡੀ ਹੋਈ ਹੈ, ਜਿਸ ਦੀ ਪਹਿਲਾਂ ਹੀ ਉਮੀਦ ਸੀ। ਹੁਣ ਫੀਲਡ ਮਾਰਸ਼ਲ ਆਸਿਮ ਮੁਨੀਰ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਦੀ ਬੇਨਤੀ ’ਤੇ, ਸਾਨੂੰ ਇਰਾਨ ’ਤੇ ਹੋਣ ਵਾਲਾ ਹਮਲਾ ਉਦੋਂ ਤੱਕ ਰੋਕਣ ਲਈ ਕਿਹਾ ਗਿਆ ਹੈ, ਜਦੋਂ ਤੱਕ ਉਨ੍ਹਾਂ ਦੇ ਆਗੂ ਅਤੇ ਪ੍ਰਤੀਨਿਧੀ ਕੋਈ ਸਾਂਝਾ ਪ੍ਰਸਤਾਵ ਪੇਸ਼ ਨਹੀਂ ਕਰਦੇ।’

ਅਮਰੀਕੀ ਰਾਸ਼ਟਰਪਤੀ ਨੇ ਕਿਹਾ, ‘ਇਸ ਲਈ ਫ਼ੌਜ ਨੂੰ ਘੇਰਾਬੰਦੀ ਜਾਰੀ ਰੱਖਣ ਅਤੇ ਹੋਰ ਸਾਰੇ ਮਾਮਲਿਆਂ ਵਿੱਚ ਤਿਆਰ ਤੇ ਸਮਰੱਥ ਰਹਿਣ ਦੇ ਨਿਰਦੇਸ਼ ਦਿੱਤੇ ਹਨ। ਜੰਗਬੰਦੀ ਨੂੰ ਉਦੋਂ ਤੱਕ ਵਧਾਵਾਂਗੇ ਜਦੋਂ ਤੱਕ ਇਰਾਨ ਵੱਲੋਂ ਪ੍ਰਸਤਾਵ ਪੇਸ਼ ਨਹੀਂ ਕੀਤਾ ਜਾਂਦਾ ਅਤੇ ਗੱਲਬਾਤ ਕਿਸੇ ਅੰਤਿਮ ਨਤੀਜੇ ’ਤੇ ਨਹੀਂ ਪਹੁੰਚ ਜਾਂਦੀ।

ਦੂਜੇ ਪਾਸੇ, ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਇਰਾਨ ਨਾਲ ਜੰਗਬੰਦੀ ਵਧਾਉਣ ਲਈ ਟਰੰਪ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਉਮੀਦ ਜਤਾਈ ਕਿ ਦੋਵੇਂ ਪੱਖ ਇਸ ਜੰਗ ਨੂੰ ਖ਼ਤਮ ਕਰਨ ਲਈ ਇੱਕ ਵੱਡਾ ਅਤੇ ਮੁਕੰਮਲ ਸ਼ਾਂਤੀ ਸਮਝੌਤਾ ਕਰਨ ਵਿੱਚ ਕਾਮਯਾਬ ਹੋਣਗੇ।

ਨਿਊਜ਼ੀਲੈਂਡ ਦੀ ਸਿਆਸਤ 'ਚ ਵਧਿਆ ਸਿੱਖ ਪੰਥ ਦਾ ਕੱਦ

ਪ੍ਰਧਾਨ ਮੰਤਰੀ ਖ਼ੁਦ ਪਹੁੰਚੇ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਮਿਲਨ

ਕੀਵੀ ਪ੍ਰਧਾਨ ਮੰਤਰੀ ਨੇ ਜਥੇਦਾਰ ਵੱਲੋਂ ਸ੍ਰੀ ਦਰਬਾਰ ਸਾਹਿਬ ਆਉਣ ਦਾ ਸੱਦਾ ਕੀਤਾ ਸਵੀਕਾਰ

ਸਿੱਖਾਂ ਤੋਂ ਬਿਨਾਂ ਅਧੂਰਾ ਹੈ ਨਿਊਜ਼ੀਲੈਂਡ: ਪੀ.ਐਮ. ਕ੍ਰਿਸਟੋਫਰ ਲਕਸਨ

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਨੇ ਪਿਛਲੇ ਦਿਨੀਂ ਆਕਲੈਂਡ ਦੇ ਓਟਾਹੂਹੂ ਸਥਿਤ ਗੁਰਦੁਆਰਾ ਸ੍ਰੀ ਗੁਰੂ ਨਾਨਕ ਸਿੱਖ ਸੰਗਤ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਇੱਕ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਨਿਊਜ਼ੀਲੈਂਡ ਦੇ ਵਿਕਾਸ ਵਿੱਚ ਸਿੱਖ ਭਾਈਚਾਰੇ ਵੱਲੋਂ ਪਾਏ ਜਾ ਰਹੇ ਵਡਮੁੱਲੇ ਯੋਗਦਾਨ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ। ਗੁਰਦੁਆਰਾ ਸਾਹਿਬ ਪਹੁੰਚਣ 'ਤੇ ਪ੍ਰਧਾਨ ਮੰਤਰੀ ਲਕਸਨ ਦਾ ਸਿੱਖ ਰੀਤੀ-ਰਿਵਾਜਾਂ ਅਨੁਸਾਰ ਭਰਵਾਂ ਸਵਾਗਤ ਕੀਤਾ ਗਿਆ। ਉਨ੍ਹਾਂ ਨੇ ਦਰਬਾਰ ਸਾਹਿਬ ਵਿੱਚ ਨਤਮਸਤਕ ਹੋ ਕੇ ਅਸ਼ੀਰਵਾਦ ਲਿਆ।

ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਅਤੇ ਸਿੱਖਾਂ ਦੀ ਸਰਵਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵਿਚਕਾਰ ਹੋਈ ਤਾਜ਼ਾ ਮੁਲਾਕਾਤ ਸਿਰਫ਼ ਇੱਕ ਰਸਮੀ ਮਿਲਣੀ ਨਹੀਂ, ਸਗੋਂ ਇਹ ਵਿਦੇਸ਼ੀ ਧਰਤੀ 'ਤੇ ਸਿੱਖ ਭਾਈਚਾਰੇ ਦੇ ਵਧਦੇ ਪ੍ਰਭਾਵ ਅਤੇ ਉਨ੍ਹਾਂ ਦੇ ਵਡਮੁੱਲੇ ਯੋਗਦਾਨ ਦੀ ਅਹਿਮ ਪ੍ਰਵਾਨਗੀ ਹੈ। ਆਕਲੈਂਡ ਦੇ ਗੁਰਦੁਆਰਾ ਸਾਹਿਬ ਵਿਖੇ ਹੋਈ ਇਸ ਗੱਲਬਾਤ ਨੇ ਜਿੱਥੇ ਨਿਊਜ਼ੀਲੈਂਡ ਵਿੱਚ ਵਸਦੇ ਸਿੱਖਾਂ ਦੇ ਹੌਸਲੇ ਬੁਲੰਦ ਕੀਤੇ ਹਨ, ਉੱਥੇ ਹੀ ਦੋਵਾਂ ਸਭਿਆਚਾਰਾਂ ਵਿਚਾਲੇ ਆਪਸੀ ਸਮਝ ਅਤੇ ਭਾਈਚਾਰਕ ਸਾਂਝ ਨੂੰ ਹੋਰ ਗੂੜ੍ਹਾ ਕੀਤਾ ਹੈ।

ਮੁਲਾਕਾਤ ਦੌਰਾਨ ਜਥੇਦਾਰ ਗਿਆਨੀ ਕੁਲਦੀਪ ਸਿੰਘ ਅਤੇ ਪ੍ਰਧਾਨ ਮੰਤਰੀ ਵਿਚਾਲੇ ਨਿਊਜ਼ੀਲੈਂਡ ਵਿੱਚ ਵਸਦੇ ਪੰਜਾਬੀਆਂ ਅਤੇ ਸਿੱਖਾਂ ਦੇ ਮਸਲਿਆਂ 'ਤੇ ਚਰਚਾ ਹੋਈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਿੱਖ ਭਾਈਚਾਰਾ ਨਿਊਜ਼ੀਲੈਂਡ ਦੇ ਸਮਾਜਿਕ ਅਤੇ ਆਰਥਿਕ ਢਾਂਚੇ ਦਾ ਇੱਕ ਮਜ਼ਬੂਤ ਹਿੱਸਾ ਹੈ।

ਨਿਊਜ਼ੀਲੈਂਡ ਦੀ ਤਰੱਕੀ ਵਿੱਚ ਸਿੱਖ ਭਾਈਚਾਰੇ ਨੇ ਆਪਣੀ ਸਖ਼ਤ ਮਿਹਨਤ, ਇਮਾਨਦਾਰੀ ਅਤੇ 'ਸਰਬੱਤ ਦੇ ਭਲੇ' ਦੇ ਸੰਕਲਪ ਨਾਲ ਇੱਕ ਖ਼ਾਸ ਮੁਕਾਮ ਹਾਸਲ ਕੀਤਾ ਹੈ। ਪ੍ਰਧਾਨ ਮੰਤਰੀ ਲਕਸਨ ਦਾ ਖ਼ੁਦ ਗੁਰਦੁਆਰਾ ਸਾਹਿਬ ਪਹੁੰਚ ਕੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨਾਲ ਵਿਚਾਰ-ਵਟਾਂਦਰਾ ਕਰਨਾ ਇਹ ਦਰਸਾਉਂਦਾ ਹੈ ਕਿ ਉੱਥੋਂ ਦੀ ਸਰਕਾਰ ਸਿੱਖਾਂ ਨੂੰ ਦੇਸ਼ ਦੀ ਆਰਥਿਕ ਅਤੇ ਸਮਾਜਿਕ ਬੁਣਤਰ ਦਾ ਇੱਕ ਅਨਿੱਖੜਵਾਂ ਅੰਗ ਮੰਨਦੀ ਹੈ। ਮੀਟਿੰਗ ਦੌਰਾਨ ਨਿਊਜ਼ੀਲੈਂਡ ਵਿੱਚ ਸਿੱਖਾਂ ਦੁਆਰਾ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕਰਨਾ ਇਸ ਗੱਲ ਦਾ ਪ੍ਰਤੀਕ ਹੈ ਕਿ ਸਿੱਖ ਧਰਮ ਦੇ ਮੂਲ ਸਿਧਾਂਤ ਅੱਜ ਦੇ ਆਧੁਨਿਕ ਅਤੇ ਬਹੁ-ਸਭਿਆਚਾਰਕ ਸਮਾਜ ਲਈ ਕਿੰਨੇ ਪ੍ਰਸੰਗਿਕ ਹਨ।

ਇਸ ਮੁਲਾਕਾਤ ਦਾ ਇੱਕ ਮਹੱਤਵਪੂਰਨ ਪਹਿਲੂ ਜਥੇਦਾਰ ਸਾਹਿਬ ਵੱਲੋਂ ਪ੍ਰਧਾਨ ਮੰਤਰੀ ਨੂੰ ਸੱਚਖੰਡ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਆਉਣ ਦਾ ਦਿੱਤਾ ਗਿਆ ਸੱਦਾ ਹੈ। ਪ੍ਰਧਾਨ ਮੰਤਰੀ ਲਕਸਨ ਵੱਲੋਂ ਇਸ ਸੱਦੇ ਨੂੰ ਖ਼ੁਸ਼ੀ-ਖ਼ੁਸ਼ੀ ਪ੍ਰਵਾਨ ਕੀਤਾ ਗਿਆ ਜੋ ਸਿੱਖ ਪੰਥ ਲਈ ਮਹੱਤਵਪੂਰਨ ਗੱਲ ਹੈ। ਸਿੱਖ ਨੁਮਾਇੰਦਿਆਂ ਵੱਲੋਂ ਪ੍ਰਧਾਨ ਮੰਤਰੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ ਅਤੇ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਦੇ ਜਵਾਬ ਵਿੱਚ ਪ੍ਰਧਾਨ ਮੰਤਰੀ ਲਕਸਨ ਨੇ ਵੀ ਆਪਣੀ ਤਰਫ਼ੋਂ ਜਥੇਦਾਰ ਸਾਹਿਬ ਨੂੰ ਇੱਕ ਯਾਦਗਾਰੀ ਘੜੀ ਭੇਟ ਕੀਤੀ।

ਅਜਿਹੀਆਂ ਮੁਲਾਕਾਤਾਂ ਵਿਸ਼ਵ ਪੱਧਰ 'ਤੇ ਸਿੱਖਾਂ ਦੀ ਵੱਖਰੀ ਪਛਾਣ ਅਤੇ ਉਨ੍ਹਾਂ ਦੇ ਸ਼ਾਂਤੀਪੂਰਨ ਸਹਿ-ਹੋਂਦ ਦੇ ਜਜ਼ਬੇ ਨੂੰ ਮਜ਼ਬੂਤ ਕਰਦੀਆਂ ਹਨ। ਜਿਸ ਤਰ੍ਹਾਂ ਨਿਊਜ਼ੀਲੈਂਡ ਸਰਕਾਰ ਨੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਦਾ ਸਤਿਕਾਰ ਕੀਤਾ ਹੈ, ਉਹ ਦੂਜੇ ਮੁਲਕਾਂ ਲਈ ਵੀ ਇੱਕ ਮਿਸਾਲ ਹੈ। ਲੋੜ ਇਸ ਗੱਲ ਦੀ ਹੈ ਕਿ ਵਿਦੇਸ਼ਾਂ ਵਿੱਚ ਵਸਦੇ ਸਿੱਖ ਆਗੂ ਅਤੇ ਧਾਰਮਿਕ ਸੰਸਥਾਵਾਂ ਇਸ ਸੁਖਾਵੇਂ ਮਾਹੌਲ ਦੀ ਵਰਤੋਂ ਕਰਕੇ ਨਵੀਂ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨ ਅਤੇ ਸਥਾਨਕ ਭਾਈਚਾਰਿਆਂ ਵਿੱਚ ਸਿੱਖੀ ਦੀ ਮਹਿਕ ਫੈਲਾਉਣ ਲਈ ਹੋਰ ਵੀ ਸਰਗਰਮ ਹੋਣ। ਦੁਨੀਆ ਸਿਰਫ਼ ਕਿਤਾਬੀ ਗੱਲਾਂ ਨਾਲ ਨਹੀਂ ਬਦਲਦੀ, ਸਗੋਂ ਜੀਉਂਦੇ-ਜਾਗਦੇ ਕਿਰਦਾਰਾਂ ਨਾਲ ਬਦਲਦੀ ਹੈ। ਜਿੰਨੀ ਦੇਰ ਸਿੱਖ ਗੁਰਬਾਣੀ ਦੇ ਅਸੂਲਾਂ—ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਛਕਣਾ—ਨੂੰ ਆਪਣੀ ਰਾਜਨੀਤਿਕ ਅਤੇ ਸਮਾਜਿਕ ਜ਼ਿੰਦਗੀ ਦਾ ਆਧਾਰ ਬਣਾ ਕੇ ਰੱਖਣਗੇ, ਦੁਨੀਆ ਦੇ ਨਕਸ਼ੇ 'ਤੇ ਉਨ੍ਹਾਂ ਦਾ ਪ੍ਰਭਾਵ ਹਮੇਸ਼ਾ ਵਧਦਾ ਰਹੇਗਾ।

ਕਿਰਦਾਰ ਹੀ ਉਹ 'ਪ੍ਰਚਾਰ' ਹੈ ਜਿਸ ਨੂੰ ਕਿਸੇ ਭਾਸ਼ਾ ਦੀ ਲੋੜ ਨਹੀਂ ਪੈਂਦੀ, ਇਹ ਆਪਣੇ ਆਪ ਦੁਨੀਆ ਦੀਆਂ ਸਰਕਾਰਾਂ ਦੇ ਦਿਲਾਂ ਵਿੱਚ ਜਗ੍ਹਾ ਬਣਾ ਲੈਂਦਾ ਹੈ।

ਇਹ ਮੀਟਿੰਗ ਸਿੱਖ ਕੌਮ ਦੀ ਵਿਸ਼ਵ-ਵਿਆਪੀ ਚੜ੍ਹਦੀ ਕਲਾ ਦਾ ਇੱਕ ਹੋਰ ਪ੍ਰਤੱਖ ਪ੍ਰਮਾਣ ਹੈ।ਇਸ ਦਾ ਸਭ ਤੋਂ ਵੱਡਾ ਪ੍ਰਭਾਵ ਇਹ ਪਵੇਗਾ ਕਿ ਦੁਨੀਆ ਭਰ ਵਿੱਚ ਸਿੱਖਾਂ ਦੀ ਪਛਾਣ ਹੋਰ ਨਿਖਰ ਕੇ ਸਾਹਮਣੇ ਆਵੇਗੀ ਅਤੇ ਉਹ ਕੌਮਾਂਤਰੀ ਫੈਸਲਿਆਂ ਵਿੱਚ ਆਪਣਾ ਪ੍ਰਭਾਵ ਪਾਉਣ ਦੇ ਯੋਗ ਹੋਣਗੇ। ਵਿਸ਼ਵ ਰਾਜਨੀਤੀ ਵਿੱਚ ਅੱਜ-ਕੱਲ੍ਹ 'ਸਾਫਟ ਪਾਵਰ' ਦੀ ਬਹੁਤ ਅਹਿਮੀਅਤ ਹੈ। ਸਿੱਖਾਂ ਨੇ ਆਪਣੇ ਲੰਗਰ, ਸੇਵਾ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਰਾਹੀਂ ਦੁਨੀਆ ਵਿੱਚ ਆਪਣਾ ਅਕਸ ਬਹੁਤ ਮਜ਼ਬੂਤ ਕੀਤਾ ਹੈ। ਪੀ.ਐਮ. ਲਕਸਨ ਦੀ ਇਹ ਮੁਲਾਕਾਤ ਇਹ ਸਿੱਧ ਕਰਦੀ ਹੈ ਕਿ ਪੱਛਮੀ ਦੇਸ਼ ਹੁਣ ਸਿੱਖਾਂ ਨੂੰ ਸਿਰਫ਼ ਇੱਕ ਘੱਟ ਗਿਣਤੀ ਭਾਈਚਾਰੇ ਵਜੋਂ ਨਹੀਂ, ਸਗੋਂ ਇੱਕ 'ਗਲੋਬਲ ਪਾਰਟਨਰ' ਵਜੋਂ ਦੇਖ ਰਹੇ ਹਨ।

ਨਿਊਜ਼ੀਲੈਂਡ ਦੀ ਰਾਜਨੀਤੀ ਤੇ ਸਰਕਾਰ ਵਿੱਚ ਸਿੱਖਾਂ ਦਾ ਪ੍ਰਭਾਵ ਕਿਵੇਂ ਵਧਿਆ ?

ਸਿੱਖ ਭਾਈਚਾਰੇ ਨੇ ਨਿਊਜ਼ੀਲੈਂਡ ਦੀ ਆਰਥਿਕਤਾ ਵਿੱਚ ਵੱਡਾ ਯੋਗਦਾਨ ਪਾਇਆ ਹੈ। ਖੇਤੀਬਾੜੀ (ਖ਼ਾਸ ਕਰਕੇ ਕੀਵੀ ਫਰੂਟ ਅਤੇ ਡੇਅਰੀ ਫਾਰਮਿੰਗ), ਟਰਾਂਸਪੋਰਟ, ਰੀਅਲ ਅਸਟੇਟ ਅਤੇ ਆਈ.ਟੀ. ਸੈਕਟਰ ਵਿੱਚ ਸਿੱਖਾਂ ਨੇ ਆਪਣੀ ਮਿਹਨਤ ਸਦਕਾ ਵੱਡੇ ਕਾਰੋਬਾਰ ਸਥਾਪਿਤ ਕੀਤੇ ਹਨ। ਕਿਸੇ ਵੀ ਦੇਸ਼ ਦੀ ਸਰਕਾਰ ਉਸ ਭਾਈਚਾਰੇ ਨੂੰ ਅਹਿਮੀਅਤ ਦਿੰਦੀ ਹੈ ਜੋ ਦੇਸ਼ ਦੇ ਜੀ.ਡੀ.ਪੀ. ਵਿੱਚ ਸਰਗਰਮ ਹਿੱਸਾ ਪਾਉਂਦਾ ਹੈ।

ਕੋਵਿਡ-19 ਮਹਾਮਾਰੀ ਦੌਰਾਨ ਅਤੇ ਕੁਦਰਤੀ ਆਫ਼ਤਾਂ (ਜਿਵੇਂ ਚੱਕਰਵਾਤ ਗੈਬਰੀਏਲ) ਵੇਲੇ ਸਿੱਖ ਗੁਰਦੁਆਰਿਆਂ ਅਤੇ ਸੰਸਥਾਵਾਂ ਨੇ ਬਿਨਾਂ ਕਿਸੇ ਭੇਦਭਾਵ ਦੇ ਸਥਾਨਕ ਲੋਕਾਂ ਨੂੰ ਮੁਫ਼ਤ ਲੰਗਰ ਅਤੇ ਰਾਸ਼ਨ ਵੰਡਿਆ। ਇਸ ਨਿਰਸਵਾਰਥ ਸੇਵਾ ਨੇ ਨਿਊਜ਼ੀਲੈਂਡ ਦੇ ਆਮ ਲੋਕਾਂ ਅਤੇ ਸਰਕਾਰ ਦੇ ਮਨ ਵਿੱਚ ਸਿੱਖਾਂ ਲਈ ਬਹੁਤ ਵੱਡਾ ਸਤਿਕਾਰ ਪੈਦਾ ਕੀਤਾ ਹੈ।

ਸਿੱਖ ਭਾਈਚਾਰਾ ਨਿਊਜ਼ੀਲੈਂਡ ਦੀਆਂ ਦੋਵੇਂ ਪ੍ਰਮੁੱਖ ਪਾਰਟੀਆਂ (ਨੈਸ਼ਨਲ ਪਾਰਟੀ ਅਤੇ ਲੇਬਰ ਪਾਰਟੀ) ਵਿੱਚ ਬਹੁਤ ਸਰਗਰਮ ਹੈ। ਕੰਵਲਜੀਤ ਸਿੰਘ ਬਖਸ਼ੀ ਅਤੇ ਪਰਮਜੀਤ ਸਿੰਘ ਪਰਮਾਰ ਵਰਗੇ ਆਗੂਆਂ ਨੇ ਸੰਸਦ ਮੈਂਬਰ ਵਜੋਂ ਸੇਵਾ ਨਿਭਾਈ ਹੈ।ਸਥਾਨਕ ਕੌਂਸਲਾਂ ਅਤੇ ਕਮਿਊਨਿਟੀ ਬੋਰਡਾਂ ਵਿੱਚ ਸਿੱਖਾਂ ਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਨੇ ਉਨ੍ਹਾਂ ਨੂੰ ਨੀਤੀ-ਘੜਨੀ ਪ੍ਰਕਿਰਿਆ ਵਿੱਚ ਸਿੱਧਾ ਪ੍ਰਭਾਵ ਪਾਉਣ ਦੇ ਯੋਗ ਬਣਾਇਆ ਹੈ।

ਨਿਊਜ਼ੀਲੈਂਡ ਵਿੱਚ ਸਿੱਖ ਧਰਮ ਸਭ ਤੋਂ ਤੇਜ਼ੀ ਨਾਲ ਵਧਣ ਵਾਲੇ ਧਰਮਾਂ ਵਿੱਚੋਂ ਇੱਕ ਹੈ। ਆਕਲੈਂਡ, ਹੈਮਿਲਟਨ ਅਤੇ ਤੌਰੰਗਾ ਵਰਗੇ ਸ਼ਹਿਰਾਂ ਦੀਆਂ ਕਈ ਸੀਟਾਂ 'ਤੇ ਸਿੱਖ ਅਤੇ ਪੰਜਾਬੀ ਵੋਟਰ ਹਾਰ-ਜਿੱਤ ਦਾ ਫ਼ੈਸਲਾ ਕਰਨ ਦੀ ਤਾਕਤ ਰੱਖਦੇ ਹਨ। ਇਸ ਕਾਰਨ ਹਰ ਸਿਆਸੀ ਪਾਰਟੀ ਸਿੱਖਾਂ ਦੇ ਸਮਾਗਮਾਂ ਵਿੱਚ ਸ਼ਾਮਲ ਹੋਣਾ ਅਤੇ ਉਨ੍ਹਾਂ ਦੀਆਂ ਮੰਗਾਂ ਸੁਣਨਾ ਜ਼ਰੂਰੀ ਸਮਝਦੀ ਹੈ।

ਨਵੀਂ ਪੀੜ੍ਹੀ ਦੇ ਸਿੱਖ ਨਿਊਜ਼ੀਲੈਂਡ ਵਿੱਚ ਉੱਚ ਵਿੱਦਿਆ ਹਾਸਲ ਕਰਕੇ ਡਾਕਟਰ, ਇੰਜੀਨੀਅਰ, ਵਕੀਲ ਅਤੇ ਪ੍ਰਸ਼ਾਸਨਿਕ ਅਧਿਕਾਰੀ ਬਣ ਰਹੇ ਹਨ। ਇਹ ਬੌਧਿਕ ਪ੍ਰਭਾਵ ਸਰਕਾਰੀ ਅਦਾਰਿਆਂ ਵਿੱਚ ਸਿੱਖਾਂ ਦੀ ਭਰੋਸੇਯੋਗਤਾ ਨੂੰ ਹੋਰ ਵਧਾਉਂਦਾ ਹੈ।

ਨਿਊਜ਼ੀਲੈਂਡ ਸਰਕਾਰ ਵੱਲੋਂ ਸਿੱਖਾਂ ਨੂੰ ਮਿਲਣ ਵਾਲਾ ਮਾਣ ਉਨ੍ਹਾਂ ਦੀ 'ਵਿਸ਼ਵਵਿਆਪੀ ਸਾਂਝੀਵਾਲਤਾ' ਅਤੇ 'ਕਿਰਤ ਕਰੋ, ਵੰਡ ਛਕੋ' ਦੇ ਸਿਧਾਂਤਾਂ 'ਤੇ ਚੱਲਣ ਦਾ ਨਤੀਜਾ ਹੈ। ਪੀ.ਐਮ. ਕ੍ਰਿਸਟੋਫਰ ਲਕਸਨ ਦਾ ਜਥੇਦਾਰ ਸਾਹਿਬ ਨੂੰ ਮਿਲਣਾ ਇਸੇ ਪ੍ਰਭਾਵ ਦੀ ਇੱਕ ਕੜੀ ਹੈ। ਗੁਰੂ ਗ੍ਰੰਥ ਸਾਹਿਬ ਦਾ ਕੇਂਦਰੀ ਸਿਧਾਂਤ ਹੈ—'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ'। ਜਦੋਂ ਸਿੱਖ ਸਿਆਸਤਦਾਨ ਇਸ ਸਿਧਾਂਤ 'ਤੇ ਅਮਲ ਕਰਦਾ ਹੈ, ਤਾਂ ਉਹ ਸਿਰਫ਼ ਆਪਣੇ ਭਾਈਚਾਰੇ ਲਈ ਨਹੀਂ, ਸਗੋਂ ਹਰ ਮਜ਼ਲੂਮ ਅਤੇ ਲੋੜਵੰਦ ਲਈ ਲੜਦਾ ਹੈ। ਦੁਨੀਆ ਦੇ ਦੇਸ਼ਾਂ (ਜਿਵੇਂ ਕੈਨੇਡਾ ਜਾਂ ਨਿਊਜ਼ੀਲੈਂਡ) ਵਿੱਚ ਸਿੱਖਾਂ ਦੀ ਸਿਆਸੀ ਸਫ਼ਲਤਾ ਦਾ ਰਾਜ਼ ਇਹੀ ਹੈ ਕਿ ਉਹ ਸਾਰਿਆਂ ਦੀ ਭਲਾਈ ਦੀ ਗੱਲ ਕਰਦੇ ਹਨ, ਜਿਸ ਨਾਲ ਦੂਜੇ ਭਾਈਚਾਰਿਆਂ ਦਾ ਭਰੋਸਾ ਵੀ ਉਨ੍ਹਾਂ 'ਤੇ ਬਣਦਾ ਹੈ।

ਮਾਓਰੀ ਭਾਈਚਾਰੇ ਨੇ ਜਥੇਦਾਰ ਗੜਗੱਜ ਦਾ ਕੀਤਾ ਨਿੱਘਾ ਸਵਾਗਤ

ਸਿੱਖ ਵਿਰੋਧੀ ਪ੍ਰਦਰਸ਼ਨਾਂ ਤੋਂ ਬਣਾਈ ਦੂਰੀ

ਆਕਲੈਂਡ/ਅੰਮ੍ਰਿਤਸਰ : ਨਿਊਜ਼ੀਲੈਂਡ ਵਿੱਚ ਪਿਛਲੇ ਦਿਨੀਂ ਨਗਰ ਕੀਰਤਨਾਂ ਦੌਰਾਨ ਹੋਏ ਵਿਵਾਦ ਤੋਂ ਬਾਅਦ ਹੁਣ ਸਿੱਖ ਅਤੇ ਮਾਓਰੀ (ਨਿਊਜ਼ੀਲੈਂਡ ਦੇ ਮੂਲ ਨਿਵਾਸੀ) ਭਾਈਚਾਰੇ ਦਰਮਿਆਨ ਸਾਂਝ ਹੋਰ ਗੂੜ੍ਹੀ ਹੁੰਦੀ ਨਜ਼ਰ ਆ ਰਹੀ ਹੈ। ਮਾਓਰੀ ਆਗੂਆਂ ਨੇ ਪਾਪਾਕੁਰਾ ਮਾਰਾਏ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਸ਼ਾਨਦਾਰ ਸਵਾਗਤ ਕੀਤਾ ਅਤੇ ਸਿੱਖ ਭਾਈਚਾਰੇ ਨਾਲ ਆਪਣੀ ਇਕਜੁੱਟਤਾ ਪ੍ਰਗਟਾਈ। ਮਾਓਰੀ ਪਰੰਪਰਾ ਅਨੁਸਾਰ ਆਪਣੇ ਪਵਿੱਤਰ ਅਸਥਾਨਾਂ (ਮਾਰਾਏ) ਅੰਦਰ ਹਥਿਆਰ ਲੈ ਕੇ ਜਾਣ ਦੀ ਮਨਾਹੀ ਹੈ, ਪਰ ਸਿੱਖ ਧਰਮ ਪ੍ਰਤੀ ਸਤਿਕਾਰ ਵਜੋਂ ਉਨ੍ਹਾਂ ਨੇ ਜਥੇਦਾਰ ਸਾਹਿਬ ਨੂੰ ਸ੍ਰੀ ਸਾਹਿਬ (ਕਿਰਪਾਨ) ਸਮੇਤ ਅੰਦਰ ਆਉਣ ਦੀ ਵਿਸ਼ੇਸ਼ ਇਜਾਜ਼ਤ ਦਿੱਤੀ। ਮਾਓਰੀ ਆਗੂਆਂ ਨੇ ਸਪੱਸ਼ਟ ਕੀਤਾ ਕਿ ਪਿਛਲੇ ਮਹੀਨਿਆਂ ਵਿੱਚ ਜਿਨ੍ਹਾਂ ਲੋਕਾਂ ਨੇ 'ਹਾਕਾ' (ਮਾਓਰੀ ਜੰਗੀ ਨਾਚ) ਦੀ ਦੁਰਵਰਤੋਂ ਕਰਕੇ ਨਗਰ ਕੀਰਤਨਾਂ ਦਾ ਵਿਰੋਧ ਕੀਤਾ ਸੀ, ਉਨ੍ਹਾਂ ਦਾ ਮਾਓਰੀ ਭਾਈਚਾਰੇ ਨਾਲ ਕੋਈ ਸਬੰਧ ਨਹੀਂ ਹੈ। ਉਨ੍ਹਾਂ ਕਿਹਾ ਕਿ ਸੱਜੇ-ਪੱਖੀ ਸੰਗਠਨਾਂ ਨੇ ਉਨ੍ਹਾਂ ਦੀ ਪਰੰਪਰਾ ਦਾ ਗਲਤ ਇਸਤੇਮਾਲ ਕੀਤਾ ਸੀ। ਮਾਓਰੀ ਪ੍ਰਤੀਨਿਧੀਆਂ ਨੇ ਸਿੱਖ ਸਿਧਾਂਤਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਉਹ ਸਿੱਖਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ।

ਜ਼ਿਕਰਯੋਗ ਹੈ ਕਿ ਦਸੰਬਰ 2025 ਅਤੇ ਜਨਵਰੀ 2026 ਵਿੱਚ ਬ੍ਰਾਇਨ ਤਾਮਾਕੀ ਦੀ 'ਡੈਸਟਿਨੀ ਚਰਚ' ਨਾਲ ਜੁੜੇ ਕੁਝ ਲੋਕਾਂ ਨੇ ਨਗਰ ਕੀਰਤਨ ਰੋਕ ਕੇ 'ਇਹ ਨਿਊਜ਼ੀਲੈਂਡ ਹੈ, ਭਾਰਤ ਨਹੀਂ' ਦੇ ਨਾਅਰੇ ਲਗਾਏ ਸਨ। ਇਸ ਤਾਜ਼ਾ ਮਿਲਣੀ ਨੇ ਉਨ੍ਹਾਂ ਕੱਟੜਪੰਥੀ ਤੱਤਾਂ ਨੂੰ ਕਰਾਰਾ ਜਵਾਬ ਦਿੱਤਾ ਹੈ ਜੋ ਦੋਵਾਂ ਭਾਈਚਾਰਿਆਂ ਵਿੱਚ ਫੁੱਟ ਪਾਉਣ ਦੀ ਕੋਸ਼ਿਸ਼ ਕਰ ਰਹੇ ਸਨ।

ਇਸ ਦੌਰੇ ਦੌਰਾਨ ਜਥੇਦਾਰ ਸਾਹਿਬ ਨੇ 'ਸੁਪਰੀਮ ਸਿੱਖ ਸੁਸਾਇਟੀ ਆਫ ਨਿਊਜ਼ੀਲੈਂਡ' ਵੱਲੋਂ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ, ਟਾਕਾਨਿਨੀ ਵਿਖੇ ਆਯੋਜਿਤ ਇੱਕ ਪ੍ਰੋਗਰਾਮ ਵਿੱਚ ਵੀ ਸ਼ਿਰਕਤ ਕੀਤੀ। ਇੱਥੇ ਸਿੱਖ ਰਵਾਇਤਾਂ ਅਨੁਸਾਰ 1,000 ਤੋਂ ਵੱਧ ਰਾਸ਼ਨ ਕਿੱਟਾਂ ਵੰਡੀਆਂ ਗਈਆਂ, ਜੋ ਲੋੜਵੰਦਾਂ ਪ੍ਰਤੀ ਸਿੱਖਾਂ ਦੀ ਨਿਰਸਵਾਰਥ ਸੇਵਾ ਨੂੰ ਦਰਸਾਉਂਦੀਆਂ ਹਨ।

ਭਾਰਤੀ ਭਾਈਚਾਰਾ ਸਾਡੇ ਸਮਾਜ ਦਾ ਅਹਿਮ ਹਿੱਸਾ: ਨਿਊਜ਼ੀਲੈਂਡ ਸਰਕਾਰ

ਨਿਊਜ਼ੀਲੈਂਡ ਦੇ ਵਿਦੇਸ਼ ਅਤੇ ਵਪਾਰ ਮੰਤਰਾਲੇ ਦੇ ਬੁਲਾਰੇ ਨੇ ਪੁਸ਼ਟੀ ਕੀਤੀ ਹੈ ਕਿ ਭਾਰਤ ਸਰਕਾਰ ਨੇ ਆਪਣੀਆਂ ਚਿੰਤਾਵਾਂ ਦਰਜ ਕਰਵਾਈਆਂ ਹਨ। ਉਨ੍ਹਾਂ ਕਿਹਾ ਕਿ 'ਨਿਊਜ਼ੀਲੈਂਡ ਵਿੱਚ ਭਾਰਤੀ ਭਾਈਚਾਰਾ ਸਾਡੇ ਸਮਾਜ ਦਾ ਅਹਿਮ ਹਿੱਸਾ ਹੈ। ਅਸੀਂ ਹਰ ਕਿਸੇ ਨੂੰ ਆਪਣੇ ਧਰਮ ਦੀ ਪਾਲਣਾ ਕਰਨ ਦੇ ਅਧਿਕਾਰ ਦਾ ਸਮਰਥਨ ਕਰਦੇ ਹਾਂ। ਹਾਲਾਂਕਿ, ਨਿਊਜ਼ੀਲੈਂਡ ਵਿੱਚ ਪ੍ਰਗਟਾਵੇ ਦੀ ਆਜ਼ਾਦੀ ਅਤੇ ਸ਼ਾਂਤੀਪੂਰਨ ਵਿਰੋਧ ਦਾ ਵੀ ਹੱਕ ਹੈ।'

ਕਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਨਿਊਜ਼ੀਲੈਂਡ ਦੇ Bill of Rights Act 1990 ਦੇ ਤਹਿਤ ਹਰ ਇਨਸਾਨ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਅਤੇ ਸ਼ਾਂਤਮਈ ਢੰਗ ਨਾਲ ਇਕੱਠੇ ਹੋਣ ਦਾ ਹੱਕ ਹੈ। ਜਿਵੇਂ ਸਿੱਖਾਂ ਨੂੰ ਆਪਣਾ ਨਗਰ ਕੀਰਤਨ ਕੱਢਣ ਦਾ ਸੰਵਿਧਾਨਕ ਹੱਕ ਹੈ, ਉਵੇਂ ਹੀ ਵਿਰੋਧ ਕਰਨ ਵਾਲਿਆਂ ਕੋਲ ਵੀ ਆਪਣਾ ਪੱਖ ਰੱਖਣ ਦੀ ਕਾਨੂੰਨੀ ਇਜਾਜ਼ਤ ਹੁੰਦੀ ਹੈ, ਜਦੋਂ ਤੱਕ ਉਹ ਹਿੰਸਾ ਨਹੀਂ ਕਰਦੇ। ਜੇਕਰ ਵਿਰੋਧ ਪ੍ਰਦਰਸ਼ਨ ਦੌਰਾਨ ਕੋਈ ਵਿਅਕਤੀ ਜਾਂ ਗਰੁੱਪ ਅਜਿਹੀ ਭਾਸ਼ਾ ਵਰਤਦਾ ਹੈ ਜੋ ਕਿਸੇ ਧਰਮ ਜਾਂ ਜਾਤ ਵਿਰੁੱਧ ਨਫ਼ਰਤ ਫੈਲਾਉਂਦੀ ਹੋਵੇ, ਤਾਂ Human Rights Act 1993 ਦੇ ਤਹਿਤ ਕਾਰਵਾਈ ਹੋ ਸਕਦੀ ਹੈ। ਪਰ ਨਿਊਜ਼ੀਲੈਂਡ ਦੇ ਕਾਨੂੰਨ ਵਿੱਚ 'ਨਫ਼ਰਤੀ ਭਾਸ਼ਣ' ਦੀ ਪਰਿਭਾਸ਼ਾ ਬਹੁਤ ਸਖ਼ਤ ਹੈ। ਸਿਰਫ਼ ਵਿਰੋਧ ਕਰਨਾ ਕਾਨੂੰਨੀ ਅਪਰਾਧ ਨਹੀਂ ਮੰਨਿਆ ਜਾਂਦਾ, ਜਦੋਂ ਤੱਕ ਉਹ ਸਿੱਧੇ ਤੌਰ 'ਤੇ ਹਿੰਸਾ ਲਈ ਨਾ ਉਕਸਾਉਣ।

ਨਿਊਜ਼ੀਲੈਂਡ ਵਿੱਚ ਪੁਲਿਸ ਸਿਆਸੀ ਤੌਰ 'ਤੇ ਸੁਤੰਤਰ ਹੁੰਦੀ ਹੈ। ਪੁਲਿਸ ਦਾ ਕੰਮ ਇਹ ਯਕੀਨੀ ਬਣਾਉਣਾ ਹੁੰਦਾ ਹੈ ਕਿ ?ਨਗਰ ਕੀਰਤਨ ਸ਼ਾਂਤੀ ਨਾਲ ਸੰਪੰਨ ਹੋਵੇ। ?ਦੋਵੇਂ ਧਿਰਾਂ (ਵਿਰੋਧ ਕਰਨ ਵਾਲੇ ਅਤੇ ਨਗਰ ਕੀਰਤਨ ਵਾਲੇ) ਆਪਸ ਵਿੱਚ ਨਾ ਭਿੜਨ। ਜੇਕਰ ਕੋਈ ਕਾਨੂੰਨ ਤੋੜਦਾ ਹੈ ਜਾਂ ਰਸਤਾ ਰੋਕਦਾ ਹੈ, **(ਬਾਕੀ ਸਫ਼ਾ 26 'ਤੇ)**

ਇਰਾਨ-ਅਮਰੀਕਾ ਜੰਗ: ਕੀ ਟਰੰਪ ਸਰਕਾਰ ਖ਼ਤਰੇ ਵਿੱਚ ਹੈ ?

ਰੱਖਿਆ ਮੰਤਰੀ ਵਿਰੁੱਧ ਮਹਾਂਦੋਸ਼ ਦੀ ਤਿਆਰੀ

ਕੀ ਅਸਤੀਫਾ ਦੇਣਗੇ ਰੱਖਿਆ ਮੰਤਰੀ ਹੇਗਸੇਥ ?

ਅਮਰੀਕਾ ਅਤੇ ਇਰਾਨ ਵਿਚਾਲੇ ਵਧਦੇ ਤਣਾਅ ਦੇ ਵਿਚਕਾਰ ਅਮਰੀਕੀ ਸਿਆਸਤ ਵਿੱਚ ਵੱਡਾ ਭੂਚਾਲ ਆ ਗਿਆ ਹੈ। ਰੱਖਿਆ ਮੰਤਰੀ ਪੀਟਰ ਹੇਗਸੇਥ ਵਿਰੁੱਧ 'ਹਾਊਸ ਆਫ ਰਿਪ੍ਰਜ਼ੈਂਟੇਟਿਵ' ਵਿੱਚ ਮਹਾਂਦੋਸ਼ ਪ੍ਰਸਤਾਵ ਲਿਆਉਣ ਦੀ ਤਿਆਰੀ ਪੂਰੀ ਹੋ ਚੁੱਕੀ ਹੈ। ਵਿਰੋਧੀ ਡੈਮੋਕ੍ਰੇਟਸ ਨੇ ਉਨ੍ਹਾਂ 'ਤੇ ਅਹੁਦੇ ਦੀ ਦੁਰਵਰਤੋਂ ਅਤੇ ਬਿਨਾਂ ਇਜਾਜ਼ਤ ਜੰਗ ਸ਼ੁਰੂ ਕਰਨ ਵਰਗੇ 5 ਗੰਭੀਰ ਦੋਸ਼ ਲਗਾਏ ਹਨ। ਡੈਮੋਕ੍ਰੇਟ ਸੰਸਦ ਮੈਂਬਰ ਯਾਸਮੀਨ ਅੰਸਾਰੀ ਵੱਲੋਂ ਪੇਸ਼ ਕੀਤੇ ਗਏ 7 ਪੰਨਿਆਂ ਦੇ ਪ੍ਰਸਤਾਵ ਵਿੱਚ ਹੇਠ ਲਿਖੇ ਗੰਭੀਰ ਦੋਸ਼ ਲਗਾਏ ਗਏ ਹਨ:

* ਸੰਸਦ (ਕਾਂਗਰਸ) ਦੀ ਇਜਾਜ਼ਤ ਤੋਂ ਬਿਨਾਂ ਇਰਾਨ ਵਿਰੁੱਧ ਜੰਗ ਛੇੜਨਾ।
*ਇਰਾਨ ਵਿੱਚ ਆਮ ਨਾਗਰਿਕਾਂ ਦੇ ਟਿਕਾਣਿਆਂ 'ਤੇ ਹਮਲਾ ਕਰਨ ਦਾ ਹੁਕਮ ਦੇਣਾ।
* ਖੁਫ਼ੀਆ ਜਾਣਕਾਰੀਆਂ ਲੀਕ ਕਰਨ (ਸਿਗਨਲ ਗੇਟ) ਦਾ ਦੋਸ਼।
* ਅਮਰੀਕੀ ਫ਼ੌਜ ਦੇ ਅੰਦਰੋਂ 'ਵਿਭਿੰਨਤਾ' ਨੂੰ ਖਤਮ ਕਰਨ ਦੀ ਕੋਸ਼ਿਸ਼।

ਕੀ ਹੇਗਸੇਥ ਦੀ ਕੁਰਸੀ ਜਾਵੇਗੀ ?

ਅਮਰੀਕਾ ਵਿੱਚ ਰੱਖਿਆ ਮੰਤਰੀ ਨੂੰ ਹਟਾਉਣ ਦੀ ਪ੍ਰਕਿਰਿਆ ਬਹੁਤ ਗੁੰਝਲਦਾਰ ਹੈ। ਇਸ ਲਈ ਸੈਨੇਟ ਅਤੇ ਹਾਊਸ ਆਫ ਰਿਪ੍ਰਜ਼ੈਂਟੇਟਿਵ ਦੋਵਾਂ ਵਿੱਚ ਦੋ-ਤਿਹਾਈ (2/3) ਬਹੁਮਤ ਦੀ ਲੋੜ ਹੁੰਦੀ ਹੈ। ਮੌਜੂਦਾ ਅੰਕੜਿਆਂ ਅਨੁਸਾਰ ਵਿਰੋਧੀ ਧਿਰ ਕੋਲ ਇੰਨੀ ਗਿਣਤੀ ਨਹੀਂ ਹੈ। ਜੇਕਰ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਲੱਗਦਾ ਹੈ ਕਿ ਹੇਗਸੇਥ ਕਾਰਨ ਸਰਕਾਰ ਦਾ ਅਕਸ ਖਰਾਬ ਹੋ ਰਿਹਾ ਹੈ, ਤਾਂ ਉਹ ਖੁਦ ਉਨ੍ਹਾਂ ਤੋਂ ਅਸਤੀਫਾ ਮੰਗ ਸਕਦੇ ਹਨ।

ਜੰਗ ਅਤੇ ਫ਼ੌਜ 'ਤੇ ਅਸਰ

ਮਾਹਿਰਾਂ ਦਾ ਮੰਨਣਾ ਹੈ ਕਿ ਜੰਗ ਦੇ ਸਮੇਂ ਰੱਖਿਆ ਮੰਤਰੀ ਵਿਰੁੱਧ ਅਜਿਹੀ ਕਾਰਵਾਈ ਨਾਲ ਫ਼ੌਜ ਦੇ ਮਨੋਬਲ 'ਤੇ ਬੁਰਾ ਅਸਰ ਪੈ ਸਕਦਾ ਹੈ। ਜੇਕਰ ਪੈਂਟਾਗਨ ਅਤੇ ਵ੍ਹਾਈਟ ਹਾਊਸ ਵਿਚਾਲੇ ਤਾਲਮੇਲ ਵਿਗੜਦਾ ਹੈ, ਤਾਂ ਇਸ ਦਾ ਸਿੱਧਾ ਫਾਇਦਾ ਇਰਾਨ ਨੂੰ ਹੋ ਸਕਦਾ ਹੈ।

ਹਾਲਾਂਕਿ ਹੇਗਸੇਥ ਨੂੰ ਹਟਾਉਣ ਲਈ ਲੋੜੀਂਦਾ ਜਾਦੂਈ ਅੰਕੜਾ ਵਿਰੋਧੀ ਧਿਰ ਕੋਲ ਨਹੀਂ ਹੈ, ਪਰ ਜੇਕਰ ਟਰੰਪ ਦੀ ਆਪਣੀ ਪਾਰਟੀ (ਰਿਪਬਲਿਕਨ) ਦੇ ਕੁਝ ਮੈਂਬਰ ਵੀ ਖ਼ਿਲਾਫ਼ ਹੋ ਗਏ, ਤਾਂ ਹੇਗਸੇਥ ਦੀ ਕੁਰਸੀ ਖਤਰੇ ਵਿੱਚ ਪੈ ਸਕਦੀ ਹੈ।

ਕੀ ਅਮਰੀਕੀ ਜਨਤਾ ਟਰੰਪ ਵਿਰੁੱਧ ਹੈ?

ਅਮਰੀਕੀ ਜਨਤਾ ਦੇ ਰੁਝਾਨ ਨੂੰ ਸਮਝਣ ਲਈ ਸਾਨੂੰ ਇਸ ਮੌਜੂਦਾ ਸਥਿਤੀ (ਅਪ੍ਰੈਲ 2026) ਦੇ ਵੱਖ-ਵੱਖ ਪਹਿਲੂਆਂ ਨੂੰ ਦੇਖਣਾ ਪਵੇਗਾ। ਇਹ ਕਹਿਣਾ ਕਿ ਪੂਰੀ ਜਨਤਾ ਟਰੰਪ ਦੇ ਵਿਰੁੱਧ ਹੈ, ਗਲਤ ਹੋਵੇਗਾ, ਕਿਉਂਕਿ ਅਮਰੀਕੀ ਸਮਾਜ ਇਸ ਸਮੇਂ ਬਹੁਤ ਜ਼ਿਆਦਾ ਵੰਡਿਆ ਹੋਇਆ ਹੈ।

ਜਦੋਂ ਵੀ ਅਮਰੀਕਾ ਕਿਸੇ ਜੰਗ ਵਿੱਚ ਸ਼ਾਮਲ ਹੁੰਦਾ ਹੈ, ਤਾਂ ਜਨਤਾ ਦੀ ਰਾਏ ਬਦਲ ਜਾਂਦੀ ਹੈ। ਸ਼ੁਰੂਆਤ ਵਿੱਚ ਅਕਸਰ ਦੇਸ਼ ਭਗਤੀ ਦੀ ਲਹਿਰ ਹੁੰਦੀ ਹੈ, ਪਰ ਜੇਕਰ ਜੰਗ ਲੰਬੀ ਖਿੱਚੀ ਜਾਵੇ ਜਾਂ ਅਮਰੀਕੀ ਸੈਨਿਕਾਂ ਦੀਆਂ ਜਾਨਾਂ ਜਾਣ ਲੱਗਣ, ਤਾਂ ਜਨਤਾ ਰਾਸ਼ਟਰਪਤੀ ਦੇ ਵਿਰੁੱਧ ਹੋਣ ਲੱਗਦੀ ਹੈ। ਹੇਗਸੇਥ ਵਿਰੁੱਧ ਮਹਾਂਦੋਸ਼ ਪ੍ਰਸਤਾਵ ਇਸ ਗੱਲ ਦਾ ਸੰਕੇਤ ਹੈ ਕਿ ਵਿਰੋਧੀ ਧਿਰ ਜਨਤਾ ਦੇ ਇੱਕ ਹਿੱਸੇ ਵਿੱਚ ਫੈਲੀ ਬੇਚੈਨੀ ਨੂੰ ਵਰਤ ਰਹੀ ਹੈ।ਟਰੰਪ ਦਾ ਇੱਕ ਬਹੁਤ ਵੱਡਾ ਅਤੇ ਵਫ਼ਾਦਾਰ ਵੋਟ ਬੈਂਕ ਹੈ ਜੋ ਮੰਨਦਾ ਹੈ ਕਿ ਉਹ 'ਅਮਰੀਕਾ ਫਸਟ' ਦੀ ਨੀਤੀ ਤਹਿਤ ਦੇਸ਼ ਦੀ ਸੁਰੱਖਿਆ ਕਰ ਰਹੇ ਹਨ। ਉਹ ਇਸ ਮਹਾਂਦੋਸ਼ ਨੂੰ ਸਿਆਸੀ ਸਾਜ਼ਿਸ਼ ਮੰਨਦੇ ਹਨ।

ਟਰੰਪ ਦੇ ਵਿਰੋਧੀ ਲੋਕ ਟਰੰਪ ਦੀਆਂ ਨੀਤੀਆਂ, ਖਾਸ ਕਰਕੇ ਜੰਗ ਦੇ ਫੈਸਲਿਆਂ ਅਤੇ ਪ੍ਰਸ਼ਾਸਨਿਕ ਕੰਮਕਾਜ ਨੂੰ ਲੋਕਤੰਤਰ ਲਈ ਖਤਰਾ ਮੰਨਦੇ ਹਨ।

ਅਮਰੀਕਨ ਜਨਤਾ ਲਈ ਸਭ ਤੋਂ ਵੱਡਾ ਮੁੱਦਾ ਹਮੇਸ਼ਾ ਆਰਥਿਕਤਾ ਹੁੰਦਾ ਹੈ। ਜੇਕਰ ਇਰਾਨ ਜੰਗ ਕਾਰਨ ਤੇਲ ਦੀਆਂ ਕੀਮਤਾਂ ਵਧਦੀਆਂ ਹਨ ਅਤੇ ਅਮਰੀਕਾ ਵਿੱਚ ਮਹਿੰਗਾਈ ਵਧਦੀ ਹੈ, ਤਾਂ ਮੱਧ ਵਰਗ ਦੀ ਨਾਰਾਜ਼ਗੀ ਟਰੰਪ ਲਈ ਵੱਡੀ ਮੁਸੀਬਤ ਬਣ ਸਕਦੀ ਹੈ।

ਰੱਖਿਆ ਮੰਤਰੀ 'ਤੇ ਲੱਗੇ ਦੋਸ਼, ਜਿਵੇਂ ਕਿ ਫ਼ੌਜ ਵਿੱਚ 'ਵਿਭਿੰਨਤਾ' ਨੂੰ ਖਤਮ ਕਰਨਾ, ਨੌਜਵਾਨ ਪੀੜ੍ਹੀ ਅਤੇ ਉਦਾਰਵਾਦੀ ਅਮਰੀਕੀਆਂ ਨੂੰ ਟਰੰਪ ਪ੍ਰਸ਼ਾਸਨ ਦੇ ਵਿਰੁੱਧ ਕਰ ਸਕਦੇ ਹਨ।

ਵਰਤਮਾਨ ਵਿੱਚ, ਅਮਰੀਕੀ ਜਨਤਾ ਦੋ ਬਰਾਬਰ ਹਿੱਸਿਆਂ ਵਿੱਚ ਵੰਡੀ ਜਾਪਦੀ ਹੈ। ਟਰੰਪ ਪੂਰੀ ਤਰ੍ਹਾਂ ਅਲੱਗ-ਥਲੱਗ ਨਹੀਂ ਹਨ, ਪਰ ਹੇਗਸੇਥ ਵਿਰੁੱਧ ਚੱਲ ਰਹੀ ਕਾਰਵਾਈ ਅਤੇ ਜੰਗ ਦੇ ਹਾਲਾਤ ਨੇ ਉਨ੍ਹਾਂ ਦੀ ਸਰਕਾਰ 'ਤੇ ਦਬਾਅ ਬਹੁਤ ਵਧਾ ਦਿੱਤਾ ਹੈ। ਅਗਲੇ ਕੁਝ ਹਫ਼ਤਿਆਂ ਦੀਆਂ ਘਟਨਾਵਾਂ ਅਤੇ ਆਰਥਿਕ ਸਥਿਤੀ ਇਹ ਤੈਅ ਕਰੇਗੀ ਕਿ ਜਨਮਤ ਕਿਸ ਪਾਸੇ ਜਾਂਦਾ ਹੈ।

ਕੀ ਟਰੰਪ ਦੀ ਸਰਕਾਰ ਨੂੰ ਖਤਰਾ ਹੈ?

ਅਪ੍ਰੈਲ 2026 ਦੀਆਂ ਮੌਜੂਦਾ ਸਿਆਸੀ ਘਟਨਾਵਾਂ ਨੂੰ ਦੇਖਦੇ ਹੋਏ, ਇਹ ਕਿਹਾ ਜਾ ਸਕਦਾ ਹੈ ਕਿ ਡੋਨਾਲਡ ਟਰੰਪ ਦੀ ਸਰਕਾਰ ਕਾਫੀ ਦਬਾਅ ਹੇਠ ਹੈ, ਪਰ ਇਸ ਨੂੰ ਪੂਰੀ ਤਰ੍ਹਾਂ 'ਖ਼ਤਮ' ਹੋਣ ਦਾ ਖ਼ਤਰਾ ਕਹਿਣਾ ਅਜੇ ਜਲਦਬਾਜ਼ੀ ਹੋਵੇਗੀ।

ਰੱਖਿਆ ਮੰਤਰੀ ਪੀਟਰ ਹੇਗਸੇਥ ਵਿਰੁੱਧ ਲਿਆਂਦਾ ਗਿਆ ਮਹਾਂਦੋਸ਼ ਪ੍ਰਸਤਾਵ ਸਿੱਧੇ ਤੌਰ 'ਤੇ ਸਰਕਾਰ ਦੀ ਨੀਤੀ 'ਤੇ ਸਵਾਲ ਖੜ੍ਹੇ ਕਰਦਾ ਹੈ।

(ਬਾਕੀ ਸ.ਫ਼ਾ 26 'ਤੇ)

ਕੀ ਟਰੰਪ ਇਰਾਨ ਨੂੰ ਝੁਕਾ ਸਕਣਗੇ?

ਜੇਕਰ ਅਸੀਂ ਮੌਜੂਦਾ ਸਥਿਤੀ ਦਾ ਵਿਸ਼ਲੇਸ਼ਣ ਕਰੀਏ, ਤਾਂ ਟਰੰਪ ਦੇ ਇਰਾਨ ਨੂੰ 'ਭੁਗਤਾਉਣ' (ਕਾਬੂ ਕਰਨ) ਦੇ ਦਾਅਵੇ ਅਤੇ ਅਸਲੀਅਤ ਵਿੱਚ ਕੁਝ ਮੁੱਖ ਗੱਲਾਂ ਸਾਹਮਣੇ ਆਉਂਦੀਆਂ ਹਨ।

*ਹਾਲ ਹੀ ਵਿੱਚ (15 ਅਪ੍ਰੈਲ 2026) ਟਰੰਪ ਨੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਇਰਾਨ ਨਾਲ ਜੰਗ 'ਖ਼ਤਮ ਹੋਣ ਦੇ ਬਹੁਤ ਕਰੀਬ' ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਅਮਰੀਕਾ ਅਤੇ ਇਜ਼ਰਾਇਲ ਦੇ ਸਾਂਝੇ ਹਮਲਿਆਂ ਨੇ ਇਰਾਨ ਦੀ ਫ਼ੌਜੀ ਤਾਕਤ ਅਤੇ ਪਰਮਾਣੂ ਸਮਰੱਥਾ ਨੂੰ ਇੰਨਾ ਜ਼ਿਆਦਾ ਨੁਕਸਾਨ ਪਹੁੰਚਾਇਆ ਹੈ ਕਿ ਹੁਣ ਇਰਾਨ ਸਮਝੌਤਾ ਕਰਨ ਲਈ ਮਜਬੂਰ ਹੋ ਜਾਵੇਗਾ।

* ਅਮਰੀਕਾ ਨੇ ਇਰਾਨ ਦੇ ਕਈ ਅਹਿਮ ਟਿਕਾਣਿਆਂ ਅਤੇ ਵੱਡੇ ਲੀਡਰਾਂ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਨੂੰ ਕਾਫੀ ਪਿੱਛੇ ਧੱਕ ਦਿੱਤਾ ਹੈ। ਇਸ ਪੱਖੋਂ ਟਰੰਪ ਸਰਕਾਰ ਆਪਣੀ ਜਿੱਤ ਦਾ ਦਾਅਵਾ ਕਰ ਰਹੀ ਹੈ।ਪਰ ਇਰਾਨ ਨੇ ਅਜੇ ਤੱਕ ਪੂਰੀ ਤਰ੍ਹਾਂ ਹਾਰ ਨਹੀਂ ਮੰਨੀ। ਉਨ੍ਹਾਂ ਨੇ ਹੋਰਮੁਜ਼ ਦੀ ਜਲਡਮਰੂ ਨੂੰ ਬੰਦ ਕਰਕੇ ਦੁਨੀਆ ਭਰ ਦੀ ਤੇਲ ਸਪਲਾਈ ਰੋਕ ਦਿੱਤੀ ਹੈ, ਜਿਸ ਨਾਲ ਅਮਰੀਕਾ ਸਮੇਤ ਪੂਰੀ ਦੁਨੀਆ ਦੀ ਆਰਥਿਕਤਾ 'ਤੇ ਬੁਰਾ ਅਸਰ ਪੈ ਰਿਹਾ ਹੈ।

* ਜੇਕਰ ਇਰਾਨ ਦੀ ਨਵੀਂ ਲੀਡਰਸ਼ਿਪ ਆਰਥਿਕ ਦਬਾਅ ਅੱਗੇ ਝੁਕ ਜਾਂਦੀ ਹੈ ਅਤੇ ਕੋਈ ਨਵਾਂ ਪ੍ਰਮਾਣੂ ਸਮਝੌਤਾ ਕਰ ਲੈਂਦੀ ਹੈ।ਜੇਕਰ ਟਰੰਪ ਜਲਦੀ ਜੰਗ ਰੋਕ ਕੇ ਤੇਲ ਦੀਆਂ ਕੀਮਤਾਂ ਘਟਾ ਲੈਂਦੇ ਹਨ, ਤਾਂ ਉਹ ਜਨਤਾ ਨੂੰ ਇਹ ਯਕੀਨ ਦਿਵਾ ਸਕਣਗੇ ਕਿ ਉਨ੍ਹਾਂ ਨੇ ਇਰਾਨ ਨੂੰ 'ਭੁਗਤਾ' ਦਿੱਤਾ ਹੈ। ਜੇਕਰ ਇਰਾਨ ਜੰਗ ਨੂੰ ਲੰਬਾ ਖਿੱਚਦਾ ਹੈ। ਜੇਕਰ ਅਮਰੀਕੀ ਸੈਨਿਕਾਂ ਦੀ ਮੌਤ ਦੀ ਗਿਣਤੀ ਵਧਦੀ ਹੈ ਅਤੇ ਤੇਲ ਦਾ ਸੰਕਟ ਖ਼ਤਮ ਨਹੀਂ ਹੁੰਦਾ, ਤਾਂ ਟਰੰਪ ਲਈ ਇਸ ਨੂੰ ਜਿੱਤ ਕਹਿਣਾ ਮੁਸ਼ਕਿਲ ਹੋਵੇਗਾ।

*ਰੱਖਿਆ ਮੰਤਰੀ ਹੇਗਸੇਥ ਵਿਰੁੱਧ ਮਹਾਂਦੋਸ਼ ਅਤੇ ਅਮਰੀਕੀ ਜਨਤਾ ਦਾ ਵਧਦਾ ਵਿਰੋਧ (ਜਿੱਥੇ ਸਿਰਫ 27% ਲੋਕ ਇਸ ਜੰਗ ਦਾ ਸਮਰਥਨ ਕਰ ਰਹੇ ਹਨ) ਟਰੰਪ ਲਈ ਵੱਡੀਆਂ ਰੁਕਾਵਟਾਂ ਹਨ।ਜੇਕਰ ਟਰੰਪ ਨੂੰ ਘਰ ਵਿੱਚ (ਅਮਰੀਕਾ ਵਿੱਚ) ਸਮਰਥਨ ਨਹੀਂ ਮਿਲਦਾ, ਤਾਂ ਬਾਹਰ ਜੰਗ ਜਿੱਤਣੀ ਹੋਰ ਵੀ ਔਖੀ ਹੋ ਜਾਵੇਗੀ।

(ਬਾਕੀ ਸ.ਫ਼ਾ 26 'ਤੇ)

ਵਰਲਡ ਸਿੱਖ ਆਰਗੇਨਾਜੇਸ਼ਨ ਦੀ ਪਹਿਲੀ 'ਐਂਟੀ-ਸਿੱਖ ਹੇਟ ਰਿਪੋਰਟ'

ਕੈਨੇਡਾ ਵਿੱਚ ਸਿੱਖਾਂ ਵਿਰੁੱਧ ਨ.ਫਰਤ ਦਾ ਹੜ੍ਹ

80 ਫ਼ੀਸਦੀ ਭਾਈਚਾਰਾ ਅਸੁਰੱਖਿਅਤ, ਸਰਕਾਰ ਦੀ ਚੁੱਪ 'ਤੇ ਸਵਾਲ !

ਨ.ਫਰਤ ਦੀ ਮਾਰ ਹੇਠ ਸਿੱਖ, ਪਰ 70 ਫ਼ੀਸਦੀ ਪੀੜਤ ਰਿਪੋਰਟ ਕਰਨ ਤੋਂ ਡਰਦੇ ਨੇ

ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਨੇ ਕੈਨੇਡਾ ਦੇ ਉਸ ਦਾਅਵੇ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ, ਜਿਸ ਵਿੱਚ ਉਹ ਆਪਣੇ-ਆਪ ਨੂੰ ਦੁਨੀਆ ਦਾ ਸਭ ਤੋਂ ਸੁਰੱਖਿਅਤ ਅਤੇ ਬਹੁ-ਸੱਭਿਆਚਾਰਕ ਦੇਸ਼ ਮੰਨਦਾ ਹੈ। ਇਹ ਰਿਪੋਰਟ ਮਹਿਜ਼ ਅੰਕੜਿਆਂ ਦਾ ਸੰਗ੍ਰਹਿ ਨਹੀਂ, ਸਗੋਂ ਕੈਨੇਡਾ ਵਿੱਚ ਵੱਸਦੇ ਲੱਖਾਂ ਸਿੱਖਾਂ ਦੇ ਉਸ ਦਰਦ ਅਤੇ ਅਸੁਰੱਖਿਆ ਦੀ ਦਾਸਤਾਨ ਹੈ, ਜਿਸ ਨੂੰ ਹੁਣ ਤੱਕ ਅਣਗੌਲਿਆ ਕੀਤਾ ਜਾਂਦਾ ਰਿਹਾ ਹੈ।

ਰਿਪੋਰਟ ਦਾ ਸਭ ਤੋਂ ਚਿੰਤਾਜਨਕ ਪਹਿਲੂ ਇਹ ਹੈ ਕਿ 10 ਵਿੱਚੋਂ 7 ਸਿੱਖ ਆਪਣੇ ਨਾਲ ਹੋਈ ਨ.ਫ਼ਰਤ ਭਰੀ ਘਟਨਾ ਦੀ ਸ਼ਿਕਾਇਤ ਪੁਲਿਸ ਕੋਲ ਨਹੀਂ ਕਰਦੇ। ਇਹ ਅੰਕੜਾ ਕੈਨੇਡਾ ਦੇ ਕਾਨੂੰਨੀ ਸਿਸਟਮ ਅਤੇ ਪੁਲਿਸ ਪ੍ਰਸ਼ਾਸਨ ਲਈ ਇੱਕ ਸ਼ੀਸ਼ਾ ਹੈ। ਜਦੋਂ ਕਿਸੇ ਭਾਈਚਾਰੇ ਦਾ ਸਿਸਟਮ ਤੋਂ ਭਰੋਸਾ ਉੱਠ ਜਾਂਦਾ ਹੈ, ਤਾਂ ਉਹ ਨ.ਫ਼ਰਤ ਨੂੰ ਆਪਣੀ 'ਕਿਸਮਤ' ਮੰਨ ਕੇ ਸਹਿਣ ਕਰਨ ਲੱਗ ਜਾਂਦਾ ਹੈ।ਪੀੜਤਾਂ ਵਿੱਚ ਇਹ ਡਰ ਕਿ ਰਿਪੋਰਟ ਕਰਨ ਨਾਲ ਉਹ ਹੋਰ ਮੁਸੀਬਤ ਵਿੱਚ ਫਸ ਜਾਣਗੇ ਜਾਂ ਪੁਲਿਸ ਕੋਈ ਕਾਰਵਾਈ ਨਹੀਂ ਕਰੇਗੀ, ਨਸਲਵਾਦੀ ਗੁੰਡੇ ਉਨ੍ਹਾਂ ਉਪਰ ਹਮਲਾਵਰ ਹੋਣਗੇ। ਇੱਕ ਤੰਦਰੁਸਤ ਲੋਕਤੰਤਰ ਲਈ ਸ਼ੁਭ ਸੰਕੇਤ ਨਹੀਂ ਹੈ। ਵਰਲਡ ਸਿੱਖ ਆਰਗੇਨਾਜੇਸ਼ਨ ਦੇ ਪ੍ਰਧਾਨ ਦੈਨਿਸ਼ ਸਿੰਘ ਨੇ ਦੱਸਿਆ ਕਿ ਰਿਪੋਰਟਿੰਗ ਦੀ ਕਮੀ ਦੇ ਮੁੱਖ ਕਾਰਨ ਸਿਸਟਮ 'ਤੇ ਭਰੋਸੇ ਦੀ ਘਾਟ ਅਤੇ ਗੁੰਝਲਦਾਰ ਕਾਨੂੰਨੀ ਪ੍ਰਕਿਰਿਆ ਹਨ। 11% ਲੋਕਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਸੰਸਥਾਗਤ ਸਹਿਯੋਗ ਨਹੀਂ ਮਿਲੇਗਾ। 8% ਲੋਕ ਲੰਬੀ ਕਾਰਵਾਈ ਤੋਂ ਡਰਦੇ ਹਨ। ਬਹੁਤ ਸਾਰੇ ਸਿੱਖ ਰੋਜ਼ਾਨਾ ਦੀਆਂ ਟਿੱਪਣੀਆਂ ਨੂੰ ਆਪਣੀ ਕਿਸਮਤ ਮੰਨ ਕੇ ਸਹਿ ਲੈਂਦੇ ਹਨ। ਦੈਨਿਸ਼ ਸਿੰਘ ਦਾ ਕਹਿਣਾ ਹੈ ਕਿ ਅਸੀਂ ਚਾਹੁੰਦੇ ਹਾਂ ਕਿ ਕੈਨੇਡੀਅਨ ਸਰਕਾਰ 'ਐਂਟੀ-ਸਿੱਖ ਹੇਟ' ਨੂੰ ਇੱਕ ਵੱਖਰੀ ਸ਼੍ਰੇਣੀ ਵਜੋਂ ਮਾਨਤਾ ਦੇਵੇ, ਜਿਵੇਂ

(ਬਾਕੀ ਸ.ਫ਼ਾ 26 'ਤੇ)

ਇਸ ਰਿਪੋਰਟ ਦੇ ਮੁੱਖ ਫਾਇਦੇ ਕੀ ਹੋਣਗੇ ?

ਇਹ ਰਿਪੋਰਟ ਆਉਣ ਵਾਲੇ ਸਮੇਂ ਵਿੱਚ ਸਿੱਖ ਭਾਈਚਾਰੇ ਲਈ ਇੱਕ 'ਢਾਲ' ਦਾ ਕੰਮ ਕਰੇਗੀ। ਹੁਣ ਤੱਕ ਸਿੱਖ ਕਹਿੰਦੇ ਸਨ ਕਿ ਸਾਡੇ ਨਾਲ ਵਿਤਕਰਾ ਹੁੰਦਾ ਹੈ, ਪਰ ਸਰਕਾਰ ਸਬੂਤ ਮੰਗਦੀ ਸੀ। ਹੁਣ ਵਰਲਡ ਸਿੱਖ ਆਰਗੇਨਾਈਜੇਸ਼ਨ ਕੋਲ 1,600+ ਸਬੂਤ ਹਨ। ਇਸ ਨਾਲ ਸਰਕਾਰ ਨੂੰ ਐਂਟੀ-ਸਿੱਖ ਹੇਟ ਨੂੰ ਇੱਕ ਵੱਖਰੀ ਅਤੇ ਗੰਭੀਰ ਸ਼੍ਰੇਣੀ ਵਜੋਂ ਮਾਨਤਾ ਦੇਣ ਲਈ ਮਜਬੂਰ ਕੀਤਾ ਜਾ ਸਕੇਗਾ।

ਰਿਪੋਰਟ ਵਿੱਚ ਸਾਹਮਣੇ ਆਇਆ ਕਿ ਲੋਕ ਪੁਲਿਸ ਕੋਲ ਨਹੀਂ ਜਾਂਦੇ। ਇਹ ਅੰਕੜਾ ਪੁਲਿਸ ਵਿਭਾਗਾਂ ਨੂੰ ਆਪਣੀ ਕਾਰਜ ਪ੍ਰਣਾਲੀ ਸੁਧਾਰਨ, ਸਿੱਖ ਕਮਿਊਨਿਟੀ ਲਾਇਜ਼ਨ ਅਫਸਰ ਨਿਯੁਕਤ ਕਰਨ ਅਤੇ ਰਿਪੋਰਟਿੰਗ ਸਿਸਟਮ ਨੂੰ ਸੌਖਾ ਬਣਾਉਣ ਲਈ ਮਜਬੂਰ ਕਰੇਗਾ।

ਭਾਰਤੀ ਫਿਰਕੂਆਂ ਦੇ ਪ੍ਰਚਾਰ ਕਾਰਨ ਸਿੱਖਾਂ ਵਿਰੁੱਧ ਜੋ ਨਕਾਰਾਤਮਕ ਬਿਰਤਾਂਤ ਬਣਾਇਆ ਗਿਆ ਹੈ, ਇਹ ਰਿਪੋਰਟ ਉਸ ਨੂੰ ਕੱਟਣ ਵਿੱਚ ਮਦਦ ਕਰੇਗੀ। ਇਹ ਸਾਬਤ ਕਰਦੀ ਹੈ ਕਿ ਸਿੱਖ 'ਹਮਲਾਵਰ' ਨਹੀਂ, ਸਗੋਂ 'ਪੀੜਤ' ਹਨ। ਇਸ ਨੂੰ ਕੈਨੇਡੀਅਨ ਸੰਸਦ ਅਤੇ ਅਦਾਲਤਾਂ ਵਿੱਚ ਪੇਸ਼ ਕੀਤਾ ਜਾ ਸਕਦਾ ਹੈ। ਇਸ ਰਿਪੋਰਟ ਨੇ ਸਿੱਖਾਂ ਨੂੰ ਇਹ ਅਹਿਸਾਸ ਕਰਵਾਇਆ ਹੈ ਕਿ ਜਿਸ 'ਨ.ਫ਼ਰਤ' ਨੂੰ ਉਹ ਰੋਜ਼ਾਨਾ ਦੀ ਆਦਤ ਮੰਨ ਕੇ ਸਹਿ ਰਹੇ ਸਨ, ਉਹ ਅਸਲ ਵਿੱਚ ਇੱਕ ਅਪਰਾਧ ਹੈ। ਇਹ ਲੋਕਾਂ ਨੂੰ ਚੁੱਪੀ ਤੋੜਨ ਅਤੇ ਘਟਨਾਵਾਂ ਨੂੰ ਰਿਪੋਰਟ ਕਰਨ ਲਈ ਉਤਸ਼ਾਹਿਤ ਕਰੇਗੀ।

ਜਦੋਂ ਕੋਈ ਸਮੱਸਿਆ ਅੰਕੜਿਆਂ ਵਿੱਚ ਦਰਜ ਹੋ ਜਾਂਦੀ ਹੈ, ਤਾਂ ਉਸ ਦੇ ਹੱਲ ਲਈ ਫੰਡਿੰਗ ਲੈਣੀ ਸੌਖੀ ਹو ਜਾਂਦੀ ਹੈ। ਹੁਣ ਸਿੱਖ ਸੰਸਥਾਵਾਂ ਸਰਕਾਰ ਤੋਂ ਐਂਟੀ-ਰੇਸਿਜ਼ਮ ਪ੍ਰੋਗਰਾਮਾਂ ਅਤੇ ਸਿੱਖ ਸੁਰੱਖਿਆ ਲਈ ਵਿਸ਼ੇਸ਼ ਬਜਟ ਦੀ ਮੰਗ ਕਰ ਸਕਣਗੀਆਂ।

(ਬਾਕੀ ਸ.ਫ਼ਾ 26 'ਤੇ)

ਟਰੰਪ ਨੇ ਐਚ-2ਬੀ ਵੀਜ਼ਾ ਕੋਟਾ ਕੀਤਾ ਬਹਾਲ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਰਾਸ਼ਟਰਪਤੀ ਡੋਨਾਲਡ ਟਰੰਪ ਜਿਨ੍ਹਾਂ ਦਾ ਆਪਣਾ ਮਾਰ- ਏ-ਲਾਗੋ ਸਮੇਤ ਹੋਰ ਕਾਰੋਬਾਰ ਮੌਸਮੀ ਵਿਦੇਸ਼ੀ ਕਿਰਤੀਆਂ ਉੱਪਰ ਨਿਰਭਰ ਕਰਦਾ ਹੈ, ਨੇ ਐਚ-2 ਬੀ ਵੀਜ਼ਾ ਪ੍ਰੋਗਰਾਮ ਬਹਾਲ ਕਰ ਦਿੱਤਾ ਹੈ ਹਾਲਾਂ ਕਿ ਇਮੀਗ੍ਰੇਸ਼ਨ ਐਂਡ ਕਸਟਮਜ ਇਨਫ਼ੋਰਸਮੈਂਟ ਦੀ ਪ੍ਰਵਾਸੀ ਕਾਮਿਆਂ ਵਿਰੁੱਧ ਕਾਰਵਾਈ ਕਾਰਨ ਹੋਰ ਸਨਅਤਾਂ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹਨ ਤੇ ਕਾਮਿਆਂ ਦੀ ਘਾਟ ਦਾ ਸਾਹਮਣਾ ਕਰ ਰਹੀਆਂ ਹਨ। ਐਚ-2 ਬੀ ਪ੍ਰੋਗਰਾਮ ਤਹਿਤ ਗ਼ੈਰ ਖੇਤੀ ਸਨਅਤਾਂ ਦੇ ਅਮਰੀਕੀ ਮਾਲਕ ਜਿਵੇਂ ਮਹਿਮਾਨ ਨਿਵਾਜੀ, ਲੈਂਡਸਕੇਪਿੰਗ ਤੇ ਸੀਫ਼ੂਡ ਪ੍ਰਾਸੈਸਿੰਗ ਇਕਾਈਆਂ ਜੇਕਰ ਦੇਸ਼ ਵਿੱਚ ਕਿਰਤੀਆਂ ਦੀ ਘਾਟ ਹੋਵੇ ਤਾਂ ਵਿਦੇਸ਼ੀ ਕਾਮਿਆਂ ਨੂੰ ਆਰਜ਼ੀ ਤੌਰ 'ਤੇ ਕੰਮ 'ਤੇ ਰੱਖ ਸਕਦੀਆਂ ਹਨ। ਵਾਲ ਸਟਰੀਟ ਜਰਨਲ ਦੀ ਇੱਕ ਰਿਪੋਰਟ ਅਨੁਸਾਰ ਟਰੰਪ ਪ੍ਰਸ਼ਾਸਨ ਨੇ ਚੁੱਪ ਚਪੀਤੇ ਮਹਿਮਾਨ ਨਿਵਾਜੀ, ਸੈਰ ਸਪਾਟਾ ਤੇ ਹੋਰ ਸਨਅਤੀ ਖੇਤਰਾਂ ਲਈ ਮੌਸਮੀ ਐਚ-2 ਬੀ ਪ੍ਰੋਗਰਾਮ ਨੂੰ ਖੋਲ ਦਿੱਤਾ ਹੈ। ਇਨ੍ਹਾਂ ਖੇਤਰਾਂ ਵਿੱਚ ਟਰੰਪ ਦੇ ਆਪਣੇ ਹਿੱਤ ਜੁੜੇ ਹੋਏ ਹਨ। ਰਿਪੋਰਟ ਅਨੁਸਾਰ ਟਰੰਪ ਨੇ ਇਸ ਸਾਲ ਦੇ ਸ਼ੁਰੂ ਵਿੱਚ ਰਿਜ਼ਾਰਟਸ ਤੇ ਗੋਲਫ਼ ਨਾਲ ਜੁੜੇ ਕਾਰੋਬਾਰੀਆਂ ਦੀ ਅਪੀਲ 'ਤੇ ਐਚ 2 ਬੀ ਵੀਜ਼ੇ ਪੂਰੀ ਤਰ੍ਹਾਂ ਬਹਾਲ ਕਰਨ ਲਈ ਦਖਲ ਦਿੱਤਾ ਸੀ। ਟਰੰਪ ਪ੍ਰਸ਼ਾਸਨ ਨੇ ਉਸ ਸਮੇਂ ਹੋਏ ਵਿਚਾਰ ਵਟਾਂਦਰੇ ਨੂੰ ਜਨਤਕ ਨਹੀਂ ਕੀਤਾ ਸੀ ਪਰੰਤੂ ਇਸ ਵਿਚਾਰ ਵਟਾਂਦਰੇ ਨੇ ਵਿਦੇਸ਼ੀ ਆਰਜ਼ੀ ਕਾਮਿਆਂ ਪ੍ਰਤੀ ਟਰੰਪ ਪ੍ਰਸ਼ਾਸਨ ਦੀ ਪਹੁੰਚ ਵਿੱਚ ਤਬਦੀਲੀ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਕੁਝ ਹਫ਼ਤੇ ਪਹਿਲਾਂ ਟਰੰਪ ਪ੍ਰਸ਼ਾਸਨ ਦੁਆਰਾ ਮੋਟੇ ਤੌਰ 'ਤੇ ਮਾਲੀ ਸਾਲ 2026 ਲਈ 35000 ਵਾਧੂ ਐਚ-2 ਬੀ ਵੀਜ਼ਾ ਜਾਰੀ ਕਰਨ ਦੀ ਯੋਜਨਾ ਸੀ ਜੋ ਪਿਛਲੇ ਸਾਲਾਂ ਦੀ ਤੁਲਨਾ ਵਿੱਚ ਬਹੁਤ ਘੱਟ ਹਨ। ਟਰੰਪ ਦੇ ਹਿੱਤਾਂ ਨਾਲ ਜੁੜੇ ਕਾਰੋਬਾਰੀਆਂ ਵੱਲੋਂ ਪਾਏ ਦਬਾਅ ਦੇ ਸਿੱਟੇ ਵਜੋਂ ਟਰੰਪ ਪ੍ਰਸ਼ਾਸਨ ਨੇ ਪੂਰੇ 64716 ਵੀਜ਼ੇ ਜਾਰੀ ਕਰਨ ਲਈ ਪ੍ਰਵਾਨਗੀ ਦੇ ਦਿੱਤੀ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਟਰੰਪ ਨੇ ਆਪਣੇ ਹਿੱਤਾਂ ਨੂੰ ਮੁੱਖ ਰਖਦਿਆਂ ਮੌਸਮੀ ਕਿਰਤੀਆਂ ਨੂੰ ਸੱਦਣ ਦਾ ਰਾਹ ਖੋਲ੍ਹਿਆ ਹੈ ਜਦ ਕਿ ਉੱਚ ਹੁਨਰ 'ਤੇ ਨਿਰਭਰ ਖੇਤਰਾਂ ਲਈ ਐਚ-1 ਬੀ ਵੀਜ਼ਾ ਪ੍ਰੋਗਰਾਮ ਉੱਪਰ ਸਖ਼ਤ ਰੋਕਾਂ ਲਾਗੂ ਹਨ।

ਮੈਂ ਇਟਲੀ ਦੀ ਪ੍ਰਧਾਨ ਮੰਤਰੀ 'ਮੇਲੋਨੀ' ਨੂੰ ਬਹਾਦਰ ਸਮਝਦਾ ਸੀ : ਟਰੰਪ

ਮਿਲਾਨ/ਏ.ਟੀ.ਨਿਊਜ਼: ਇਟਲੀ ਦੀ ਪ੍ਰਧਾਨ ਮੰਤਰੀ ਜੌਰਜੀਆ ਮੇਲੋਨੀ ਨੂੰ ਯੂਰੋਪ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵਿਚਕਾਰ ਪੁਲ ਵਜੋਂ ਦੇਖਿਆ ਜਾ ਰਿਹਾ ਸੀ, ਪਰ ਹੁਣ ਇਹ ਰਿਸ਼ਤਾ ਟੁੱਟਦਾ ਨਜ਼ਰ ਆ ਰਿਹਾ ਹੈ। ਪੋਪ ਲਿਓ 14ਵੇਂ ਦੀ ਨਿੰਦਾ ਕਰਨ ਤੋਂ ਬਾਅਦ, ਟਰੰਪ ਨੇ ਹੁਣ ਆਪਣਾ ਗੁੱਸਾ ਮੇਲੋਨੀ 'ਤੇ ਕੱਢਿਆ ਹੈ। ਮੇਲੋਨੀ ਜੋ ਲੰਬੇ ਸਮੇਂ ਤੋਂ ਟਰੰਪ ਦੀ ਸਭ ਤੋਂ ਨਜ਼ਦੀਕੀ ਯੂਰੋਪੀਅਨ ਸਹਿਯੋਗੀ ਰਹੀ ਹੈ, ਨੇ ਪੋਪ 'ਤੇ ਟਰੰਪ ਦੇ ਹਮਲੇ ਨੂੰ ਅਸਵੀਕਾਰਨਯੋਗ ਦੱਸਿਆ ਸੀ ਅਤੇ ਇਰਾਨ ਵਿਰੁੱਧ ਅਮਰੀਕਾ-ਇਜ਼ਰਾਈਲ ਜੰਗ ਦਾ ਸਮਰਥਨ ਨਹੀਂ ਕੀਤਾ ਸੀ।

ਇਟਲੀ ਦੇ ਪ੍ਰਮੁੱਖ ਅਖਬਾਰ 'ਕੋਰੀਅਰ ਡੈਲਾ ਸੇਰਾ' ਨੂੰ ਦਿੱਤੇ ਇੰਟਰਵਿਊ ਵਿੱਚ ਟਰੰਪ ਨੇ ਕਿਹਾ, "ਮੈਨੂੰ ਲੱਗਦਾ ਸੀ ਕਿ ਉਹ ਬਹਾਦਰ ਹੈ, ਪਰ ਮੈਂ ਗ਼ਲਤ ਸਾਂ।" ਟਰੰਪ ਨੇ ਫੋਕਸ ਨਿਊਜ਼ ਨੂੰ ਦੱਸਿਆ ਕਿ ਉਨ੍ਹਾਂ ਦਾ ਰਿਸ਼ਤਾ ਕਮਜ਼ੋਰ ਹੋ ਗਿਆ ਹੈ। ਉਨ੍ਹਾਂ ਕਿਹਾ, "ਉਸ ਦਾ ਵਤੀਰਾ ਨਾਂਹਪੱਖੀ ਰਿਹਾ ਹੈ। ਜੋ ਕੋਈ ਵੀ ਇਰਾਨ ਦੀ ਸਥਿਤੀ ਵਿੱਚ ਸਾਡੀ ਮਦਦ ਕਰਨ ਤੋਂ ਇਨਕਾਰ ਕਰਦਾ ਹੈ, ਸਾਡੇ ਉਸ ਨਾਲ ਪਹਿਲਾਂ ਵਰਗੇ ਸਬੰਧ ਨਹੀਂ ਰਹਿ ਸਕਦੇ।" ਮੇਲੋਨੀ ਨੇ ਹਾਲੇ ਤੱਕ ਟਰੰਪ ਦੇ ਹਮਲਿਆਂ ਦਾ ਸਿੱਧਾ ਜਵਾਬ ਨਹੀਂ ਦਿੱਤਾ।

ਡੈਮੋਕਰੈਟਸ ਵੱਲੋਂ ਰਾਸ਼ਟਰਪਤੀ ਖ਼ਿਲਾਫ਼ 25ਵੀਂ ਸੋਧ ਦੀ ਵਰਤੋਂ ਕਰਨ ਲਈ ਬਿੱਲ ਪੇਸ਼

ਸੈਕਰਾਮੈਂਟੋ,ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਡੈਮੋਕਰੈਟਸ ਕਾਂਗਰਸ ਮੈਂਬਰਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਵਿਰੁੱਧ 25ਵੀਂ ਸੋਧ ਦੀ ਵਰਤੋਂ ਲਈ ਇੱਕ ਬਿੱਲ ਪੇਸ਼ ਕੀਤਾ ਹੈ ਜਿਸ ਤਹਿਤ ਇੱਕ ਕਮਿਸ਼ਨ ਬਣਾਉਣ ਦੀ ਵਿਵਸਥਾ ਹੈ ਜੋ ਕਮਿਸ਼ਨ ਇਹ ਤੈਅ ਕਰੇਗਾ ਕਿ ਟਰੰਪ ਦਫ਼ਤਰ ਚਲਾਉਣ ਦੇ ਸਮਰੱਥ ਹੈ ਜਾਂ ਨਹੀਂ। ਹਾਊਸ ਜੁਡੀਸ਼ਰੀ ਕਮੇਟੀ ਦੇ ਸੀਨੀਅਰ ਮੈਂਬਰ ਜੈਮੀ ਰਸਕਿਨ

ਜਿਨ੍ਹਾਂ ਦਾ 50 ਹੋਰ ਡੈਮੋਕਰੈਟਸ ਮੈਂਬਰਾਂ ਨੇ ਸਮਰਥਨ ਕੀਤਾ, ਵੱਲੋਂ ਪੇਸ਼ ਬਿੱਲ ਤਹਿਤ 17 ਮੈਂਬਰੀ ਪੈਨਲ ਬਣਾਉਣ ਦੀ ਤਜਵੀਜ਼ ਹੈ ਜਿਸ ਨੂੰ 25ਵੀਂ ਸੋਧ ਦੇ ਸੈਕਸ਼ਨ 4 ਤਹਿਤ ਰਾਸ਼ਟਰਪਤੀ ਦੀ ਯੋਗਤਾ ਬਾਰੇ ਜਾਂਚ ਕਰਨ ਦਾ ਅਧਿਕਾਰ ਹੋਵੇਗਾ ਹਾਲਾਂ ਕਿ ਰਿਪਬਲੀਕਨਾਂ ਦੇ ਨਿਯੰਤਰਣ ਵਾਲੀ ਕਾਂਗਰਸ ਵਿੱਚ ਇਸ ਤਜਵੀਜ਼ ਦਾ ਵਿਰੋਧ ਹੋਣਾ ਤੈਅ ਹੈ। ਰਸਕਿਨ ਨੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਹੈ ਕਿ ਅਸੀਂ ਇੱਕ ਵੱਡੇ ਸੰਕਟ ਦਾ ਸਾਹਮਣਾ ਕਰ ਰਹੇ ਹਾਂ, ਕਾਂਗਰਸ ਲਈ ਇਹ ਸਮਾਂ ਹੈ ਕਿ ਉਹ 25 ਵੀਂ ਸੋਧ ਤਹਿਤ ਅਮਰੀਕੀ ਆਵਾਮ ਨੂੰ ਵਿਸਫ਼ੋਟਕ ਤੇ ਅਸਥਿਰ ਹਾਲਾਤ ਤੋਂ ਬਚਾਉਣ ਲਈ ਆਪਣੀ ਜ਼ਿੰਮੇਵਾਰੀ ਨਿਭਾਵੇ।

ਭਾਰਤ-ਅਮਰੀਕਾ ਸਬੰਧਾਂ ਨੂੰ ਮਜ਼ਬੂਤ ਕਰਨ 'ਚ ਸੰਧੂ ਨੇ ਅਹਿਮ ਭੂਮਿਕਾ ਨਿਭਾਈ : ਟਰੰਪ

ਵਾਸ਼ਿੰਗਟਨ ਡੀ.ਸੀ./ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਤਜ਼ਰਬੇਕਾਰ ਡਿਪਲੋਮੈਟ ਤਰਨਜੀਤ ਸਿੰਘ ਸੰਧੂ ਨੂੰ ਦਿੱਲੀ ਦੇ ਉਪ ਰਾਜਪਾਲ ਵਜੋਂ ਨਿਯੁਕਤ ਹੋਣ 'ਤੇ ਵਧਾਈ ਦਿੱਤੀ ਅਤੇ ਭਾਰਤ-ਅਮਰੀਕਾ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਉਨ੍ਹਾਂ ਦੀ ਭੂਮਿਕਾ 'ਤੇ ਜ਼ੋਰ ਦਿੱਤਾ। 'ਟਰੂਥ ਸੋਸ਼ਲ' 'ਤੇ ਇੱਕ ਪੋਸਟ ਵਿੱਚ ਟਰੰਪ ਨੇ ਸੰਧੂ ਦੇ ਕੂਟਨੀਤਕ ਤਜਰਬੇ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੀ ਨਵੀਂ ਭੂਮਿਕਾ ਲਈ ਸ਼ੁਭਕਾਮਨਾਵਾਂ ਦਿੱਤੀਆਂ। ਟਰੰਪ ਨੇ ਲਿਖਿਆ, 'ਤਰਨਜੀਤ ਸੰਧੂ ਨੂੰ ਦਿੱਲੀ ਦੇ ਨਵੇਂ ਉਪ ਰਾਜਪਾਲ ਬਣਨ 'ਤੇ ਵਧਾਈਆਂ! ਇੱਕ ਤਜਰਬੇਕਾਰ ਡਿਪਲੋਮੈਟ ਅਤੇ ਸੰਯੁਕਤ ਰਾਜ ਅਮਰੀਕਾ ਵਿੱਚ ਸਾਬਕਾ ਰਾਜਦੂਤ ਵਜੋਂ ਉਨ੍ਹਾਂ ਨੇ ਹਮੇਸ਼ਾ ਅਮਰੀਕਾ-ਭਾਰਤ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਡੂੰਘੀ ਵਚਨਬੱਧਤਾ ਦਿਖਾਈ ਹੈ। ਮੈਂ ਦਿੱਲੀ ਦੀ ਤਰੱਕੀ ਦੀ ਅਗਵਾਈ ਕਰਨ ਅਤੇ ਵਿਸ਼ਵਵਿਆਪੀ ਸਬੰਧਾਂ ਨੂੰ ਅੱਗੇ ਵਧਾਉਣ ਵਿੱਚ

ਉਨ੍ਹਾਂ ਦੀ ਸਫਲਤਾ ਦੀ ਕਾਮਨਾ ਕਰਦਾ ਹਾਂ!'

ਇਸ ਦੌਰਾਨ ਦਿੱਲੀ ਦੇ ਐੱਲ ਜੀ ਸੰਧੂ ਨੇ ਅਮਰੀਕੀ ਆਜ਼ਾਦੀ ਦੇ 250 ਸਾਲ ਪੂਰੇ ਹੋਣ ਦੇ ਜਸ਼ਨਾਂ 'ਫ੍ਰੀਡਮ 250' ਵਿੱਚ ਭਾਰਤ-ਅਮਰੀਕਾ ਸਹਿਯੋਗ ਨੂੰ ਮਜ਼ਬੂਤ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਜੋ ਰਾਸ਼ਟਰੀ ਰਾਜਧਾਨੀ ਵਿੱਚ ਸ਼ੁਰੂ ਕੀਤੇ ਗਏ ਸਨ। ਲਾਂਚ ਈਵੈਂਟ ਵਿੱਚ ਸ਼ਾਮਲ ਹੋਏ ਸੰਧੂ ਨੇ ਕਿਹਾ ਕਿ ਇਸ ਰੁਝੇਵੇਂ ਨੇ ਦੋਵਾਂ ਦੇਸ਼ਾਂ ਵਿਚਕਾਰ ਸਹਿਯੋਗ, ਖਾਸ ਕਰਕੇ ਨਿਵੇਸ਼ ਅਤੇ ਤਕਨਾਲੋਜੀ ਵਿੱਚ ਡੂੰਘਾ ਕਰਨ ਦਾ ਮੌਕਾ ਦਿੱਤਾ ਹੈ।ਸੰਧੂ ਨੇ ਐਕਸ 'ਤੇ ਇੱਕ ਪੋਸਟ ਵਿੱਚ ਕਿਹਾ, 'ਨਵੀਂ ਦਿੱਲੀ ਵਿੱਚ ਫ੍ਰੀਡਮ 250 ਜਸ਼ਨਾਂ ਦੀ ਸ਼ੁਰੂਆਤ ਮੌਕੇ ਭਾਰਤ ਵਿੱਚ ਅਮਰੀਕੀ ਰਾਜਦੂਤ ਸਰਜੀਓ ਗੋਰ ਨੂੰ ਮਿਲ ਕੇ ਖੁਸ਼ੀ ਹੋਈ। ਸਾਡੇ ਵਿਚਕਾਰ ਦਿੱਲੀ ਵਿੱਚ ਅਮਰੀਕੀ ਨਿਵੇਸ਼ ਨੂੰ ਵਧਾਉਣ ਅਤੇ ਭਾਰਤ-ਅਮਰੀਕਾ ਤਕਨਾਲੋਜੀ ਸਹਿਯੋਗ ਦੇ ਵਿਸਤਾਰ ਬਾਰੇ ਸਾਰਥਕ ਗੱਲਬਾਤ ਹੋਈ। ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਵਿਚਕਾਰ ਸਥਾਈ ਭਾਈਵਾਲੀ ਵਿਸ਼ਵਵਿਆਪੀ ਤਰੱਕੀ ਦਾ ਇੱਕ ਮੁੱਖ ਅਧਾਰ ਬਣੀ ਹੋਈ ਹੈ। ਮੈਂ ਹੋਰ ਡੂੰਘੇ ਸਹਿਯੋਗ ਦੀ ਉਮੀਦ ਕਰਦਾ ਹਾਂ ਜੋ ਸਾਡੀ ਰਾਸ਼ਟਰੀ ਰਾਜਧਾਨੀ ਦੇ ਨਿਵਾਸੀਆਂ ਲਈ ਠੋਸ ਲਾਭ ਲੈ ਕੇ ਆਵੇਗਾ।

(ਬਾਕੀ ਸਫ਼ਾ 27 'ਤੇ)

40 ਫ਼ੀਸਦੀ ਭਾਰਤੀਆਂ ਦਾ ਟੁੱਟ ਗਿਆ ਅਮਰੀਕਾ ਦਾ ਸੁਪਨਾ : ਸਰਵੇਖਣ

ਵਾਸ਼ਿੰਗਟਨ/ਏ.ਟੀ.ਨਿਊਜ਼ : ਕਦੇ 'ਅਮਰੀਕਨ ਡ੍ਰੀਮ' (ਅਮਰੀਕੀ ਸੁਪਨਾ) ਦੇਖ ਕੇ ਸੱਤ ਸਮੁੰਦਰ ਪਾਰ ਜਾਣ ਵਾਲੇ ਭਾਰਤੀਆਂ ਦਾ ਹੁਣ ਅਮਰੀਕਾ ਤੋਂ ਮੋਹ ਭੰਗ ਹੁੰਦਾ ਨਜ਼ਰ ਆ ਰਿਹਾ ਹੈ। 'ਕਾਰਨੇਗੀ ਐਂਡੋਮੈਂਟ ਫਾਰ ਇੰਟਰਨੈਸ਼ਨਲ ਪੀਸ' ਦੇ ਸਾਲ 2026 ਦੇ ਇੱਕ ਤਾਜ਼ਾ ਸਰਵੇਖਣ ਨੇ ਪੂਰੀ ਦੁਨੀਆ ਨੂੰ ਹੈਰਾਨ ਕਰ ਦਿੱਤਾ ਹੈ, ਜਿਸ ਅਨੁਸਾਰ 10 ਵਿੱਚੋਂ 4 ਭਾਰਤੀ-ਅਮਰੀਕੀ (ਲਗਭਗ 40%) ਹੁਣ ਅਮਰੀਕਾ ਛੱਡਣ ਬਾਰੇ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਨ।

ਸਰਵੇਖਣ ਮੁਤਾਬਕ ਅਮਰੀਕਾ ਛੱਡਣ ਦੀ ਸੋਚ ਰੱਖਣ ਵਾਲੇ 58% ਲੋਕਾਂ ਨੇ ਸਭ ਤੋਂ ਵੱਡਾ ਕਾਰਨ ਉੱਥੋਂ ਦੇ 'ਸਿਆਸੀ ਮਾਹੌਲ' ਨੂੰ ਦੱਸਿਆ ਹੈ। ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਵਧੇ ਧਰੁਵੀਕਰਨ ਅਤੇ ਭੇਦਭਾਵ ਨੇ ਭਾਰਤੀਆਂ ਵਿੱਚ ਬੇਚੈਨੀ ਪੈਦਾ ਕੀਤੀ ਹੈ। ਲਗਭਗ 71% ਭਾਰਤੀ-ਅਮਰੀਕੀ ਮੌਜੂਦਾ ਕੰਮਕਾਜ ਤੋਂ ਅਸੰਤੁਸ਼ਟ ਹਨ ਅਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਸਮਾਜਿਕ ਸਾਂਝ ਵਿੱਚ ਕਮੀ ਆਈ ਹੈ।

ਭਾਰਤੀਆਂ ਦੇ ਮੋਹ ਭੰਗ ਹੋਣ ਦਾ ਇੱਕ ਹੋਰ ਮੁੱਖ ਕਾਰਨ ਅਮਰੀਕਾ ਦਾ 'ਟੁੱਟਿਆ ਹੋਇਆ ਇਮੀਗ੍ਰੇਸ਼ਨ ਸਿਸਟਮ' ਹੈ। ਰਿਪੋਰਟ ਅਨੁਸਾਰ, ਭਾਰਤੀ ਪੇਸ਼ੇਵਰਾਂ ਲਈ ਗ੍ਰੀਨ ਕਾਰਡ ਦਾ ਇੰਤਜ਼ਾਰ ਹੁਣ 30 ਤੋਂ 70 ਸਾਲ ਤੱਕ ਪਹੁੰਚ ਗਿਆ ਹੈ। ਐਚ-1ਬੀ ਵੀਜ਼ਾ ਦੀ ਅਨਿਸ਼ਚਿਤਤਾ ਕਾਰਨ ਲੱਖਾਂ ਭਾਰਤੀ ਪਰਿਵਾਰ ਉੱਥੇ ਖੁਦ ਨੂੰ ਪੂਰੀ ਤਰ੍ਹਾਂ 'ਸੈਟਲ' ਮਹਿਸੂਸ ਨਹੀਂ ਕਰ ਪਾ ਰਹੇ।

(ਬਾਕੀ ਸਫ਼ਾ 27 'ਤੇ)

ਗਵਰਨਰ ਬਣਿਆ ਤਾਂ ਵਿਸ਼ੇਸ਼ ਦਫ਼ਤਰ ਖੋਲ੍ਹਿਆ ਜਾਵੇਗਾ: ਡਾ. ਨੀਰਵ ਸ਼ਾਹ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਭਾਰਤੀ ਮੂਲ ਦੇ ਡਾਕਟਰ ਨੀਰਵ ਸ਼ਾਹ ਨੇ ਅਗੁਸਟਾ ਵਿੱਚ ਐਲਾਨ ਕੀਤਾ ਹੈ ਕਿ ਜੇਕਰ ਉਹ ਮੇਨੀ ਦਾ ਗਵਰਨਰ ਚੁਣਿਆ ਗਿਆ ਤਾਂ ਉਸ ਦੀ ਯੋਜਨਾ ਪਬਲਿਕ ਇਨਗੇਜਮੈਂਟ ਐਂਡ ਟਰਾਂਸਪੇਰੈਂਸੀ ਦਫ਼ਤਰ ਖੋਲ੍ਹਣ ਦੀ ਹੈ। ਉਨ੍ਹਾਂ ਨੇ ਇਹ ਐਲਾਨ ਟਾਊਨ ਹਾਲ ਵਿੱਚ ਇਕ ਸਮਾਗਮ ਦੌਰਾਨ ਕਰਦਿਆਂ ਕਿਹਾ ਕਿ ਜਨਤਿਕ ਮੀਟਿੰਗਾਂ ਤੇ ਫ਼ੀਡਬੈਕ ਚੈਨਲ ਗਵਰਨਰ ਦਫ਼ਤਰ ਦਾ ਰਸਮੀ ਹਿੱਸਾ ਹੋਣਗੇ। ਪ੍ਰਸਤਾਵਿਤ ਦਫ਼ਤਰ ਰਾਜ ਭਰ ਵਿੱਚ ਟਾਊਨ ਹਾਲਾਂ ਨਾਲ ਤਾਲਮੇਲ ਕਰਨਗੇ, ਪ੍ਰਗਤੀ ਡੈਸ਼ਬੋਰਡ ਪ੍ਰਕਾਸ਼ਿਤ ਕਰਨਗੇ ਤੇ ਜਨਤਿਕ ਹੁੰਗਾਰੇ ਸਬੰਧੀ ਪ੍ਰਣਾਲੀ ਉਪਰ ਨਜ਼ਰ ਰੱਖਣਗੇ। ਸ਼ਾਹ ਨੇ ਕਿਹਾ ਕਿ ਇਸ ਯੋਜਨਾ ਦਾ ਮੰਤਵ ਜਵਾਬਦੇਹੀ ਵਧਾਉਣਾ ਤੇ ਸਰਕਾਰ ਵਿੱਚ ਲੋਕਾਂ ਦੇ ਭਰੋਸੇ ਨੂੰ ਮਜ਼ਬੂਤ ਕਰਨਾ ਹੈ। ਉਨ੍ਹਾਂ ਕਿਹਾ ਕਿ ਚੋਣਾਂ ਤੋਂ ਬਾਅਦ ਵੀ ਅਗਵਾਈ ਨਹੀਂ ਰੁਕੇਗੀ। ਸ਼ਾਹ ਨੇ ਕਿਹਾ ਕਿ ਜੇਕਰ ਤੁਸੀਂ ਲੋਕਾਂ ਨਾਲ ਭਰੋਸਾ ਕਰਨ ਦਾ ਵਾਅਦਾ ਕਰਦੇ ਹੋ ਤਾਂ ਤੁਹਾਨੂੰ ਇਸ ਉੱਪਰ ਨਿਰੰਤਰ ਖਰਾ ਉੱਤਰਨਾ ਪਵੇਗਾ ਤੇ ਮੁਸ਼ਕਿਲ ਸਵਾਲਾਂ ਦੇ ਜਵਾਬ ਦੇਣ ਲਈ ਤਿਆਰ ਰਹਿਣਾ ਪਵੇਗਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਕੈਲੀਫ਼ੋਰਨੀਆ ਦੀ 'ਗੋਲਡਨ ਸਟੇਟ' ਵਿੱਚ ਗੈਂਗਸਟਰਾਂ ਦੀ ਦਹਿਸ਼ਤ: ਪੰਜਾਬੀ ਭਾਈਚਾਰਾ ਨਿਸ਼ਾਨੇ 'ਤੇ!

ਸੈਂਟਰਲ ਵੈਲੀ ਵਿੱਚ ਬਿਸ਼ਨੋਈ ਗੈਂਗ ਸਰਗਰਮ, ਕੀ ਅਮਰੀਕਾ 'ਚ ਅਸੁਰੱਖਿਅਤ ਹਨ ਸਿੱਖ ਕਾਰੋਬਾਰੀ?

ਕੈਲੀਫ਼ੋਰਨੀਆ ਦੀ ਸੈਂਟਰਲ ਵੈਲੀ, ਜੋ ਕਿ ਦਹਾਕਿਆਂ ਤੋਂ ਪੰਜਾਬੀ ਸਿੱਖਾਂ ਦੀ ਸਖ਼ਤ ਮਿਹਨਤ ਅਤੇ ਖ਼ੁਸ਼ਹਾਲੀ ਦਾ ਪ੍ਰਤੀਕ ਰਹੀ ਹੈ, ਅੱਜ ਗੈਂਗਸਟਰਾਂ ਦੀ ਦਹਿਸ਼ਤ ਹੇਠ ਹੈ। ਹਾਲ ਹੀ ਵਿੱਚ ਸਾਹਮਣੇ ਆਈਆਂ ਰਿਪੋਰਟਾਂ ਅਨੁਸਾਰ, ਭਾਰਤ ਸਥਿਤ ਅਪਰਾਧਿਕ ਗਿਰੋਹਾਂ, ਖ਼ਾਸ ਕਰਕੇ 'ਲਾਰੈਂਸ ਬਿਸ਼ਨੋਈ ਗੈਂਗ' ਵੱਲੋਂ ਉੱਥੇ ਰਹਿ ਰਹੇ ਸਿੱਖ ਕਾਰੋਬਾਰੀਆਂ ਨੂੰ ਜਬਰਨ ਉਗਰਾਹੀ ਲਈ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਹ ਮਹਿਜ਼ ਅਪਰਾਧ ਦਾ ਮਾਮਲਾ ਨਹੀਂ, ਸਗੋਂ 'ਟਰਾਂਸਨੈਸ਼ਨਲ ਕ੍ਰਾਈਮ' (ਅੰਤਰਰਾਸ਼ਟਰੀ ਅਪਰਾਧ) ਦੀ ਇੱਕ ਅਜਿਹੀ ਖ਼ਤਰਨਾਕ ਲਹਿਰ ਹੈ ਜੋ ਅਮਰੀਕਾ ਵਿੱਚ ਵੱਸਦੇ ਭਾਈਚਾਰੇ ਦੀ ਸੁਰੱਖਿਆ ਅਤੇ ਮਾਨਸਿਕ ਸ਼ਾਂਤੀ ਨੂੰ ਭੰਗ ਕਰ ਰਹੀ ਹੈ।

ਇਨ੍ਹਾਂ ਅਪਰਾਧੀਆਂ ਦਾ ਕੰਮ ਕਰਨ ਦਾ ਤਰੀਕਾ ਬੇਹੱਦ ਸ਼ਾਤਿਰਾਨਾ ਹੈ। ਉਹ ਸ਼ੁਰੂਆਤ ਵਿੱਚ /4,000 ਤੋਂ /7,000 ਦੇ ਵਿਚਕਾਰ ਰਕਮ ਦੀ ਮੰਗ ਕਰਦੇ ਹਨ। ਇਹ ਰਕਮ ਜਾਣਬੁੱਝ ਕੇ ਘੱਟ ਰੱਖੀ ਜਾਂਦੀ ਹੈ ਤਾਂ ਜੋ ਪੀੜਤ ਪੁਲਿਸ ਕੋਲ ਜਾਣ ਦੀ ਬਜਾਏ ਪੈਸੇ ਦੇਣਾ ਸੌਖਾ ਸਮਝਣ।

ਥੋੜ੍ਹੀ ਰਕਮ ਦੀ ਮੰਗ ਕਰਦੇ ਹਨ ਤਾਂ ਜੋ ਪੀੜਤ ਪੁਲਿਸ ਕੋਲ ਜਾਣ ਦੀ ਬਜਾਏ ਪੈਸੇ ਦੇ ਕੇ ਖਹਿੜਾ ਛੁਡਾਉਣਾ ਬਿਹਤਰ ਸਮਝੇ। ਪਰ ਇਹ ਸਿਰਫ਼ ਸ਼ੁਰੂਆਤ ਹੁੰਦੀ ਹੈ; ਇੱਕ ਵਾਰ ਪੈਸੇ ਦੇਣ ਦਾ ਮਤਲਬ ਹੈ ਹਮੇਸ਼ਾ ਲਈ ਉਨ੍ਹਾਂ ਦੇ ਜਾਲ ਵਿੱਚ ਫ਼ਸ ਜਾਣਾ। ਸਭ ਤੋਂ ਚਿੰਤਾਜਨਕ ਪਹਿਲੂ ਇਹ ਹੈ ਕਿ ਇਹ ਗੈਂਗ ਅਮਰੀਕਾ ਵਿੱਚ ਬੈਠੇ ਵਿਅਕਤੀਆਂ ਨੂੰ ਉਨ੍ਹਾਂ ਦੇ ਭਾਰਤ ਵਿੱਚ ਰਹਿ ਰਹੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਨੂੰ ਨੁਕਸਾਨ ਪਹੁੰਚਾਉਣ ਦੀਆਂ ਧਮਕੀਆਂ ਦਿੰਦੇ ਹਨ। ਇਹ 'ਭਾਵਨਾਤਮਕ ਬਲੈਕਮੇਲ' ਅਤੇ 'ਜਾਨੀ ਖ਼ਤਰੇ' ਦਾ ਸੁਮੇਲ ਪੀੜਤਾਂ ਨੂੰ ਚੁੱਪ ਰਹਿਣ ਲਈ ਮਜਬੂਰ ਕਰ ਦਿੰਦਾ ਹੈ।

ਐਫ਼.ਬੀ.ਆਈ. ਅਤੇ ਸਥਾਨਕ ਪੁਲਿਸ ਅਨੁਸਾਰ, ਇਸ ਅਪਰਾਧਿਕ ਗਤੀਵਿਧੀ ਦੇ ਤਾਰ ਭਾਰਤ ਦੇ ਸਭ ਤੋਂ ਲੋੜੀਂਦੇ ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜੇ ਹੋਏ ਹਨ। ਇਹ ਗੈਂਗ ਪੰਜਾਬ, ਹਰਿਆਣਾ, ਦਿੱਲੀ ਅਤੇ ਰਾਜਸਥਾਨ ਵਿੱਚ ਸਰਗਰਮ ਹੈ। ਸਾਲ 2025 ਵਿੱਚ ਸਟਾਕਟਨ ਅਤੇ ਫ਼ਰਿਜ਼ਨੋ ਵਿੱਚ ਹੋਏ ਦੋ ਕਤਲ ਸਿੱਧੇ ਤੌਰ 'ਤੇ ਬਿਸ਼ਨੋਈ ਗੈਂਗ ਨਾਲ ਜੁੜੇ ਹੋਏ ਪਾਏ ਗਏ ਹਨ। ਸੈਕਰਾਮੈਂਟੋ ਕਾਊਂਟੀ ਪੁਲਿਸ ਨੇ ਪਿਛਲੇ ਚਾਰ ਸਾਲਾਂ ਵਿੱਚ ਹੋਈਆਂ ਲਗਭਗ 20 ਗੋਲੀਬਾਰੀ ਦੀਆਂ ਘਟਨਾਵਾਂ ਨੂੰ ਬਿਸ਼ਨੋਈ ਅਤੇ ਉਸ ਦੇ ਵਿਰੋਧੀ ਗੈਂਗਾਂ ਦੀ ਆਪਸੀ ਦੁਸ਼ਮਣੀ ਨਾਲ ਜੋੜਿਆ ਹੈ।

ਸੈਂਟਰਲ ਵੈਲੀ ਵਿੱਚ ਹੋਏ ਕਤਲ ਅਤੇ ਗੋਲੀਬਾਰੀ ਦੀਆਂ ਦਰਜਨਾਂ ਘਟਨਾਵਾਂ ਇਸ ਗੱਲ ਦੀ ਤਸਦੀਕ ਕਰਦੀਆਂ ਹਨ ਕਿ ਇਹ ਧਮਕੀਆਂ ਸਿਰਫ਼ ਖੋਖਲੀਆਂ ਨਹੀਂ ਹਨ। ਐਫ਼.ਬੀ.ਆਈ. ਅਤੇ ਸਥਾਨਕ ਸ਼ੈਰਿਫ਼ ਦਫ਼ਤਰਾਂ ਦੀ ਸਰਗਰਮੀ ਦੇ ਬਾਵਜੂਦ, ਬਹੁਤ ਸਾਰੇ ਮਾਮਲੇ ਰਿਪੋਰਟ ਨਹੀਂ ਹੋ ਰਹੇ। ਇਸ ਦਾ ਮੁੱਖ ਕਾਰਨ ਭਰੋਸੇ ਦੀ ਕਮੀ ਅਤੇ ਬਦਲੇ ਦੀ ਕਾਰਵਾਈ ਦਾ ਡਰ ਹੈ।

ਐਫ਼.ਬੀ.ਆਈ. ਦੇ ਸੈਕਰਾਮੈਂਟੋ ਫ਼ੀਲਡ ਆਫ਼ਿਸ ਨੇ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੇ ਮਾਮਲਿਆਂ ਦੀ ਰਿਪੋਰਟ ਕਰਨ ਤਾਂ ਜੋ ਇਸ ਟ੍ਰਾਂਸਨੈਸ਼ਨਲ (ਅੰਤਰਰਾਸ਼ਟਰੀ) ਅਪਰਾਧਿਕ ਨੈੱਟਵਰਕ ਨੂੰ ਤੋੜਿਆ ਜਾ ਸਕੇ। ਇਹ ਮਾਮਲਾ ਦਰਸਾਉਂਦਾ ਹੈ ਕਿ ਕਿਵੇਂ ਵਿਦੇਸ਼ਾਂ ਵਿੱਚ ਬੈਠੇ ਅਪਰਾਧੀ ਅਮਰੀਕਾ ਵਿੱਚ ਵੱਸਦੇ ਭਾਰਤੀ ਭਾਈਚਾਰੇ ਦੀ ਸੁਰੱਖਿਆ ਲਈ ਇੱਕ ਵੱਡਾ ਖ਼ਤਰਾ ਬਣ ਗਏ ਹਨ।

ਅਮਰੀਕੀ ਅਤੇ ਭਾਰਤੀ ਸੁਰੱਖਿਆ ਏਜੰਸੀਆਂ ਵਿਚਕਾਰ ਬਿਹਤਰ ਤਾਲਮੇਲ ਹੋਣਾ ਲਾਜ਼ਮੀ ਹੈ ਤਾਂ ਜੋ ਇਨ੍ਹਾਂ ਗੈਂਗਾਂ ਦੇ ਵਿੱਤੀ ਸੋਮਿਆਂ ਅਤੇ ਸੰਚਾਰ ਪ੍ਰਣਾਲੀ ਨੂੰ ਨੱਥ ਪਾਈ ਜਾ ਸਕੇ।

ਸਿੱਖ ਜਥੇਬੰਦੀਆਂ ਅਤੇ 'ਜਕਾਰਾ ਮੂਵਮੈਂਟ' ਵਰਗੀਆਂ ਸੰਸਥਾਵਾਂ ਨੂੰ ਪੀੜਤਾਂ ਲਈ ਇੱਕ ਸੁਰੱਖਿਅਤ ਮਾਹੌਲ ਸਿਰਜਣਾ ਚਾਹੀਦਾ ਹੈ ਜਿੱਥੇ ਉਹ ਬਿਨਾਂ ਕਿਸੇ ਡਰ ਦੇ ਆਪਣੀ ਗੱਲ ਰੱਖ ਸਕਣ।

ਲੋਕਾਂ ਨੂੰ ਇਹ ਸਮਝਣਾ ਪਵੇਗਾ ਕਿ ਫ਼ਿਰੌਤੀ ਦੇਣਾ ਸਮੱਸਿਆ ਦਾ ਹੱਲ ਨਹੀਂ, ਸਗੋਂ ਅਪਰਾਧੀਆਂ ਦੇ ਹੌਸਲੇ ਵਧਾਉਣਾ ਹੈ। (ਬਾਕੀ ਸਫ਼ਾ 26 'ਤੇ)

ਕਿਊਬਕ 'ਚ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ: 150 ਤੋਂ ਵੱਧ ਸਕੂਲ ਮੁਲਾਜ਼ਮ ਨੌਕਰੀਓਂ ਫਾਰਗ

ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਦੇ ਸੂਬੇ ਕਿਊਬਕ ਵਿੱਚ ਵਿਵਾਦਤ ਕਾਨੂੰਨ 'ਬਿੱਲ 21' ਅਤੇ 'ਬਿੱਲ 94' ਦੀ ਸਖ਼ਤੀ ਕਾਰਨ ਸਰਕਾਰੀ ਸਕੂਲਾਂ ਦੇ ਮੁਲਾਜ਼ਮਾਂ 'ਤੇ ਵੱਡੀ ਗਾਜ ਡਿੱਗੀ ਹੈ। ਮਾਂਟਰੀਅਲ ਦੇ ਸਕੂਲ ਬੋਰਡ (ਸੈਂਟਰ ਡੇ ਸਰਵਿਸਜ਼ ਡੇ ਮਾਂਟਰੀਅਲ) ਨੇ ਕਰੀਬ 150 ਮੁਲਾਜ਼ਮਾਂ ਨੂੰ ਨੌਕਰੀ ਤੋਂ ਫਾਰਗ ਕਰ ਦਿੱਤਾ ਹੈ। ਇਨ੍ਹਾਂ ਮੁਲਾਜ਼ਮਾਂ ਦਾ ਕਸੂਰ ਸਿਰਫ਼ ਇੰਨਾ ਸੀ ਕਿ ਉਨ੍ਹਾਂ ਨੇ ਡਿਊਟੀ ਦੌਰਾਨ ਆਪਣੇ ਧਾਰਮਿਕ ਚਿੰਨ੍ਹ ਉਤਾਰਨ ਦੀ ਸ਼ਰਤ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ। ਕਿਊਬਕ ਸਰਕਾਰ ਵੱਲੋਂ 2019 ਵਿੱਚ ਪਾਸ ਕੀਤੇ ਗਏ ਇਸ ਕਾਨੂੰਨ ਤਹਿਤ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲਾਂ, ਅਧਿਆਪਕਾਂ ਅਤੇ ਸਹਾਇਕ ਸਟਾਫ਼ 'ਤੇ ਧਾਰਮਿਕ ਚਿੰਨ੍ਹ ਪਹਿਨਣ 'ਤੇ ਮੁਕੰਮਲ ਪਾਬੰਦੀ ਹੈ। ਸਰਕਾਰ ਦਾ ਤਰਕ ਹੈ ਕਿ ਉਹ ਧਰਮ ਨੂੰ ਵਿਅਕਤੀ ਦਾ ਨਿੱਜੀ ਮਾਮਲਾ ਰੱਖਣਾ ਚਾਹੁੰਦੀ ਹੈ ਤਾਂ ਜੋ ਕਿਸੇ ਵੀ ਸਰਕਾਰੀ ਅਦਾਰੇ ਵਿੱਚ ਕਿਸੇ ਵਿਸ਼ੇਸ਼ ਧਰਮ ਦਾ ਪ੍ਰਭਾਵ ਨਾ ਝਲਕੇ।

ਪਾਬੰਦੀਸ਼ੁਦਾ ਚਿੰਨ੍ਹਾਂ ਵਿੱਚ ਸ਼ਾਮਿਲ ਹਨ:

ਸਿੱਖ: ਦਸਤਾਰ (ਪੱਗ), ਕੜਾ ਅਤੇ ਕਿਰਪਾਨ ਵਰਗੇ ਬਾਹਰੀ ਕਕਾਰ।

ਮੁਸਲਿਮ: ਹਿਜਾਬ ਅਤੇ ਬੁਰਕਾ।

ਇਸਾਈ: ਕਰਾਸ।

ਯਹੂਦੀ: ਕਿੱਪਾ

ਸਕੂਲ ਬੋਰਡ ਦੀ ਸਖ਼ਤੀ ਅਤੇ ਚਿਤਾਵਨੀ

ਸਕੂਲ ਬੋਰਡ ਵੱਲੋਂ ਪਹਿਲਾਂ ਹੀ ਮੁਲਾਜ਼ਮਾਂ ਨੂੰ ਚਿਤਾਵਨੀ ਜਾਰੀ ਕੀਤੀ ਗਈ ਸੀ, ਪਰ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਹੁਣ ਸਿੱਧੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਸਿੱਖਿਆ ਮੰਤਰਾਲੇ ਦੇ ਬੁਲਾਰੇ ਨੇ ਸਖ਼ਤ ਰੁਖ਼ ਅਖ਼ਤਿਆਰ ਕਰਦਿਆਂ ਕਿਹਾ ਕਿ ਜੋ ਮੁਲਾਜ਼ਮ ਕਾਨੂੰਨ ਦਾ ਸਤਿਕਾਰ ਨਹੀਂ ਕਰਦੇ, ਉਨ੍ਹਾਂ ਨੂੰ ਨੌਕਰੀਓਂ ਹੱਥ ਧੋਣੇ ਪੈ ਰਹੇ ਹਨ ਅਤੇ ਇਹ ਉਨ੍ਹਾਂ ਦਾ ਆਪਣਾ ਨਿੱਜੀ ਫ਼ੈਸਲਾ ਹੈ।

ਸੂਬਾ ਛੱਡਣ ਲਈ ਮਜਬੂਰ ਹੋ ਰਹੇ ਹਨ ਲੋਕ

ਧਾਰਮਿਕ ਆਜ਼ਾਦੀ ਦੇ ਨਾਂਅ 'ਤੇ ਲਾਗੂ ਕੀਤੇ ਗਏ ਇਸ ਵਿਵਾਦਤ ਕਾਨੂੰਨ ਕਾਰਨ ਕਿਊਬਕ ਵਿੱਚ ਘੱਟ ਗਿਣਤੀ ਭਾਈਚਾਰਿਆਂ ਵਿੱਚ ਭਾਰੀ ਰੋਸ ਹੈ। ਕਈ ਮੁਲਾਜ਼ਮ ਆਪਣੀ ਧਾਰਮਿਕ ਆਸਥਾ ਨਾਲ ਸਮਝੌਤਾ ਕਰਨ ਦੀ ਬਜਾਏ ਕਿਊਬਕ ਛੱਡ ਕੇ ਕੈਨੇਡਾ ਦੇ ਹੋਰਨਾਂ ਸੂਬਿਆਂ (ਜਿੱਥੇ ਅਜਿਹੀ ਕੋਈ ਪਾਬੰਦੀ ਨਹੀਂ ਹੈ) ਵੱਲ ਹਿਜਰਤ ਕਰਨ ਲਈ ਮਜਬੂਰ ਹੋ ਰਹੇ ਹਨ।

ਤੇਲ ਤੇ ਗੈਸ ਸੰਕਟ

ਜੇ ਜੰਗ ਅੱਜ ਵੀ ਰੁਕ ਜਾਵੇ, ਤਾਂ ਵੀ 2030 ਤੱਕ ਨਹੀਂ ਸੁਧਰਨਗੇ ਹਾਲਾਤ: ਮਾਹਿਰਾਂ ਦੀ ਚਿਤਾਵਨੀ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਅਤੇ ਇਰਾਨ ਵਿਚਾਲੇ ਵਧਦੇ ਤਣਾਅ ਨੇ ਵਿਸ਼ਵ ਅਰਥਚਾਰੇ ਨੂੰ ਹਿਲਾ ਕੇ ਰੱਖ ਦਿੱਤਾ ਹੈ। 'ਹੋਰਮੁਜ਼ ਸਟ੍ਰੇਟ' ਵਿੱਚ ਜਹਾਜ਼ਾਂ 'ਤੇ ਹਮਲਿਆਂ ਅਤੇ ਅਮਰੀਕਾ ਵੱਲੋਂ ਇਰਾਨੀ ਜਹਾਜ਼ ਜ਼ਬਤ ਕੀਤੇ ਜਾਣ ਤੋਂ ਬਾਅਦ ਕੱਚੇ ਤੇਲ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ ਹਨ। ਹੁਣ ਏਸ਼ੀਆਈ ਬਾਜ਼ਾਰਾਂ ਵਿੱਚ ਬ੍ਰੈਂਟ ਕਰੂਡ 7 ਫ਼ੀਸਦੀ ਦੇ ਉਛਾਲ ਨਾਲ 95.9 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਿਆ।

ਤੇਲ ਬਾਜ਼ਾਰ ਵਿੱਚ ਇਹ ਹਲਚਲ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਬਿਆਨ ਤੋਂ ਬਾਅਦ ਆਈ ਹੈ, ਜਿਸ ਵਿੱਚ ਉਨ੍ਹਾਂ ਨੇ ਅਮਰੀਕੀ ਨੇਵੀ ਵੱਲੋਂ ਇੱਕ ਇਰਾਨੀ ਕਾਰਗੋ ਜਹਾਜ਼ ਨੂੰ ਜ਼ਬਤ ਕਰਨ ਦੀ ਪੁਸ਼ਟੀ ਕੀਤੀ ਹੈ। ਹੋਰਮੁਜ਼ ਦੇ ਲਾਂਘੇ ਵਿੱਚ ਦੋ ਭਾਰਤੀ ਜਹਾਜ਼ਾਂ 'ਤੇ ਹਮਲੇ ਹੋਏ ਹਨ। ਇੱਕ ਟੈਂਕਰ 'ਤੇ ਗੋਲੀਬਾਰੀ ਕੀਤੀ ਗਈ, ਜਦੋਂ ਕਿ ਦੂਜੇ 'ਤੇ ਅਣਪਛਾਤਾ ਗੋਲਾ ਲੱਗਿਆ। ਇਰਾਨ ਦੇ ਰੈਵੋਲਿਊਸ਼ਨਰੀ ਗਾਰਡਸ ਦੀਆਂ ਦੋ ਗਨਬੋਟਾਂ ਨੇ ਭਾਰਤੀ ਝੰਡੇ ਵਾਲੇ ਤੇਲ ਟੈਂਕਰ 'ਤੇ ਗੋਲੀਬਾਰੀ ਕੀਤੀ। ਜਹਾਜ਼ ਦੇ ਕਪਤਾਨ ਅਨੁਸਾਰ, ਇਰਾਨੀ ਕਿਸ਼ਤੀਆਂ ਨੇ ਬਿਨਾਂ ਕਿਸੇ ਚਿਤਾਵਨੀ ਜਾਂ ਰੇਡੀਓ ਸੰਪਰਕ ਦੇ ਗੋਲੀਆਂ ਚਲਾਈਆਂ, ਜਿਸ ਨਾਲ ਜਹਾਜ਼ ਦੇ 'ਬ੍ਰਿਜ' (ਕੰਟਰੋਲ ਰੂਮ) ਦੀਆਂ ਖਿੜਕੀਆਂ ਦੇ ਸ਼ੀਸ਼ੇ ਟੁੱਟ ਗਏ। ਖ਼ੁਸ਼ਕਿਸਮਤੀ ਨਾਲ, ਚਾਲਕ ਦਲ ਦੇ ਸਾਰੇ ਮੈਂਬਰ ਸੁਰੱਖਿਅਤ ਰਹੇ। ਇਸ ਘਟਨਾ ਤੋਂ ਬਾਅਦ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇਰਾਨੀ ਰਾਜਦੂਤ ਨੂੰ ਤਲਬ ਕਰਕੇ ਸਖ਼ਤ ਵਿਰੋਧ ਦਰਜ ਕਰਵਾਇਆ। ਜਿੱਥੇ ਇਸ ਰਸਤੇ ਤੋਂ ਰੋਜ਼ਾਨਾ ਔਸਤਨ 138 ਜਹਾਜ਼ ਗੁਜ਼ਰਦੇ ਸਨ, ਉੱਥੇ ਹੀ ਬੀਤੇ ਦਿਨ ਸਿਰਫ਼ 19-20 ਜਹਾਜ਼ ਹੀ ਲੰਘ ਸਕੇ।

ਇਰਾਨ ਨੇ ਹੋਰਮੁਜ਼ ਦੇ ਲਾਂਘੇ 'ਤੇ ਆਪਣੀ ਪ੍ਰਭੁਸੱਤਾ ਜਤਾਉਂਦੇ ਹੋਏ ਇੱਕ ਨਵੀਂ ਘੋਸ਼ਣਾ ਕੀਤੀ ਹੈ। ਇਰਾਨ ਹੁਣ ਇਸ ਰਸਤੇ ਤੋਂ ਗੁਜ਼ਰਨ ਵਾਲੇ ਤੇਲ ਟੈਂਕਰਾਂ ਤੋਂ 1 ਡਾਲਰ ਪ੍ਰਤੀ ਬੈਰਲ ਦਾ ਟੋਲ ਵਸੂਲੇਗਾ। ਇਹ ਭੁਗਤਾਨ ਸਿਰਫ਼ ਕ੍ਰਿਪਟੋਕਰੰਸੀ ਵਿੱਚ ਲਿਆ ਜਾਵੇਗਾ। ਇਰਾਨ ਦਾ ਤਰਕ ਹੈ ਕਿ ਇਸ ਨਾਲ ਉਹ ਹਥਿਆਰਾਂ ਦੀ ਤਸਕਰੀ ਰੋਕ ਸਕੇਗਾ।

ਅਮਰੀਕਾ ਅਤੇ ਇਰਾਨ ਵਿਚਾਲੇ ਚੱਲ ਰਹੀ ਜੰਗ ਨੇ ਨਾ ਸਿਰਫ਼ ਮਿਡਲ ਈਸਟ (ਮੱਧ ਪੂਰਬ) ਨੂੰ ਦਹਿਲਾ ਦਿੱਤਾ ਹੈ, ਸਗੋਂ ਵਿਸ਼ਵ ਦੀ ਆਰਥਿਕਤਾ ਦੀ ਨੀਂਹ ਵੀ ਹਿਲਾ ਦਿੱਤੀ ਹੈ। ਅੰਤਰਰਾਸ਼ਟਰੀ ਮਾਹਿਰਾਂ ਨੇ ਇੱਕ ਬੇਹੱਦ ਡਰਾਉਣੀ ਭਵਿੱਖਬਾਣੀ ਕਰਦਿਆਂ ਕਿਹਾ ਹੈ ਕਿ ਜੇਕਰ ਇਹ ਜੰਗ ਅੱਜ ਵੀ ਖ਼ਤਮ ਹੋ ਜਾਵੇ, ਤਾਂ ਵੀ ਤੇਲ ਅਤੇ ਗੈਸ ਦੀਆਂ ਕੀਮਤਾਂ ਨੂੰ ਆਮ ਪੱਧਰ 'ਤੇ ਆਉਣ ਲਈ ਸਾਲ 2030 ਤੱਕ ਦਾ ਇੰਤਜ਼ਾਰ ਕਰਨਾ ਪੈ ਸਕਦਾ ਹੈ।

ਪਿਛਲੇ 51 ਦਿਨਾਂ ਤੋਂ ਜਾਰੀ ਇਸ ਟਕਰਾਅ ਨੇ ਖਾੜੀ ਦੇਸ਼ਾਂ ਦੇ ਊਰਜਾ ਢਾਂਚੇ ਨੂੰ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ:

ਇਰਾਨ ਦਾ ਨੁਕਸਾਨ: ਸਭ ਤੋਂ ਅਹਿਮ 'ਸਾਊਥ ਪਾਰਸ' ਗੈਸ ਫੀਲਡ ਅਤੇ ਰਿਫਾਇਨਰੀਆਂ ਠੱਪ ਹਨ। ਇਨ੍ਹਾਂ ਦੀ ਮੁਰੰਮਤ ਵਿੱਚ 5 ਸਾਲ ਲੱਗ ਸਕਦੇ ਹਨ।

ਕਤਰ ਤੇ ਸਾਊਦੀ ਅਰਬ: ਵਿਸ਼ਵ ਦੀ 20% ਗੈਸ ਸਪਲਾਈ ਕਰਨ ਵਾਲੇ ਕਤਰ ਦੇ 'ਰਾਸ ਲਾਫਾਨ' ਟਰਮੀਨਲ ਅਤੇ ਸਾਊਦੀ ਅਰਬ-15 ਦੇ ਮੁੱਖ ਪਲਾਂਟਾਂ 'ਤੇ ਹਮਲਿਆਂ ਕਾਰਨ ਉਤਪਾਦਨ ਰੁਕਿਆ ਹੋਇਆ ਹੈ।

ਦੁਨੀਆ ਦੇ ਸਭ ਤੋਂ ਮਹੱਤਵਪੂਰਨ ਸਮੁੰਦਰੀ ਰਸਤੇ ਵਿੱਚ 128 ਤੇਲ ਟੈਂਕਰ ਫਸੇ ਹੋਏ ਹਨ। ਰਸਤਾ ਸਾਫ਼ ਕਰਨ ਵਿੱਚ ਹੀ ਘੱਟ-ਘੱਟ 3 ਮਹੀਨੇ ਲੱਗਣਗੇ। (ਬਾਕੀ ਸਫ਼ਾ 26 'ਤੇ)

ਪੰਜਾਬ 'ਚ 'ਡਾਲਰਾਂ ਦੀ ਚਮਕ' ਪਿੱਛੇ ਲੁਕਿਆ ਬਰਬਾਦੀ ਦਾ ਜਾਲ

ਫਰਜ਼ੀ ਏਜੰਟਾਂ ਦੇ ਨੈੱਟਵਰਕ ਦੇ ਬਾਵਜੂਦ ਨੌਜਵਾਨਾਂ 'ਚ ਵਿਦੇਸ਼ ਜਾਣ ਦਾ ਜਨੂੰਨ ਬਰਕਰਾਰ

ਪੰਜਾਬ ਦੀ ਧਰਤੀ ਤੋਂ ਹਰ ਸਾਲ ਹਜ਼ਾਰਾਂ ਨੌਜਵਾਨ ਬਿਹਤਰ ਭਵਿੱਖ ਦੀ ਭਾਲ ਵਿੱਚ ਸੱਤ ਸਮੁੰਦਰੋਂ ਪਾਰ ਉਡਾਰੀ ਮਾਰਦੇ ਹਨ। ਪਰ ਇਸ ਸੁਪਨੇ ਦੀ ਆੜ ਵਿੱਚ 'ਠੱਗੀ ਦੀ ਦੁਕਾਨ' ਚਲਾ ਰਹੇ ਫਰਜ਼ੀ ਟ੍ਰੈਵਲ ਏਜੰਟਾਂ ਦਾ ਜਾਲ ਹੁਣ ਪੂਰੇ ਸੂਬੇ ਵਿੱਚ ਮੱਕੜੀ ਦੇ ਜਾਲ ਵਾਂਗ ਫੈਲ ਚੁੱਕਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਵਿਦੇਸ਼ਾਂ ਵਿੱਚ ਵਾਪਰਦੇ ਹਾਦਸਿਆਂ ਅਤੇ ਰੋਜ਼ਾਨਾ ਹੁੰਦੀਆਂ ਠੱਗੀਆਂ ਦੇ ਬਾਵਜੂਦ, ਪੰਜਾਬੀ ਨੌਜਵਾਨਾਂ ਵਿੱਚ ਵਿਦੇਸ਼ ਜਾਣ ਦਾ ਕ੍ਰੇਜ਼ ਘਟਣ ਦੀ ਬਜਾਏ ਹੋਰ ਵਧਦਾ ਜਾ ਰਿਹਾ ਹੈ।

ਨੌਜਵਾਨਾਂ ਦੇ ਇਸ ਰੁਝਾਨ ਪਿੱਛੇ ਸਿਰਫ਼ ਪੈਸਾ ਕਮਾਉਣ ਦੀ ਲਾਲਸਾ ਨਹੀਂ, ਸਗੋਂ ਦੇਸ਼ ਦੇ ਮੌਜੂਦਾ ਹਾਲਾਤ ਵੀ ਜ਼ਿੰਮੇਵਾਰ ਹਨ। ਰਿਪੋਰਟ ਮੁਤਾਬਕ ਵਧਦੀ ਮਹਿੰਗਾਈ ਕਾਰਨ ਮੱਧਵਰਗੀ ਪਰਿਵਾਰਾਂ ਲਈ ਘਰ ਦਾ ਗੁਜ਼ਾਰਾ ਕਰਨਾ ਔਖਾ ਹੋ ਗਿਆ ਹੈ। ਪ੍ਰਾਈਵੇਟ ਹਸਪਤਾਲਾਂ ਦੇ ਮਹਿੰਗੇ ਇਲਾਜ ਅਤੇ ਸਕੂਲਾਂ-ਕਾਲਜਾਂ ਦੀਆਂ ਅਸਮਾਨੀ ਚੜ੍ਹੀਆਂ ਫੀਸਾਂ ਨੇ ਲੋਕਾਂ ਦਾ ਲੱਕ ਤੋੜ ਦਿੱਤਾ ਹੈ। ਸੂਬੇ ਵਿੱਚ ਕਾਨੂੰਨ ਵਿਵਸਥਾ ਦੀ ਨਾਜ਼ੁਕ ਸਥਿਤੀ ਅਤੇ ਭ੍ਰਿਸ਼ਟਾਚਾਰ ਤੋਂ ਤੰਗ ਆ ਕੇ ਮਾਪੇ ਖੁਦ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਇਸ 'ਲਚਰ ਪ੍ਰਣਾਲੀ' ਤੋਂ ਬਾਹਰ ਨਿਕਲ ਜਾਣ।

ਲਾਈਸੈਂਸ ਘੱਟ, ਠੱਗ ਜ਼ਿਆਦਾ: ਪੰਜਾਬ ਦੀ ਅਰਥਵਿਵਸਥਾ ਨੂੰ ਲੱਗੀ ਸਿਉਂਕ

ਪੰਜਾਬ ਵਿੱਚ ਅੱਜ-ਕੱਲ੍ਹ ਅਸਲੀ ਅਤੇ ਮਾਨਤਾ ਪ੍ਰਾਪਤ ਟ੍ਰੈਵਲ ਏਜੰਟਾਂ ਨਾਲੋਂ ਨਕਲੀ ਏਜੰਟਾਂ ਦੀ ਗਿਣਤੀ ਕਿਤੇ ਜ਼ਿਆਦਾ ਹੋ ਗਈ ਹੈ। ਇਹ ਏਜੰਟ ਪੰਜਾਬ ਦੀ ਅਰਥ-ਵਿਵਸਥਾ ਨੂੰ ਅੰਦਰੋਂ-ਅੰਦਰ ਖੋਖਲਾ ਕਰ ਰਹੇ ਹਨ। ਇਹ ਏਜੰਟ ਖ਼ਾਸ ਕਰਕੇ ਉਨ੍ਹਾਂ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਂਦੇ ਹਨ ਜੋ ਅਨਪੜ੍ਹ ਜਾਂ ਘੱਟ ਪੜ੍ਹੇ-ਲਿਖੇ ਹਨ। 'ਚੇਨ ਸਿਸਟਮ' ਰਾਹੀਂ ਇਹ ਲੋਕ ਹੋਟਲਾਂ, ਕਾਲਜਾਂ ਅਤੇ ਕੋਚਿੰਗ ਸੈਂਟਰਾਂ ਵਿੱਚ ਆਪਣੇ ਸ਼ਿਕਾਰ ਲੱਭਦੇ ਹਨ। ਇੱਕ ਅੰਦਾਜ਼ੇ ਮੁਤਾਬਕ, ਇਹ ਏਜੰਟ ਪ੍ਰਤੀ ਵਿਅਕਤੀ 1.5 ਤੋਂ 2 ਲੱਖ ਰੁਪਏ ਦੀ ਠੱਗੀ ਮਾਰਦੇ ਹਨ ਅਤੇ ਬਾਅਦ ਵਿੱਚ ਪੀੜਤ ਪੁਲਸ ਥਾਣਿਆਂ ਦੇ ਚੱਕਰ ਕੱਟਣ ਲਈ ਮਜਬੂਰ ਹੁੰਦੇ ਹਨ।

ਜਾਨ ਜੋਖਮ ਵਿੱਚ ਪਾ ਕੇ 'ਡੰਕੀ' ਲਗਾਉਣ ਦਾ ਰੁਝਾਨ

ਅਮਰੀਕਾ, ਕੈਨੇਡਾ ਅਤੇ ਆਸਟ੍ਰੇਲੀਆ ਪੰਜਾਬੀਆਂ ਦੀ ਪਹਿਲੀ ਪਸੰਦ ਹਨ, ਪਰ ਇੱਥੇ ਨਾ ਪਹੁੰਚ ਸਕਣ ਵਾਲੇ ਨੌਜਵਾਨ ਗ਼ੈਰ-ਕਾਨੂੰਨੀ ਤਰੀਕਿਆਂ (ਡੌਂਕੀ ਮਾਰਗ) ਰਾਹੀਂ ਯੂਰਪ ਜਾਣ ਦੀ ਕੋਸ਼ਿਸ਼ ਕਰਦੇ ਹਨ। ਇਸ ਚੱਕਰ ਵਿੱਚ ਕਈ ਨੌਜਵਾਨ ਵਿਦੇਸ਼ੀ ਜੇਲ੍ਹਾਂ ਵਿੱਚ ਸੜ ਰਹੇ ਹਨ। ਬਹੁਤ ਸਾਰੇ ਨੌਜਵਾਨਾਂ ਨੂੰ ਅੰਡਰਗ੍ਰਾਊਂਡ ਰਹਿ ਕੇ ਨਰਕ ਭਰੀ ਜ਼ਿੰਦਗੀ ਜਿਊਣੀ ਪੈ ਰਹੀ ਹੈ। ਕਈ ਮਾਮਲਿਆਂ ਵਿੱਚ ਨੌਜਵਾਨਾਂ ਨੂੰ ਆਪਣੀ ਜਾਨ ਤੋਂ ਹੱਥ ਵੀ ਧੋਣੇ ਪਏ ਹਨ।

ਸਰਕਾਰ ਦੇ ਦਾਅਵੇ ਬਨਾਮ ਹਕੀਕਤ

ਸੱਤਾ ਵਿੱਚ ਆਉਣ ਤੋਂ ਪਹਿਲਾਂ 'ਆਮ ਆਦਮੀ ਪਾਰਟੀ' ਨੇ ਵਾਅਦਾ ਕੀਤਾ ਸੀ ਕਿ ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਕੇ ਵਿਦੇਸ਼ ਜਾਣ ਦੀ ਲੋੜ ਨਹੀਂ ਰਹਿਣ ਦਿੱਤੀ ਜਾਵੇਗੀ। ਪਰ ਤਸਵੀਰ ਇਸ ਦੇ ਉਲਟ ਹੈ। ਅੱਜ ਵੀ ਹਜ਼ਾਰਾਂ ਸਰਕਾਰੀ ਅਸਾਮੀਆਂ ਖਾਲੀ ਪਈਆਂ ਹਨ। ਪੜ੍ਹੇ-ਲਿਖੇ ਨੌਜਵਾਨ ਬੇਰੁਜ਼ਗਾਰੀ ਕਾਰਨ ਜਾਂ ਤਾਂ ਵਿਦੇਸ਼ ਜਾ ਰਹੇ ਹਨ ਜਾਂ ਫਿਰ ਰੁਜ਼ਗਾਰ ਲਈ ਦਿੱਲੀ-ਮੁੰਬਈ ਵਰਗੇ ਸ਼ਹਿਰਾਂ ਵੱਲ ਹਿਜਰਤ ਕਰ ਰਹੇ ਹਨ। ਜਿੰਨਾ ਚਿਰ ਸੂਬੇ ਵਿੱਚ ਸਿੱਖਿਆ, ਸਿਹਤ ਅਤੇ ਰੁਜ਼ਗਾਰ ਦੇ (ਬਾਕੀ ਸਫ਼ਾ 26 'ਤੇ)

ਜਥੇਦਾਰ ਅਕਾਲ ਤਖ਼ਤ ਸਾਹਿਬ ਭਾਈ ਰਾਜੋਆਣਾ ਦੀ ਪਟੀਸ਼ਨ ਬਾਰੇ ਫ਼ੈਸਲਾ ਕਰਨ: ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਬਲਵੰਤ ਸਿੰਘ ਰਾਜੋਆਣਾ ਦੀ ਫ਼ਾਂਸੀ ਦੀ ਸਜ਼ਾ ਮੁਆਫ਼ੀ ਸਬੰਧੀ ਦਾਇਰ ਪਟੀਸ਼ਨ ਵਾਪਸ ਲੈਣ ਬਾਰੇ ਫ਼ੈਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਸੌਂਪ ਦਿੱਤਾ ਹੈ। ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਕਮੇਟੀ ਆਗੂਆਂ ਨੇ ਜਥੇਦਾਰ ਨੂੰ ਇਸ ਸਬੰਧੀ ਯੋਗ ਆਦੇਸ਼ ਦੇਣ ਦੀ ਅਪੀਲ ਕੀਤੀ ਹੈ। ਮੀਟਿੰਗ 'ਚ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚ ਪੰਜਾਬ ਦੀ ਨੁਮਾਇੰਦਗੀ ਅਤੇ ਭਗਤ ਰਵਿਦਾਸ ਦੀ 650 ਸਾਲਾ ਜਨਮ ਸ਼ਤਾਬਦੀ ਮਨਾਉਣ ਸਮੇਤ ਸ਼੍ਰੋਮਣੀ ਕਮੇਟੀ ਅਤੇ ਗੁਰਦੁਆਰਾ ਸਾਹਿਬਾਨ ਨਾਲ ਸਬੰਧਿਤ ਮਾਮਲੇ ਵੀ ਵਿਚਾਰੇ ਗਏ।

ਮੀਟਿੰਗ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਧਾਮੀ ਨੇ ਦੱਸਿਆ ਕਿ ਭਾਈ ਰਾਜੋਆਣਾ ਦੀ ਸਜ਼ਾ ਤਬਦੀਲ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਨੇ 14 ਸਾਲ ਪਹਿਲਾਂ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ 'ਤੇ ਹੀ ਪਟੀਸ਼ਨ ਪਾਈ ਸੀ। ਕੇਂਦਰ ਸਰਕਾਰ ਦੇ ਅੜੀਅਲ ਰਵੱਈਏ ਕਾਰਨ ਭਾਈ ਰਾਜੋਆਣਾ ਹੁਣ ਵਾਰ-ਵਾਰ ਇਹ ਅਪੀਲ ਵਾਪਸ ਲੈਣ ਦੀ ਮੰਗ ਕਰ ਰਹੇ ਹਨ। ਹੁਣ ਇਹ ਮਾਮਲਾ ਅਕਾਲ ਤਖ਼ਤ ਸਾਹਿਬ ਨੂੰ ਸੌਂਪ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੇ ਹੁਕਮਾਂ 'ਤੇ ਹੀ ਪਹਿਰਾ ਦਿੱਤਾ ਜਾਵੇਗਾ। ਪੰਜਾਬ ਦੇ ਅਧਿਕਾਰਾਂ ਦਾ ਜ਼ਿਕਰ ਕਰਦਿਆਂ ਸ਼੍ਰੋਮਣੀ ਕਮੇਟੀ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ ਬੀ ਐੱਮ ਬੀ) ਵਿੱਚ ਸੂਬੇ ਦੀ ਨੁਮਾਇੰਦਗੀ ਘਟਾਉਣ ਦੇ ਫ਼ੈਸਲੇ ਦੀ ਸਖ਼ਤ ਨਿਖੇਧੀ ਕੀਤੀ ਹੈ। ਇਸ ਦੌਰਾਨ ਭਗਤ ਰਵਿਦਾਸ ਦੀ 650 ਸਾਲਾ ਜਨਮ ਸ਼ਤਾਬਦੀ ਮਨਾਉਣ ਲਈ ਵਿਸ਼ੇਸ਼ ਸਬ-ਕਮੇਟੀ ਬਣਾਉਣ ਦੀ ਪ੍ਰਵਾਨਗੀ ਦਿੱਤੀ ਗਈ। ਇਸ ਤੋਂ ਇਲਾਵਾ ਸ੍ਰੀ ਕੀਰਤਪੁਰ ਸਾਹਿਬ ਦੇ 400 ਸਾਲਾ ਸਥਾਪਨਾ ਦਿਵਸ ਸਬੰਧੀ 29 ਅਪ੍ਰੈਲ ਤੋਂ ਪਹਿਲੀ ਮਈ ਤੱਕ ਹੋਣ ਵਾਲੇ ਸਮਾਗਮਾਂ ਦੀ ਰੂਪ-ਰੇਖਾ ਵੀ ਉਲੀਕੀ ਗਈ।

ਅੰਤ੍ਰਿੰਗ ਕਮੇਟੀ ਨੇ ਸ੍ਰੀ ਫ਼ਤਹਿਗੜ੍ਹ ਸਾਹਿਬ ਨੇੜੇ ਸੜਕ ਹਾਦਸੇ ਦਾ ਸ਼ਿਕਾਰ ਹੋਏ ਸ਼ਰਧਾਲੂਆਂ ਦੇ ਪਰਿਵਾਰਾਂ ਨੂੰ ਇੱਕ-ਇੱਕ ਲੱਖ ਰੁਪਏ ਦੇਣ ਦੀ ਪ੍ਰਵਾਨਗੀ ਦਿੱਤੀ ਹੈ। ਇਹ ਸ਼ਰਧਾਲੂ ਸ੍ਰੀ ਆਨੰਦਪੁਰ ਸਾਹਿਬ ਵਿਖੇ ਵਿਸਾਖੀ ਮਨਾ ਕੇ ਪਰਤ ਰਹੇ ਸਨ। ਇਸੇ ਤਰ੍ਹਾਂ ਲੁਧਿਆਣਾ ਦੇ ਕਰਤਾਰ ਨਗਰ ਸਥਿਤ ਗੁਰਦੁਆਰੇ ਵਿੱਚ ਨਿਸ਼ਾਨ ਸਾਹਿਬ ਦਾ ਚੋਲਾ ਬਦਲਦਿਆਂ ਜਾਨ ਗੁਆਉਣ ਵਾਲੇ ਮਨਿੰਦਰ ਸਿੰਘ ਦੇ ਪਰਿਵਾਰ ਨੂੰ ਵੀ ਇੱਕ ਲੱਖ ਰੁਪਏ ਸਹਾਇਤਾ ਰਾਸ਼ੀ ਦਿੱਤੀ ਜਾਵੇਗੀ।

'ਮਿਸਲ ਸਤਲੁਜ' ਵੱਲੋਂ ਭਾਖੜਾ ਬੋਰਡ 'ਚੋਂ ਪੰਜਾਬ ਦੀ ਸਥਾਈ ਮੈਂਬਰਸ਼ਿਪ ਖ਼ਤਮ ਕਰਨ ਦਾ ਵਿਰੋਧ

ਕੇਂਦਰ ਦੇ ਫ਼ੈਸਲੇ ਖ਼ਿਲਾਫ਼ ਮਿਸਲ ਸਤਲੁਜ ਦਾ ਪਟਿਆਲਾ ਵਿੱਚ ਰੋਸ ਪ੍ਰਦਰਸ਼ਨ

ਪਟਿਆਲਾ/ਏ.ਟੀ.ਨਿਊਜ਼: ਮਿਸਲ ਸਤਲੁਜ ਜਥੇਬੰਦੀ ਵੱਲੋਂ ਜਿੱਥੇ ਕੇਂਦਰ ਸਰਕਾਰ ਵੱਲੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪੰਜਾਬ ਦੀ ਸਥਾਈ ਮੈਂਬਰਸ਼ਿਪ ਖ਼ਤਮ ਕਰਨ ਦਾ ਵਿਰੋਧ ਜਾ ਰਿਹਾ ਹੈ ਉਸੇ ਲੜੀ ਤਹਿਤ ਪਿਛਲੇ ਦਿਨੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਮੁੱਖ ਗੇਟ ਉੱਤੇ ਮਿਸਲ ਸਤਲੁਜ ਜਥੇਬੰਦੀ ਨੇ ਕੇਂਦਰ ਸਰਕਾਰ ਵੱਲੋਂ ਭਾਖੜਾ ਬਿਆਸ ਮੈਨੇਜਮੈਂਟ ਫ਼ੈਸਲੇ ਦੇ ਵਿਰੋਧ ਵਿੱਚ ਪ੍ਰਦਰਸ਼ਨ ਕੀਤਾ । ਇਸ ਮੌਕੇ ਮਿਸਲ ਸਤਲੁਜ ਦੇ ਯੂਥ ਵਿੰਗ ਦੇ ਕੌਮੀ ਪ੍ਰਧਾਨ ਯਾਦਵਿੰਦਰ ਸਿੰਘ ਯਾਦੂ ਅਲਾਲ ਨੇ ਦੱਸਿਆ ਕਿ ਕੇਂਦਰ ਸਰਕਾਰ ਰਾਜਸਥਾਨ ਅਤੇ ਹਿਮਾਚਲ ਨੂੰ ਸਥਾਈ ਮੈਂਬਰੀ ਦੇਣ ਦੀ ਤਿਆਰੀ ਕਰ ਰਹੀ ਹੈ । ਕੇਂਦਰ ਸਰਕਾਰ ਬੀ ਬੀ ਐੱਮ ਬੀ 'ਚ ਸਥਾਈ ਮੈਂਬਰਾਂ ਦੀ ਗਿਣਤੀ ਵਧਾਉਣ ਲਈ 'ਪੰਜਾਬ ਪੁਨਰਗਠਨ ਐਕਟ-1966' ਦੀ ਧਾਰਾ 79 (2) (ਏ) 'ਚ ਸੋਧ ਕਰੇਗੀ। ਪਹਿਲਾਂ ਬਿਜਲੀ ਲਈ ਪੰਜਾਬ ਤੇ ਸਿੰਚਾਈ ਲਈ ਹਰਿਆਣਾ ਤੋਂ ਸਥਾਈ ਅਧਿਕਾਰੀ ਨਿਯੁਕਤ ਕੀਤੇ ਜਾਦੇ ਸਨ ਹੁਣ ਕੇਂਦਰੀ ਬਿਜਲੀ ਮੰਤਰਾਲਾ ਜਲਦ ਹੀ ਪਾਰਲੀਮੈਂਟ 'ਚ ਰਾਜਸਥਾਨ ਤੇ ਹਿਮਾਚਲ ਪ੍ਰਦੇਸ਼ ਨੂੰ ਸਥਾਈ ਮੈਂਬਰਾਂ ਵਜੋਂ ਬੀ ਬੀ ਐੱਮ ਬੀ 'ਚ ਸ਼ਾਮਲ ਕਰਨ ਲਈ ਸੋਧ ਬਿੱਲ ਲੈ ਕੇ ਆ ਰਿਹਾ ਹੈ ।ਇਸ ਮੌਕੇ ਅਮਰਿੰਦਰ ਸਿੰਘ ਨੇ ਕਿਹਾ ਕਿ ਕਿ 40 ਫ਼ੀਸਦੀ ਖ਼ਰਚਾ ਚੁੱਕਣ ਦੇ ਬਾਵਜੂਦ ਹੁਣ ਪੰਜਾਬ ਦੀ ਵੁੱਕਤ ਘਟਾ ਨਵੇਂ ਮੈਂਬਰਾਂ ਵਜੋਂ ਹਿਮਾਚਲ ਪ੍ਰਦੇਸ਼ ਤੇ ਰਾਜਸਥਾਨ ਨੂੰ ਸ਼ਾਮਲ ਕਰਨ ਦੀ ਪ੍ਰਕਿਰਿਆ ਕੀਤੀ ਜਾ ਰਹੀ ਹੈ । ਹੁਸਨਦੀਪ ਸਿੰਘ ਨੇ ਕਿਹਾ ਕਿ ਪੰਜਾਬ ਦੀ ਮੌਜੂਦਾ ਸਰਕਾਰ ਬਿਆਨਾਂ ਤੱਕ ਸੀਮਿਤ ਰਹਿ ਮੂਕ ਦਰਸ਼ਕ ਬਣ ਦੇਖ ਰਹੀ ਹੈ। ਪਿਛਲੇ ਸਾਲ ਮੌਜੂਦਾ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ ਵਿੱਚ 5 ਮਈ ਨੂੰ ਪਾਸ ਕੀਤੇ ਮਤੇ ਕੌਮਾਂਤਰੀ ਰਿਪੇਰੀਅਨ ਕਾਨੂੰਨਾਂ ਅਨੁਸਾਰ ਪੰਜਾਬ ਦੇ ਦਰਿਆਈ ਪਾਣੀਆਂ ਉੱਤੇ ਪੰਜਾਬ ਦੇ ਹੱਕ ਨੂੰ ਤਿਲਾਂਜਲੀ ਦੇ ਰਹੇ ਸੀ ਪਹਿਲੇ ਮਤੇ ਵਿੱਚ ਕਿਹਾ ਗਿਆ ਹੈ ਕਿ 4000 ਕਿਊਸਿਕ ਪਾਣੀ ਹਰਿਆਣਾ ਰਾਜ ਨੂੰ ਜਾਰੀ ਰਹੇਗਾ, ਪਰ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਕਦੋਂ ਤੱਕ ਜਾਰੀ ਰਹੇਗਾ।ਉਨ੍ਹਾਂ ਕਿਹਾ ਕਿ ਮਤੇ 1981 ਦੇ ਗੈਰ-ਸੰਵਿਧਾਨਕ ਪੰਜਾਬ-ਵਿਰੋਧੀ ਸਮਝੌਤੇ ਨੂੰ ਸਵੀਕਾਰ ਕਰਦੇ ਹਨ ਜਦਕਿ ਪੰਜਾਬ ਵਿਧਾਨ ਸਭਾ ਨੇ 2004 ਵਿੱਚ ਇੱਕ ਐਕਟ ਪਾਸ ਕਰਕੇ ਇਸ ਨੂੰ ਰੱਦ ਕਰ ਦਿੱਤਾ ਸੀ। ਜਸਕਰਨ ਸਿੰਘ ਨੇ ਕਿਹਾ ਕਿ ਮਤਿਆਂ ਵਿੱਚ ਬੀ.ਬੀ.ਐਮ.ਬੀ. ਦੇ ਪੁਨਰਗਠਨ ਕਰਨ ਬਾਰੇ ਕਿਹਾ ਗਿਆ ਸੀ ਬਲਕਿ ਇਸ ਨੂੰ ਭੰਗ ਕਰ ਇਸ ਦਾ ਕੰਟਰੋਲ ਪੰਜਾਬ ਦੇ ਹੱਥਾਂ ਵਿੱਚ ਕਰਨ ਦਾ ਪ੍ਰਸਤਾਵ ਪੇਸ਼ ਕਰਨਾ ਚਾਹੀਦਾ ਸੀ ਜਿਸ ਦਾ ਨਤੀਜਾ ਅੱਜ ਭੁਗਤ ਰਹੇ ਹਾਂ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਅਸਲੀਅਤ ਜੱਗ ਜ਼ਾਹਿਰ ਹੋ ਚੁੱਕੀ ਹੈ ਕਿ ਪੰਜਾਬ ਸਰਕਾਰ ਨੇ ਕੇਂਦਰ ਅੱਗੇ ਗੋਡੇ ਟੇਕ ਦਿੱਤੇ ਹਨ। ਇਸ ਮੌਕੇ ਅਨਮੋਲ ਸਿੰਘ, ਪ੍ਰਭਨੂਰ ਸਿੰਘ,ਹਰਮਨਦੀਪ ਸਿੰਘ,ਸੁਖਵੀਰ ਸਿੰਘ,ਲਵਪ੍ਰੀਤ ਸਿੰਘ ਹਰਦੀਪ ਸਿੰਘ ਪਦੀਪ ਸਿੰਘ ਆਦਿ ਹਾਜ਼ਰ ਸਨ ।

'ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ' ਨੂੰ ਪ੍ਰਾਪਤ ਹੋਇਆ 12 ਬੀ ਦਾ ਦਰਜਾ

ਸਮੁੱਚੇ ਪੰਜਾਬ ਵਾਸੀਆਂ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਪੰਜਾਬ ਦੀ ਪਹਿਲੀ ਸਰਕਾਰੀ ਓਪਨ ਯੂਨੀਵਰਸਿਟੀ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਨੂੰ ਯੂ.ਜੀ.ਸੀ. ਐਕਟ, 1956 ਦੀ ਧਾਰਾ 12ਬੀ ਦੇ ਤਹਿਤ ਮਾਨਤਾ ਦਿੱਤੀ ਗਈ ਹੈ। ਇਹ ਅਹਿਮ ਪ੍ਰਾਪਤੀ ਵਾਈਸ-ਚਾਂਸਲਰ ਪ੍ਰੋ.ਰਤਨ ਸਿੰਘ ਦੀ ਯੋਗ ਰਹਿਨੁਮਾਈ ਅਤੇ ਦੂਰਅੰਦੇਸ਼ੀ ਸੋਚ ਸਦਕਾ ਸੰਭਵ ਹੋਈ ਹੈ, ਜਿਨ੍ਹਾਂ ਦੀ ਅਗਵਾਈ ਅਤੇ ਉਤਸ਼ਾਹ ਨੇ ਯੂਨੀਵਰਸਿਟੀ ਨੂੰ ਇਸ ਮੀਲ ਪੱਥਰ ਵੱਲ ਲਿਜਾਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। 12ਬੀ ਦਾ ਦਰਜਾ ਮਿਲਣ ਦੇ ਨਾਲ ਯੂਨੀਵਰਸਿਟੀ ਆਪਣੇ ਥੋੜੇ ਸਮੇਂ ਦੇ ਕਾਰਜਕਾਲ ਦੌਰਾਨ ਹੀ ਪੁਰਾਣੀਆਂ ਵੱਡੀਆਂ ਯੂਨੀਵਰਸਿਟੀਆਂ ਦੇ ਹਾਣ ਦੀ ਬਣ ਚੁਕੀ ਹੈ ਜੋ ਕਿ ਸਮੁਚੇ ਅਕਾਦਮਿਕ ਜਗਤ ਲਈ ਮਾਣ ਵਾਲੀ ਗੱਲ ਹੈ।

ਇਸ ਖੁਸ਼ੀ ਦੇ ਮੌਕੇ ਵਾਈਸ ਚਾਂਸਲਰ ਸਾਹਿਬ ਵੱਲੋਂ ਫੈਕਲਟੀ ਮੈਂਬਰਾਂ, ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਉਹਨਾਂ ਦੇ ਅਤੁੱਟ ਸਮਰਪਣ, ਸੁਹਿਰਦ ਯਤਨਾਂ ਅਤੇ ਸਮੂਹਿਕ ਵਚਨਬੱਧਤਾ ਲਈ ਤਹਿ ਦਿਲੋਂ ਵਧਾਈ ਦਿੱਤੀ, ਜਿਸ ਸਦਕਾ ਇਹ ਵੱਕਾਰੀ ਪ੍ਰਾਪਤੀ ਪ੍ਰਾਪਤ ਹੋਈ ਹੈ। ਇਹ ਮਾਨਤਾ ਨਾ ਸਿਰਫ਼ ਸਾਡੀ ਅਕਾਦਮਿਕ ਭਰੋਸੇਯੋਗਤਾ ਦਾ ਪ੍ਰਮਾਣ ਹੈ, ਸਗੋਂ ਯੂਨੀਵਰਸਿਟੀ ਦੇ ਉੱਤਮਤਾ ਵੱਲ ਸਫ਼ਰ ਵਿੱਚ ਇੱਕ ਨਿਰਣਾਇਕ ਕਦਮ ਵੀ ਹੈ ।

ਇਸ ਮੌਕੇ ਮਾਨਯੋਗ ਵਾਈਸ ਚਾਂਸਲਰ ਸਾਹਿਬ ਤੋਂ ਇਲਾਵਾ ਡਾਇਰੈਕਟਰ ਡਾ. ਕੁਲਦੀਪ ਵਾਲੀਆ, ਡੀਨ ਅਕਾਦਮਿਕ ਮਾਮਲੇ ਡਾ. ਅਮਿਤੋਜ ਸਿੰਘ, ਰਜਿਸਟਰਾਰ ਡਾ. ਬਲਜੀਤ ਸਿੰਘ ਖਹਿਰਾ, ਡਾਇਰੈਕਟਰ ਲੋਕ ਸੰਪਰਕ ਡਾ. ਸੁਖਦੇਵ ਸਿੰਘ ਅਤੇ ਯੂਨੀਵਰਸਿਟੀ ਦੇ ਹੋਰ ਸਾਰੇ ਅਧਿਕਾਰੀ ਅਤੇ ਕਰਮਚਾਰੀ ਹਾਜਿਰ ਸਨ।

ਭਾਰਤੀ ਪੰਜਾਬ 'ਚ ਪਾਕਿਸਤਾਨ ਦੇ ਟਿਊਬਵੈਲਾਂ ਕਾਰਨ ਘੱਟ ਸਕਦੈ ਪਾਣੀ

ਸਰਹੱਦ ਦੇ ਆਰ-ਪਾਰ ਪਾਣੀ ਦੇ ਸਰੋਤਾਂ ਦਾ ਵਿਆਪਕ ਅਧਿਐਨ ਕਰਵਾਉਣ ਦੀ ਲੋੜ : ਮਾਹਿਰ

ਚੰਡੀਗੜ੍ਹ/ਏ.ਟੀ.ਨਿਊਜ਼: ਦੇਸ਼ ਦੇ ਵਿਗਿਆਨੀਆਂ ਨੇ ਕਿਹਾ ਹੈ ਕਿ ਗੁਆਂਢੀ ਦੇਸ਼ ਪਾਕਿਸਤਾਨ ਵਿੱਚ ਟਿਊਬਵੈੱਲ ਖੇਤ ਨੂੰ ਸਿੰਚਾਈ ਕਰਨ ਲਈ ਧਰਤੀ ਹੇਠਲਾ ਪਾਣੀ ਬਾਹਰ ਕੱਢ ਰਹੇ ਹੋ ਸਕਦੇ ਹਨ ਜਿਸ ਲਈ ਸਰਹੱਦ ਪਾਰਲੇ ਸਰੋਤਾਂ ਦਾ ਅਧਿਐਨ ਕਰਨਾ ਜ਼ਰੂਰੀ ਹੈ।

ਪੰਜਾਬ ਸਰਕਾਰ ਜਿੱਥੇ ਪਾਣੀ ਦੀ ਸੰਭਾਲ ਅਤੇ ਜ਼ਮੀਨੀ ਪਾਣੀ ਦੇ ਪੱਧਰ ਨੂੰ ਮੁੜ ਸੁਧਾਰਨ ਲਈ ਆਪਣੀ 14-ਨੁਕਾਤੀ ਕਾਰਜ ਯੋਜਨਾ ਦੀ ਸਫ਼ਲਤਾ ਦੇ ਦਾਅਵੇ ਕਰ ਰਹੀ ਹੈ, ਉੱਥੇ ਹੀ ਇੱਕ ਨਵੀਂ ਚਿੰਤਾ ਸਾਹਮਣੇ ਆਈ ਹੈ। ਮਾਹਿਰਾਂ ਅਨੁਸਾਰ ਗੁਆਂਢੀ ਦੇਸ਼ ਪਾਕਿਸਤਾਨ ਵਿੱਚ ਲੱਗੇ ਟਿਊਬਵੈੱਲ ਪੰਜਾਬ ਦੇ ਜ਼ਮੀਨ ਹੇਠਲੇ ਪਾਣੀ ਨੂੰ ਖਿੱਚ ਰਹੇ ਹੋ ਸਕਦੇ ਹਨ, ਜਿਸ ਨਾਲ ਪਾਣੀ ਦੇ ਡਿੱਗਦੇ ਪੱਧਰ ਨੂੰ ਰੋਕਣ ਦੀਆਂ ਸਥਾਨਕ ਕੋਸ਼ਿਸ਼ਾਂ ਨੂੰ ਵੱਡਾ ਝਟਕਾ ਲੱਗ ਸਕਦਾ ਹੈ।

ਇਹ ਮੁੱਦਾ ਪੰਜਾਬ ਵਿੱਚ ਝੋਨੇ ਦੀ ਸਿੱਧੀ ਬਿਜਾਈ ਦੀ ਸੰਭਾਵਨਾ ਵਿਸ਼ੇ 'ਤੇ ਕਰਵਾਈ ਗਈ ਵਰਕਸ਼ਾਪ ਦੌਰਾਨ ਉਠਾਇਆ ਗਿਆ। ਮਾਹਿਰਾਂ ਨੇ ਮੰਗ ਕੀਤੀ ਹੈ ਕਿ ਸਰਹੱਦ ਦੇ ਆਰ-ਪਾਰ ਪਾਣੀ ਦੇ ਸਰੋਤਾਂ ਦਾ ਇੱਕ ਵਿਆਪਕ ਅਧਿਐਨ ਕੀਤਾ ਜਾਵੇ ਤਾਂ ਕਿ ਇਹ ਪਤਾ ਲਗਾਇਆ ਜਾ ਸਕੇ ਕਿ ਖੇਤੀਬਾੜੀ ਅਤੇ ਉਦਯੋਗਾਂ ਲਈ ਪਾਣੀ ਦੀ ਕਿੰਨੀ ਨਿਕਾਸੀ ਹੋ ਰਹੀ ਹੈ।

ਨੈਸ਼ਨਲ ਇੰਸਟੀਚਿਊਟ ਆਫ ਹਾਈਡਰੋਲੋਜੀ, ਰੁੜਕੀ ਦੇ ਵਿਗਿਆਨੀ ਗੋਪਾਲ ਕ੍ਰਿਸ਼ਨ ਨੇ ਕਿਹਾ ਕਿ ਜ਼ਮੀਨੀ ਪਾਣੀ ਦੀ ਕੋਈ ਸਿਆਸੀ ਸੀਮਾ ਨਹੀਂ ਹੁੰਦੀ। ਅੰਮ੍ਰਿਤਸਰ ਦੇ ਸਰਹੱਦੀ ਖੇਤਰਾਂ ਵਿੱਚ ਚੱਲ ਰਹੇ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਜ਼ਮੀਨ ਦੇ ਅੰਦਰ ਪਾਣੀ ਦਾ ਵਹਾਅ ਭਾਰਤ ਤੋਂ ਗੁਆਂਢੀ ਦੇਸ਼ ਵੱਲ ਹੈ। ਉਨ੍ਹਾਂ ਕਿਹਾ ਕਿ ਜੇਕਰ ਗੁਆਂਢੀ ਖੇਤਰਾਂ ਵਿੱਚ ਪਾਣੀ ਦੀ ਸੰਭਾਲ ਲਈ ਇਕੋ ਜਿਹੇ ਕਦਮ ਨਹੀਂ ਚੁੱਕੇ ਜਾਂਦੇ ਤਾਂ ਭਾਰਤ ਵਿੱਚ ਕੀਤੇ ਜਾ ਰਹੇ ਸੁਧਾਰਾਂ ਦਾ ਅਸਰ ਖ਼ਤਮ ਹੋ ਸਕਦਾ ਹੈ। ਉਨ੍ਹਾਂ ਨੇ ਡਾਟਾ ਸਾਂਝਾ ਕਰਨ ਅਤੇ ਸਾਂਝੀ ਨੀਤੀ ਬਣਾਉਣ 'ਤੇ ਜ਼ੋਰ ਦਿੱਤਾ।

ਸਰਕਾਰੀ ਅੰਕੜਿਆਂ ਮੁਤਾਬਕ ਪੰਜਾਬ ਵਿੱਚ ਹਰ ਸਾਲ 5.2 ਬਿਲੀਅਨ ਕਿਊਬਿਕ ਮੀਟਰ ਜ਼ਮੀਨੀ ਪਾਣੀ ਕੱਢਿਆ ਜਾ ਰਿਹਾ ਹੈ, ਜਿਸ ਕਾਰਨ ਪਾਣੀ ਦਾ ਪੱਧਰ ਸਾਲਾਨਾ 0.7 ਮੀਟਰ ਦੀ ਦਰ ਨਾਲ ਹੇਠਾਂ ਜਾ ਰਿਹਾ ਹੈ। ਰਾਜ ਦੇ 153 ਵਾਟਰ ਬਲਾਕਾਂ ਵਿੱਚੋਂ 115 ਦੀ ਹਾਲਤ ਅਤਿ-ਨਾਜ਼ੁਕ ਹੈ। ਹਾਲਾਂਕਿ, 2022 ਤੋਂ 2025 ਦੇ ਵਿਚਕਾਰ 17 ਬਲਾਕਾਂ ਵਿੱਚ ਸਥਿਤੀ ਵਿੱਚ ਸੁਧਾਰ ਹੋਇਆ ਹੈ। ਪੰਜਾਬ ਰਾਜ ਕਿਸਾਨ ਅਤੇ ਖੇਤ ਮਜ਼ਦੂਰ ਕਮਿਸ਼ਨ ਦੇ ਚੇਅਰਮੈਨ ਡਾ. ਸੁਖਪਾਲ ਨੇ ਵੀ ਇਸ ਸਰਹੱਦ ਪਾਰਲੇ ਅਧਿਐਨ ਦੀ ਲੋੜ ਦਾ ਸਮਰਥਨ ਕੀਤਾ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਸਤਬੀਰ ਸਿੰਘ ਗੋਸਲ ਨੇ ਸਪਸ਼ਟ ਕੀਤਾ ਕਿ ਜਿੰਨਾ ਚਿਰ ਦੂਜੀਆਂ ਫ਼ਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਨਹੀਂ ਮਿਲਦੀ, ਉਦੋਂ ਤੱਕ ਫ਼ਸਲੀ ਵਿਭਿੰਨਤਾ ਸੰਭਵ ਨਹੀਂ ਹੈ। ਉਨ੍ਹਾਂ ਕਿਹਾ ਕਿ ਝੋਨੇ ਹੇਠਲਾ ਰਕਬਾ ਘੱਟ ਹੋਣ ਦੀ ਸੰਭਾਵਨਾ ਨਹੀਂ ਹੈ, ਇਸ ਲਈ ਸਾਨੂੰ ਮੌਜੂਦਾ ਹਾਲਾਤ ਵਿੱਚ ਹੀ ਪਾਣੀ ਬਚਾਉਣ ਦੇ ਨਵੇਂ ਤਰੀਕੇ ਲੱਭਣੇ ਹੋਣਗੇ।

ਅੱਗੇ ਵੱਧਦੇ ਭਾਰਤ 'ਚ ਪਿੱਛੜਦੇ ਕਿਸਾਨ-ਮਜ਼ਦੂਰ

ਗਲ ਲੱਗ ਕੇ ਸੀਰੀ ਦੇ ਜੱਟ ਰੋਵੇ, ਬੋਹਲ਼ਾਂ 'ਚੋਂ ਨੀਰ ਵਗਿਆ

ਆਪਣੀਆਂ ਮੰਗਾਂ ਲਈ ਕਿਸਾਨ-ਮਜ਼ਦੂਰ ਸੰਘਰਸ਼ ਕਰਨ ਲਈ ਹੋਏ ਮਜਬੂਰ

ਜਦੋਂ ਪੰਜ ਸਾਲ ਪਹਿਲਾਂ ਦਿੱਲੀ ਦੀਆਂ ਬਰੂਹਾਂ 'ਤੇ ਕਿਸਾਨ ਅੰਦੋਲਨ ਚੱਲਿਆ ਸੀ ਤਾਂ ਇਸ ਦੀ ਸ਼ੁਰੂਆਤ ਪੰਜਾਬ ਤੋਂ ਹੋਈ ਸੀ ਅਤੇ ਪੰਜਾਬ ਦੇ ਹਰ ਵਰਗ ਦੇ ਲੋਕਾਂ ਨੇ ਇਸ ਕਿਸਾਨ ਅੰਦੋਲਨ ਵਿੱਚ ਤਨ, ਮਨ ਅਤੇ ਧਨ ਨਾਲ ਪੂਰਾ ਯੋਗਦਾਨ ਪਾਇਆ ਸੀ, ਜਿਸ ਕਾਰਨ ਕਿਸਾਨ ਅੰਦੋਲਨ ਸਫਲ ਹੋ ਗਿਆ ਸੀ ਅਤੇ ਸਰਕਾਰ ਨੂੰ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕਰਨ ਲਈ ਮਜਬੂਰ ਹੋਣਾ ਪਿਆ ਸੀ। ਉਸ ਸਮੇਂ ਸਮੂਹ ਪੰਜਾਬੀਆਂ ਨੂੰ ਆਸ ਬਣ ਗਈ ਸੀ ਕਿ ਕਿਸਾਨ ਅੰਦੋਲਨ ਵਿਚੋਂ ਪੰਜਾਬ ਦੀ ਨਵੀਂ ਲੀਡਰਸ਼ਿਪ ਦਾ ਉਭਾਰ ਹੋਵੇਗਾ ਜੋ ਕਿ ਪੰਜਾਬ ਦੀ ਸੱਤਾ ਦੀ ਵਾਗਡੋਰ ਸੰਭਾਲ ਕੇ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ 'ਤੇ ਲੈ ਜਾਵੇਗੀ ਪਰ ਅੰਦੋਲਨ ਦੀ ਸਫਲਤਾ ਤੋਂ ਬਾਅਦ ਕਿਸਾਨ ਜਥੇਬੰਦੀਆਂ ਵਿੱਚ ਫੁੱਟ ਪੈ ਗਈ ਅਤੇ ਇਹੀ ਫੁੱਟ ਕਿਸਾਨ ਜਥੇਬੰਦੀਆਂ ਨੂੰ ਲੈ ਕੇ ਬੈਠ ਗਈ। ਇਸ ਤੋਂ ਇਲਾਵਾ ਕਿਸਾਨ ਮਜ਼ਦੂਰ ਜਥੇਬੰਦੀਆਂ ਵੱਲੋਂ ਵਾਰ ਵਾਰ ਰੇਲ ਅਤੇ ਸੜਕ ਆਵਾਜਾਈ ਠੱਪ ਕਰਨ ਨਾਲ ਆਮ ਲੋਕ ਕਿਸਾਨ ਜਥੇਬੰਦੀਆਂ ਤੋਂ ਦੂਰ ਹੋ ਗਏ ਅਤੇ ਇਹਨਾਂ ਦੇ ਸੰਘਰਸ਼ ਦਾ ਵਿਰੋਧ ਕਰਨ ਲੱਗ ਪਏ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਿਸਾਨ ਜਥੇਬੰਦੀਆਂ ਨੇ ਵੀ ਆਪਣੇ ਉਮੀਦਵਾਰ ਖੜੇ ਕੀਤੇ ਸਨ, ਜਿਨ੍ਹਾਂ ਨੂੰ ਸਫਲਤਾ ਨਹੀਂ ਮਿਲੀ। ਇਸ ਅਸਫਲਤਾ ਦਾ ਵੱਡਾ ਕਾਰਨ ਇਹੋ ਸੀ ਕਿ ਕਿਸਾਨ ਜਥੇਬੰਦੀਆਂ ਵੱਲੋਂ ਆਪਣੇ ਸੰਘਰਸ਼ ਲਈ ਅਪਨਾਏ ਜਾ ਰਹੇ ਢੰਗਾਂ ਨਾਲ ਆਮ ਲੋਕ ਪ੍ਰੇਸ਼ਾਨ ਹੋ ਰਹੇ ਸਨ, ਜਿਸ ਕਾਰਨ ਉਹ ਕਿਸਾਨ ਜਥੇਬੰਦੀਆਂ ਤੋਂ ਦੂਰ ਹੁੰਦੇ ਗਏ। ਕਿਸਾਨਾਂ ਤੇ ਮਜਦੂਰਾਂ ਨੂੰ ਆਪਣੇ ਵਿਰੋਧ ਕਰਨ ਅਤੇ ਰੋਸ ਪ੍ਰਗਟਾਉਣ ਦੇ ਤਰੀਕੇ ਉਹ ਅਪਨਾਉਣੇ ਚਾਹੀਦੇ ਹਨ, ਜਿਸ ਨਾਲ ਆਮ ਲੋਕਾਂ ਨੂੰ ਕੋਈ ਪ੍ਰੇਸ਼ਾਨੀ ਨਾ ਆ ਸਕੇ।

ਜਗਮੋਹਨ ਸਿੰਘ 'ਲੱਕੀ'

ਭਾਰਤ ਦਿਨੋਂ ਦਿਨ ਤਰੱਕੀ ਕਰਕੇ ਵਿਸ਼ਵ ਦੀ ਵੱਡੀ ਤਾਕਤ ਬਣਨ ਦੇ ਰਾਹ 'ਤੇ ਲਗਾਤਾਰ ਅੱਗੇ ਵੱਧਦਾ ਜਾ ਰਿਹਾ ਹੈ ਪਰ ਇਸੇ ਦੇਸ਼ ਵਿੱਚ ਕਿਸਾਨ ਅਤੇ ਮਜ਼ਦੂਰ ਪਿੱਛੜਦੇ ਜਾ ਰਹੇ ਹਨ। ਦੇਸ਼ ਦੇ ਕਰੋੜਾਂ ਲੋਕਾਂ ਦਾ ਪੇਟ ਭਰਨ ਵਾਲਾ ਅੰਨਦਾਤਾ ਕਿਸਾਨ ਅੱਜ ਆਪਣੀਆਂ ਮੰਗਾਂ ਲਈ ਸੰਘਰਸ਼ ਕਰਨ ਲਈ ਮਜਬੂਰ ਹੋ ਗਿਆ ਹੈ। ਉਥੇ ਉਜਰਤਾਂ 'ਚ ਵਾਧੇ ਲਈ ਮਜਦੂਰ ਵੀ ਸੜਕਾਂ 'ਤੇ ਆ ਗਏ ਹਨ। ਪਹਿਲਾਂ ਬਰਸਾਤ ਅਤੇ ਗੜ੍ਹੇਮਾਰੀ ਕਾਰਨ ਪੰਜਾਬ ਅਤੇ ਹੋਰਨਾਂ ਸੂਬਿਆਂ ਦੇ ਕਿਸਾਨਾਂ ਦੀ ਕਣਕ ਦੀ ਫਸਲ ਅਤੇ ਹੋਰ ਫਸਲਾਂ ਖਰਾਬ ਹੋ ਗਈਆਂ। ਹੁਣ ਜੇ ਕਣਕ ਦੀ ਫਸਲ ਮੰਡੀਆਂ ਵਿੱਚ ਵਿਕਣ ਲਈ ਆਈ ਹੈ ਤਾਂ ਕਈ ਥਾਵਾਂ 'ਤੇ ਇਸ ਨੂੰ ਖ਼ਰੀਦਿਆ ਨਹੀਂ ਜਾ ਰਿਹਾ ਅਤੇ ਦਾਣੇ ਬਦਰੰਗ ਹੋਣ ਅਤੇ ਹੋਰ ਬਹਾਨੇ ਲਾ ਕੇ ਕਣਕ ਦੀ ਖਰੀਦ ਤੋਂ ਆਣਾਕਾਨੀ ਕੀਤੀ ਜਾ ਰਹੀ ਹੈ, ਜਿਸ ਕਾਰਨ ਮੰਡੀਆਂ ਵਿੱਚ ਕਣਕ ਲੈ ਕੇ ਆਏ ਕਿਸਾਨ ਬਹੁਤ ਪ੍ਰੇਸ਼ਾਨ ਹੋ ਰਹੇ ਹਨ। ਪੰਜਾਬ ਦੇ ਵੱਖ-ਵੱਖ ਖੇਤਰਾਂ ਵਿੱਚ ਇਸ ਵਾਰ ਮੌਸਮ ਦੀ ਬੇਰੁਖ਼ੀ ਨੇ ਕਣਕ ਦੀ ਫ਼ਸਲ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। ਬੇ-ਮੌਸਮੀ ਬਾਰਿਸ਼, ਤੇਜ਼ ਹਵਾਵਾਂ ਅਤੇ ਗੜੇਮਾਰੀ ਕਾਰਨ ਨਾ ਸਿਰਫ਼ ਫ਼ਸਲ ਦਾ ਝਾੜ ਘਟਿਆ ਹੈ, ਸਗੋਂ ਕਣਕ ਦਾ ਦਾਣਾ ਵੀ ਬਦਰੰਗ ਹੋ ਗਿਆ ਹੈ, ਜਿਸ ਨਾਲ ਇਸ ਦੀ ਗੁਣਵੱਤਾ 'ਤੇ ਵੀ ਗੰਭੀਰ ਅਸਰ ਪਿਆ ਹੈ। ਝਾੜ ਘਟਣ ਕਾਰਨ ਕਿਸਾਨਾਂ ਦਾ ਵੱਡਾ ਆਰਥਿਕ ਨੁਕਸਾਨ ਹੋਇਆ ਹੈ। ਕਿਸਾਨਾਂ ਅਨੁਸਾਰ ਕਈ ਇਲਾਕਿਆਂ ਵਿੱਚ ਕਣਕ ਦਾ ਝਾੜ 5 ਤੋਂ 15 ਮਣ ਪ੍ਰਤੀ ਏਕੜ ਤਕ ਘਟ ਗਿਆ ਹੈ। ਇਸ ਤਰ੍ਹਾਂ ਕਿਸਾਨਾਂ ਨੂੰ 5 ਤੋਂ 15 ਹਜ਼ਾਰ ਪ੍ਰਤੀ ਏਕੜ ਦੀ ਆਰਥਿਕ ਮਾਰ ਪਈ ਹੈ। ਖੇਤੀਬਾੜੀ ਵਿਭਾਗ ਦੇ ਮੁੱਢਲੇ ਮੁਲਾਂਕਣ ਅਨੁਸਾਰ 1.30 ਲੱਖ ਏਕੜ ਤੋਂ ਵੱਧ ਰਕਬੇ ਵਿੱਚ ਫਸਲਾਂ ਦੇ ਨੁਕਸਾਨ ਦਾ ਅਨੁਮਾਨ ਲਾਇਆ ਜਾ ਰਿਹਾ ਹੈ। ਕਿਸਾਨਾਂ ਵੱਲੋਂ ਪਹਿਲਾਂ ਕਣਕ ਦੀ ਖਰੀਦ ਤੇਜ਼ ਕਰਵਾਉਣ ਲਈ ਰੇਲ ਰੋਕੋ ਅੰਦੋਲਨ ਦਾ ਐਲਾਨ ਕੀਤਾ ਗਿਆ ਸੀ ਪਰ ਕੇਂਦਰ ਸਰਕਾਰ ਵੱਲੋਂ ਕਣਕ ਦੀ ਖਰੀਦ ਦੇ ਨਿਯਮਾਂ ਵਿੱਚ ਢਿੱਲ ਦੇਣ ਦੇ ਐਲਾਨ ਕਾਰਨ ਕਿਸਾਨਾਂ ਨੇ ਰੇਲ ਰੋਕੋ ਅੰਦੋਲਨ ਦਾ ਸੱਦਾ ਵਾਪਸ ਲੈ ਲਿਆ ਸੀ।

ਕੇਂਦਰ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਨੂੰ ਵੱਡੀ ਰਿਆਇਤ ਦਿੰਦਿਆਂ ਕਣਕ ਖਰੀਦ ਦੇ ਮਾਪਦੰਡਾਂ ਚ ਛੋਟ ਦੇਣ ਦਾ ਐਲਾਨ ਕੀਤਾ ਹੈ। ਕੇਂਦਰ ਸਰਕਾਰ ਦੇ ਨਵੇਂ ਐਲਾਨ ਮੁਤਾਬਕ, 70 ਫ਼ੀਸਦੀ ਤੱਕ ਬਦਰੰਗ ਕਣਕ ਨੂੰ ਖਰੀਦਣ ਦਾ ਐਲਾਨ ਕੀਤਾ ਹੈ। ਇਹੀ ਨਹੀਂ, ਨਾਲ ਹੀ 15 ਫ਼ੀਸਦੀ ਤੱਕ ਟੁੱਟੇ ਅਤੇ ਸੁੰਗੜੇ ਦਾਣੇ ਦੀ ਖਰੀਦ ਵੀ ਐਮ.ਐਸ.ਪੀ. ਦੇ ਤਹਿਤ ਹੀ ਕੀਤੀ ਜਾਵੇਗੀ। ਪੰਜਾਬ ਸਰਕਾਰ ਨੇ ਖਰਾਬ ਫਸਲ ਦੀ ਗਿਰਦਾਵਰੀ ਕਰਵਾ ਕੇ ਮੁਆਵਜਾ ਦੇਣ ਦਾ ਐਲਾਨ ਕੀਤਾ ਹੈ। ਇਹ ਪ੍ਰਕਿਰੀਆ ਲਗਾਤਾਰ ਚੱਲ ਰਹੀ ਹੈ। ਜਿਸ ਕਾਰਨ ਕਿਸਾਨਾਂ ਨੂੰ ਕੁਝ ਰਾਹਤ ਮਿਲਣ ਦੀ ਆਸ ਬਣ ਗਈ ਹੈ।

ਕਿਸਾਨਾਂ ਵਰਗਾ ਹੀ ਹਾਲ ਮਜ਼ਦੂਰਾਂ ਦਾ ਹੈ। ਖੇਤ ਮਜ਼ਦੂਰਾਂ ਤੋਂ ਲੈ ਕੇ ਫੈਕਟਰੀਆਂ, ਉਦਯੋਗਾਂ ਅਤੇ ਕੰਪਨੀਆਂ ਵਿੱਚ ਕੰਮ ਕਰਦੇ ਮਜ਼ਦੂਰਾਂ ਦੀ ਸਥਿਤੀ ਵਿੱਚ ਕੋਈ ਬਹੁਤ ਅੰਤਰ ਨਹੀਂ ਹੈ। ਮਜ਼ਦੂਰਾਂ ਦੇ ਇਹ ਸਾਰੇ ਵਰਗ ਹੀ ਇਸ ਸਮੇਂ ਕਈ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ। ਜੇ ਕਿਸਾਨ ਮੰਡੀਆਂ ਵਿੱਚ ਰੁਲ ਰਹੇ ਹਨ ਤਾਂ ਖੇਤ ਮਜ਼ਦੂਰ ਵੀ ਰੁਜ਼ਗਾਰ ਲਈ ਤਰਸ ਰਹੇ ਹਨ। ਜੇ ਕਿਸਾਨਾਂ ਦੀ ਫਸਲ ਵਿਕੇਗੀ ਤਾਂ ਹੀ ਉਹ ਮਜ਼ਦੂਰਾਂ ਨੂੰ ਉਹਨਾਂ ਦੀ ਮਜ਼ਦੂਰੀ ਦੇਵੇਗਾ। ਦੂਜੇ ਪਾਸੇ ਉਦਯੋਗਾਂ, ਫੈਕਟਰੀਆਂ, ਕੰਪਨੀਆਂ ਵਿੱਚ ਕੰਮ ਕਰਨ ਵਾਲੇ ਮਜ਼ਦੂਰ ਵੀ ਅੱਜ ਕੱਲ੍ਹ ਸੰਘਰਸ਼ ਦੇ ਰਾਹ ਪਏ ਹੋਏ ਹਨ। ਜਿਵੇਂ-ਜਿਵੇਂ ਭਾਰਤ ਸਰਕਾਰ ਹੌਲੀ-ਹੌਲੀ ਨਵੇਂ ਕਿਰਤ ਕੋਡ ਲਾਗੂ ਕਰ ਰਹੀ ਹੈ, ਭਾਰਤੀ ਕਾਮਿਆਂ ਵਿੱਚ ਤਣਾਅ ਵਧ ਰਿਹਾ ਹੈ। ਪਿਛਲੇ ਦਿਨੀਂ ਉੱਤਰ ਪ੍ਰਦੇਸ਼ ਦੇ ਨੋਇਡਾ ਵਿੱਚ ਉਦਯੋਗਿਕ ਅਸ਼ਾਂਤੀ ਸ਼ੁਰੂ ਹੋਈ ਅਤੇ ਤੇਜ਼ੀ ਨਾਲ ਦਿੱਲੀ ਰਾਸ਼ਟਰੀ ਰਾਜਧਾਨੀ ਖੇਤਰ (ਐਨ.ਸੀ.ਆਰ.) ਵਿੱਚ ਫੈਲ ਗਈ, ਜਿਸ ਵਿੱਚ ਹਰਿਆਣਾ ਦੇ ਫਰੀਦਾਬਾਦ ਅਤੇ ਮਾਨੇਸਰ (ਗੁਰੂਗ੍ਰਾਮ), ਰਾਜਸਥਾਨ ਦੇ ਭਿਵਾੜੀ, ਦਿੱਲੀ ਅਤੇ ਕਈ ਹੋਰ ਸਥਾਨ ਸ਼ਾਮਲ ਹਨ। ਉਦਯੋਗਿਕ ਖੇਤਰਾਂ ਵਿੱਚ ਘੱਟੋ-ਘੱਟ ਉਜਰਤ ਵਿੱਚ ਵਾਧੇ ਦੀ ਮੰਗ ਕਰ ਰਹੇ ਮਜ਼ਦੂਰਾਂ ਨੇ ਨਾ ਸਿਰਫ਼ ਸੜਕਾਂ ਜਾਮ ਕਰ ਦਿੱਤੀਆਂ, ਸਗੋਂ ਹਿੰਸਾ ਵੀ ਕੀਤੀ, ਵਾਹਨਾਂ ਨੂੰ ਅੱਗ ਲਗਾ ਦਿੱਤੀ, ਪੁਲਿਸ ਨਾਲ ਝੜਪਾਂ ਕੀਤੀਆਂ, ਪੱਥਰ ਸੁੱਟੇ ਅਤੇ ਫੈਕਟਰੀਆਂ ਦੀ ਭੰਨਤੋੜ ਕੀਤੀ। ਇਸ ਤੋਂ ਬਾਅਦ ਭਾਰੀ ਪੁਲਿਸ ਤਾਇਨਾਤ ਕੀਤੀ ਗਈ, ਜਿਨ੍ਹਾਂ ਨੇ ਕਈ ਥਾਂਵਾਂ 'ਤੇ ਪ੍ਰਦਰਸ਼ਨਕਾਰੀਆਂ ਨੂੰ ਕਾਬੂ ਕਰਨ ਲਈ ਲਾਠੀਚਾਰਜ ਅਤੇ ਜ਼ਬਰਦਸਤੀ ਕੀਤੀ। ਪੁਲਿਸ ਨੇ ਕਿਹਾ ਕਿ ਉਹ ਸਥਿਤੀ ਨੂੰ ਕਾਬੂ ਕਰਨ ਲਈ ਘੱਟੋ-ਘੱਟ ਤਾਕਤ ਦੀ ਵਰਤੋਂ ਕਰ ਰਹੇ ਸਨ।

ਇਸ ਸਾਲ ਦੀ ਸ਼ੁਰੂਆਤ ਵਿੱਚ ਹੀ ਕਿਸਾਨਾਂ ਅਤੇ ਮਜ਼ਦੂਰਾਂ ਵੱਲੋਂ ਸੰਘਰਸ਼ ਸ਼ੁਰੂ ਕੀਤਾ ਹੋਇਆ ਹੈ। ਇਸ ਸਾਲ ਦੇ ਫਰਵਰੀ ਮਹੀਨੇ ਦੌਰਾਨ ਬਿਹਾਰ ਦੇ ਬਰੌਨੀ ਵਿੱਚ ਮਜ਼ਦੂਰ ਘੱਟੋ-ਘੱਟ ਉਜਰਤ ਵਿੱਚ ਵਾਧੇ ਅਤੇ ਕੰਮ ਦੇ ਘੰਟੇ ਨਿਸ਼ਚਿਤ ਕਰਨ ਦੀ ਮੰਗ ਕਰਦੇ ਹੋਏ ਸੜਕਾਂ 'ਤੇ ਉਤਰ ਆਏ ਸਨ। ਇਹ ਰੁਝਾਨ ਸੂਰਤ, ਮਾਨੇਸਰ, ਪਾਣੀਪਤ ਅਤੇ ਫਿਰ ਨੋਇਡਾ ਤੱਕ ਫੈਲ ਗਿਆ। ਇਨ੍ਹਾਂ ਸਾਰੇ ਸਥਾਨਾਂ 'ਤੇ ਮੰਗਾਂ ਇੱਕੋ ਜਿਹੀਆਂ ਸਨ, ਜਿਨ੍ਹਾਂ ਵਿੱਚ ਘੱਟੋ-ਘੱਟ ਉਜਰਤ ਵਿੱਚ ਵਾਧਾ, ਉਚਿਤ ਓਵਰਟਾਈਮ ਭੁਗਤਾਨ, ਬਕਾਇਆ ਬਕਾਏ ਦਾ ਨਿਪਟਾਰਾ, ਅਤੇ ਸਥਾਈ ਕਰਮਚਾਰੀਆਂ ਦੇ ਮੁਕਾਬਲੇ ਸਹੂਲਤਾਂ ਸ਼ਾਮਲ ਸਨ। ਮਜ਼ਦੂਰ ਸੰਗਠਨਾਂ ਦਾ ਕਹਿਣਾ ਹੈ ਕਿ ਨਵੰਬਰ 2025 ਵਿੱਚ ਨਵਾਂ ਲੇਬਰ ਕੋਡ ਲਾਗੂ ਹੋਣ ਤੋਂ ਬਾਅਦ ਮਜ਼ਦੂਰਾਂ ਨੇ ਬਿਹਤਰ ਹਾਲਾਤਾਂ ਦੀ ਉਮੀਦ ਕੀਤੀ ਸੀ, ਪਰ ਅਜਿਹਾ ਨਹੀਂ ਹੋਇਆ। ਪਿਛਲੇ ਦਿਨੀਂ ਨੋਇਡਾ ਦੇ ਵਿਰੋਧ ਪ੍ਰਦਰਸ਼ਨ ਖਾਸ ਤੌਰ 'ਤੇ ਵਿਸ਼ਾਲ ਹੋ ਗਏ ਕਿਉਂਕਿ ਉੱਥੇ ਵੱਡੀ ਗਿਣਤੀ ਵਿੱਚ ਠੇਕਾ ਮਜ਼ਦੂਰ ਕੰਮ ਕਰਦੇ ਹਨ। ਇਹ ਕਾਮੇ ਠੇਕੇਦਾਰਾਂ ਰਾਹੀਂ ਕੰਮ ਕਰਦੇ ਹਨ ਅਤੇ ਉਨ੍ਹਾਂ ਨੂੰ ਸਥਾਈ ਨੌਕਰੀ ਸੁਰੱਖਿਆ ਦੀ ਘਾਟ ਹੈ, ਨਾ ਹੀ ਉਨ੍ਹਾਂ ਨੂੰ ਪੈਨਸ਼ਨਾਂ ਜਾਂ ਹੋਰ ਸਮਾਜਿਕ ਸੁਰੱਖਿਆ ਲਾਭ ਮਿਲਦੇ ਹਨ। ਮਜ਼ਦੂਰ ਵਰਗ ਵਿੱਚ ਅਜਿਹੀ ਅਸੰਤੁਸ਼ਟੀ ਕਿਸੇ ਵੀ ਸਰਕਾਰ ਲਈ ਇੱਕ ਚਿਤਾਵਨੀ ਹੈ ਕਿ ਜਨਤਾ ਉਸਦੀਆਂ ਨੀਤੀਆਂ ਤੋਂ ਸੰਤੁਸ਼ਟ ਨਹੀਂ ਹੈ ਅਤੇ ਇਸ ਲਈ, ਉਸ ਨੂੰ ਆਤਮ-ਨਿਰੀਖਣ ਕਰਨਾ ਚਾਹੀਦਾ ਹੈ। ਹਾਲਾਂ ਕਿ, ਮੌਜੂਦਾ ਭਾਜਪਾ ਸ਼ਾਸਨ ਅਧੀਨ, ਸਰਕਾਰ ਪ੍ਰਤੀ ਅਸੰਤੁਸ਼ਟੀ ਨੂੰ ਸਿੱਧੇ ਤੌਰ 'ਤੇ ਦੇਸ਼ ਵਿਰੁੱਧ ਬਗਾਵਤ ਮੰਨਿਆ ਜਾਂਦਾ ਹੈ। ਜਦੋਂ ਪੰਜ ਸਾਲ ਪਹਿਲਾਂ ਕਿਸਾਨ ਅੰਦੋਲਨ ਹੋਇਆ, ਤਾਂ ਇਸ ਨੂੰ ਖ਼ਾਲਿਸਤਾਨ ਅਤੇ ਅੱਤਵਾਦ ਨਾਲ ਜੋੜਿਆ ਗਿਆ। ਸ਼ਾਹੀਨ ਬਾਗ ਅੰਦੋਲਨ ਵਿੱਚ ਇੱਕ ਅੰਤਰਰਾਸ਼ਟਰੀ ਸਾਜ਼ਿਸ਼ ਦਿਖਾਈ ਦਿੱਤੀ। ਹੁਣ ਸਰਕਾਰ ਨੇ ਨੋਇਡਾ ਵਿੱਚ ਮਜ਼ਦੂਰਾਂ ਦੇ ਵਿਰੋਧ ਵਿੱਚ ਪਾਕਿਸਤਾਨ ਅਤੇ ਨਕਸਲਵਾਦ ਦਾ ਕੋਣ ਲੱਭ ਲਿਆ ਹੈ। ਉੱਤਰ ਪ੍ਰਦੇਸ਼ ਦੇ ਕਿਰਤ ਮੰਤਰੀ ਅਨਿਲ ਰਾਜਭਰ ਨੇ ਮਜ਼ਦੂਰਾਂ ਦੀਆਂ ਜਾਇਜ਼ ਮੰਗਾਂ ਨੂੰ 'ਵੱਡੀ ਸਾਜ਼ਿਸ਼' ਦਾ ਹਿੱਸਾ ਕਿਹਾ ਅਤੇ ਕਿਹਾ ਕਿ 'ਪਾਕਿਸਤਾਨ ਲਿੰਕ' ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਇਸ ਦੌਰਾਨ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਇਹ ਵੀ ਕਿਹਾ ਕਿ ਇਹ 'ਨਕਸਲਵਾਦ ਨੂੰ ਮੁੜ ਸੁਰਜੀਤ ਕਰਨ ਦੀ ਸਾਜ਼ਿਸ਼' ਦਾ ਹਿੱਸਾ ਹੋ ਸਕਦਾ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਚੌਕਸ ਰਹਿਣ ਅਤੇ 'ਵਿਘਨ ਪਾਉਣ ਵਾਲੇ ਤੱਤਾਂ' ਦੀ ਪਛਾਣ ਕਰਨ ਦੇ ਨਿਰਦੇਸ਼ ਦਿੱਤੇ ਹਨ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਹ ਮਜ਼ਦੂਰ ਹਿੰਸਕ ਕਿਉਂ ਹੋਏ ? ਇਸ ਦੇ ਜਵਾਬ ਵਿੱਚ ਕਿਹਾ ਜਾ ਸਕਦਾ ਹੈ ਕਿ ਮਜ਼ਦੂਰਾਂ ਦੀ ਸਰਕਾਰ ਵੱਲੋਂ ਕੀਤੀ ਜਾ ਰਹੀ ਅਣਦੇਖੀ ਅਤੇ ਉਹਨਾਂ ਦੀਆਂ ਮੰਗਾਂ ਵੱਲ ਧਿਆਨ ਨਾ ਦੇਣ ਕਾਰਨ ਮਜ਼ਦੂਰਾਂ ਵਿੱਚ ਰੋਸ ਫੈਲ ਗਿਆ। ਦੂਜੇ ਪਾਸੇ ਮਜ਼ਦੂਰਾਂ ਵਿੱਚ ਕੁਝ ਸ਼ਰਾਰਤੀ ਅਨਸਰ ਵੀ ਰਲ ਗਏ, ਜਿਨ੍ਹਾਂ ਵੱਲੋਂ ਹਿੰਸਕ ਵਾਰਦਾਤਾਂ ਨੂੰ ਅੰਜਾਮ ਦਿੱਤਾ ਗਿਆ। ਮਜ਼ਦੂਰਾਂ ਦੇ ਸੰਘਰਸ਼ ਨੂੰ ਬਦਨਾਮ ਕਰਨ ਲਈ ਸੱਤਾਧਾਰੀ ਧਿਰ ਦੇ ਕੁਝ ਖਾਸ ਬੰਦੇ ਵੀ ਮਜ਼ਦੂਰਾਂ ਨਾਲ ਰਲ ਗਏ, ਜਿਨ੍ਹਾਂ ਵੱਲੋਂ ਮਜ਼ਦੂਰਾਂ ਨੂੰ ਹਿੰਸਾ ਲਈ ਉਕਸਾਇਆ ਗਿਆ,ਜਿਸ ਦਾ ਨਤੀਜਾ ਵੱਖ ਵੱਖ ਥਾਂਵਾਂ 'ਤੇ ਹੋਈ ਹਿੰਸਾ ਵਿੱਚ ਨਿਕਲਿਆ। ਇਸ ਹਿੰਸਾ ਕਾਰਨ ਬਦਨਾਮੀ ਮਜ਼ਦੂਰ ਸੰਘਰਸ਼ ਦੀ ਹੋਈ ਪਰ ਮਜ਼ਦੂਰਾਂ ਦੇ ਪੱਲੇ ਕੁਝ ਨਾ ਪਿਆ।

ਕੁਝ ਇਹੋ ਜਿਹਾ ਸੰਘਰਸ਼ ਕਰਦੇ ਕਿਸਾਨਾਂ ਨਾਲ ਹੁੰਦਾ ਹੈ। ਜਦੋਂ ਵੀ ਕਿਸਾਨ ਆਪਣੀਆਂ ਮੰਗਾਂ ਲਈ ਸੰਘਰਸ਼ ਕਰਦੇ ਹਨ ਤਾਂ ਕੇਂਦਰ ਸਰਕਾਰ ਅਤੇ ਉਸ ਦੇ ਪਿੱਠੂ ਰਾਸ਼ਟਰੀ ਮੀਡੀਆ ਵੱਲੋਂ ਕਿਸਾਨਾਂ ਨੂੰ ਖ਼ਾਲਿਸਤਾਨੀ, ਅੱਤਵਾਦੀ, ਵੱਖਵਾਦੀ, ਦੇਸ਼-ਧ੍ਰੋਹੀ, ਨਕਸਲੀ ਅਤੇ ਹੋਰ ਬਹੁਤ ਕੁਝ ਕਿਹਾ ਜਾਂਦਾ ਹੈ। ਇਹ ਠੀਕ ਹੈ ਕਿ ਕਿਸਾਨਾਂ ਦੇ ਹਰ ਸੰਘਰਸ਼ ਵਿੱਚ ਕੁਝ ਸ਼ਰਾਰਤੀ ਅਨਸਰ ਉਹਨਾਂ ਨਾਲ ਰਲ ਜਾਂਦੇ ਹਨ ਜੋ ਕਿ ਕਿਸਾਨਾਂ ਨੂੰ ਹਿੰਸਾ ਲਈ ਉਕਸਾਉਂਦੇ ਹਨ ਪਰ ਕਿਸਾਨ ਆਮ ਤੌਰ 'ਤੇ ਸ਼ਾਂਤਮਈ ਤਰੀਕਿਆਂ ਨਾਲ ਸੰਘਰਸ਼ ਕਰਦੇ ਹਨ। ਦੂਜੇ ਪਾਸੇ ਆਮ ਲੋਕਾਂ ਵੱਲੋਂ ਕੁਝ ਕਿਸਾਨ ਜਥੇਬੰਦੀਆਂ ਦਾ ਸਰਕਾਰ ਦਾ ਵਿਰੋਧ ਕਰਨ ਦਾ ਤਰੀਕਾ ਵੀ ਗਲਤ ਮੰਨਿਆ ਜਾ ਰਿਹਾ ਹੈ। ਪੰਜਾਬ ਵਿੱਚ ਕੁਝ ਕਿਸਾਨ ਜਥੇਬੰਦੀਆਂ ਵੱਲੋਂ ਆਪਣੀਆਂ ਮੰਗਾਂ ਦੇ ਹੱਕ ਵਿੱਚ ਵਾਰ ਵਾਰ ਰੇਲ ਅਤੇ ਸੜਕ ਆਵਾਜਾਈ ਠੱਪ ਕਰ ਦਿੱਤੀ ਜਾਂਦੀ ਹੈ, ਜਿਸ ਕਾਰਨ ਆਮ ਲੋਕ ਬਹੁਤ ਖੱਜਲ ਖੁਆਰ ਹੁੰਦੇ ਹਨ। ਕਈ ਵਾਰ ਤਾਂ ਆਵਾਜਾਈ ਠੱਪ ਕਰ ਰਹੇ ਕਿਸਾਨਾਂ ਅਤੇ ਆਮ ਲੋਕਾਂ ਵਿਚਾਲੇ ਝੜਪਾਂ ਹੋਣ ਦੀਆਂ ਖ਼ਬਰਾਂ ਵੀ ਆ ਚੁੱਕੀਆਂ ਹਨ। ਕੁਝ ਕਿਸਾਨ ਜਥੇਬੰਦੀਆਂ ਵੱਲੋਂ ਵਾਰ ਵਾਰ ਰੇਲ ਅਤੇ ਸੜਕ ਆਵਾਜਾਈ ਠੱਪ ਕਰਨ ਕਾਰਨ ਪੰਜਾਬ ਦੇ ਲੋਕ ਏਨੇ ਜ਼ਿਆਦਾ ਦੁਖੀ ਹੋ ਗਏ ਕਿ ਉਹਨਾਂ ਵੱਲੋਂ ਕਿਸਾਨਾਂ ਨੂੰ ਹੁੰਗਾਰਾ ਭਰਨਾ ਬੰਦ ਕਰ ਦਿੱਤਾ ਗਿਆ।

ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਮੰਗਾਂ ਜਾਇਜ਼ ਹਨ ਪਰ ਉਹਨਾਂ ਨੂੰ ਆਪਣੀਆਂ ਮੰਗਾਂ ਮਨਵਾਉਣ ਲਈ ਜਾਇਜ਼ ਅਤੇ ਲੋਕਤੰਤਰੀ ਤਰੀਕਿਆਂ ਦੀ ਵਰਤੋ ਕਰਨੀ ਚਾਹੀਦੀ ਹੈ। ਕੇਂਦਰ ਅਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਜਾਇਜ਼ ਮੰਗਾ ਨੂੰ ਪੂਰਾ ਕਰੇ ਤਾਂ ਕਿ ਕਿਸਾਨ ਅਤੇ ਮਜ਼ਦੂਰ ਵਰਗ ਨੂੰ ਵੀ ਰਾਹਤ ਮਿਲੇ।

ਕੀ ਨਵਜੋਤ ਸਿੰਘ ਸਿੱਧੂ ਸਿਆਸੀ ਪਿੱਚ ’ਤੇ ਮੁੜ ਮਾਰਨਗੇ ਚੌਕੇ ਤੇ ਛੱਕੇ ?

ਲੰਬੀ ਚੁੱਪੀ ਤੋਂ ਬਾਅਦ ਮੁੜ ਚਰਚਾ ’ਚ ਆਏ ਨਵਜੋਤ ਸਿੰਘ ਸਿੱਧੂ

ਕਿੰਨੀ ਕੁ ਸਫ਼ਲ ਹੋਵੇਗੀ ਡਾ. ਸਿੱਧੂ ਦੀ ਨਵੀਂ ਸਿਆਸੀ ਪਾਰਟੀ ?

ਸਿਆਸਤ ਵਿੱਚ ਕਦੋਂ ਕੀ ਹੋ ਜਾਵੇ, ਕੁਝ ਕਿਹਾ ਨਹੀਂ ਜਾ ਸਕਦਾ। ਪੰਜਾਬ ਵਿੱਚ ਅਗਲੀਆਂ ਵਿਧਾਨ ਸਭਾ ਚੋਣਾਂ ਹੋਣ ਵਿੱਚ ਇੱਕ ਸਾਲ ਦਾ ਸਮਾਂ ਪਿਆ ਹੈ,ਪਰ ਇਹਨਾਂ ਚੋਣਾਂ ਸਬੰਧੀ ਹੁਣੇ ਤੋਂ ਚੋਣ ਮਾਹੌਲ ਬਣਨਾ ਸ਼ੁਰੂ ਹੋ ਗਿਆ ਹੈ ਅਤੇ ਵੱਖ -ਵੱਖ ਸਿਆਸੀ ਪਾਰਟੀਆਂ ਨੇ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦਾ ਬਿਗਲ ਵਜਾ ਦਿੱਤਾ ਹੈ। ਡਾ. ਸਿੱਧੂ ਵੱਲੋਂ ਨਵੀਂ ਸਿਆਸੀ ਪਾਰਟੀ ਦਾ ਐਲਾਨ ਕਰਨ ਅਤੇ ਨਵਜੋਤ ਸਿੰਘ ਸਿੱਧੂ ਵੱਲੋਂ ਰਹੱਸਮਈ ਵੀਡੀਓ ਰਾਹੀਂ ਮੁੜ ਚਰਚਾ ਵਿੱਚ ਆਉਣ ਦੇ ਕਾਰਨ ਕਿਆਸ ਅਰਾਈਆਂ ਦਾ ਦੌਰ ਸ਼ੁਰੂ ਹੋ ਗਿਆ ਹੈ। ਹੁਣ ਨਵਜੋਤ ਸਿੰਘ ਸਿੱਧੂ ਵੱਲੋਂ ਵਾਇਰਲ ਕੀਤੀ ਗਈ ਵੀਡੀਓ ਕਲਿੱਪ ਦੇ ਅਸਲੀ ਮਨੋਰਥ ਕੀ ਹਨ ਅਤੇ ਸਿੱਧੂ ਦੀ ਨਵੀਂ ਗੁਗਲੀ ਕੀ ਹੋਵੇਗੀ ? ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

ਅੰਮ੍ਰਿਤਸਰ ਟਾਈਮਜ਼ ਬਿਊਰੋ

ਪੰਜਾਬ ਦੇ ਸਿਆਸੀ ਗਲਿਆਰਿਆਂ ਤੋਂ ਲੈ ਕੇ ਆਮ ਲੋਕਾਂ ਵਿੱਚ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਇੱਕ ਵਾਰ ਫਿਰ ਚਰਚਾ ਹੋ ਰਹੀ ਹੈ। ਅਸਲ ਵਿੱਚ ਨਵਜੋਤ ਸਿੰਘ ਸਿੱਧੂ ਨੂੰ ਚੁੱਪ ਚੁਪੀਤੇ ਸੁਰਖੀਆਂ ਬਟੋਰਨਾ ਆਉਂਦਾ ਹੈ। ਹੁਣ ਉਹ ਇੱਕ ਵੀਡੀਓ ਕਲਿੱਪ ਨਾਲ ਚਰਚਾ ਵਿੱਚ ਆਏ ਹਨ। ਸੋਸ਼ਲ ਮੀਡੀਆ ’ਤੇ ਵਾਇਰਲ ਵੀਡੀਓ ਵਿੱਚ ਉਹ ਬੜੇ ਆਤਮ ਵਿਸ਼ਵਾਸ ਨਾਲ ਆਪਣੀ ਕਾਰ ਵੱਲ ਜਾ ਰਹੇ ਹਨ। ਇਸ ਮੌਕੇ ਇੱਕ ਗਾਣਾ ਚੱਲ ਰਿਹਾ ਹੈ ਜਿਸ ਦੇ ਅਰਥ ਹਨ “ਮੈਂ ਮੈਦਾਨ ਵਿੱਚ ਉਤਰਾਂਗਾ—ਪਹਿਲਾਂ ਖੇਡ ਸ਼ੁਰੂ ਹੋਣ ਦਿਓ; ਫਿਲਹਾਲ ਜਿਹੜੇ ਖੇਡ ਰਹੇ ਹਨ, ਉਨ੍ਹਾਂ ਨੂੰ ਖੇਡਣ ਦਿਓ।”

ਸਿਆਸੀ ਮਾਹਿਰ ਕਹਿ ਰਹੇ ਹਨ ਕਿ ਇਸ ਨੂੰ ਆਮ ਵੀਡੀਓ ਨਹੀਂ ਸਮਝਿਆ ਜਾ ਸਕਦਾ ਕਿਉਂਕਿ ਇਸ ਵੀਡੀਓ ਦੇ ਡੂੰਘੇ ਅਰਥ ਹਨ। ਇਹ ਰੀਲ ਬਹੁਤ ਸੋਚ ਸਮਝ ਕੇ ਬਣਾਈ ਤੇ ਵਾਇਰਲ ਕੀਤੀ ਗਈ ਹੈ, ਜਿਸ ਤੋਂ ਸਿੱਧੂ ਦੇ ਤੇਵਰ ਪਤਾ ਚਲਦੇ ਹਨ। ਇਸ ਰੀਲ ਤੋਂ ਪਤਾ ਚਲਦਾ ਹੈ ਕਿ ਸਿੱਧੂ ਬੜੇ ਸਬਰ ਨਾਲ ਢੁੱਕਵੇਂ ਸਮੇਂ ਦੀ ਉਡੀਕ ਕਰ ਰਹੇ ਹਨ ਅਤੇ ਢੁੱਕਵਾਂ ਸਮਾਂ ਆਉਣ ’ਤੇ ਆਪਣੀ ਸਿਆਸੀ ਪਾਰੀ ਦੀ ਮੁੜ ਸ਼ੁਰੂਆਤ ਕਰਨਗੇ।

ਇਸ ਦੇ ਨਾਲ ਹੀ ਕਿਆਸ ਅਰਾਈਆਂ ਦਾ ਦੌਰ ਵੀ ਸ਼ੁਰੂ ਹੋ ਗਿਆ ਹੈ ਕਿ ਨਵਜੋਤ ਸਿੰਘ ਸਿੱਧੂ ਦੀ ਨਵੀਂ ‘ਗੁਗਲੀ’ ਕੀ ਹੋਵੇਗੀ ? ਅਤੇ ਕੀ ਨਵਜੋਤ ਸਿੰਘ ਸਿੱਧੂ ਸਿਆਸੀ ਪਿੱਚ ’ਤੇ ਪਹਿਲਾਂ ਵਾਂਗ ਸਿਆਸੀ ਚੌਕੇ ਤੇ ਛਿੱਕੇ ਮਾਰਨਗੇ ?

ਪੰਜਾਬ ਦੇ ਸਿਆਸੀ ਦ੍ਰਿਸ਼ ਵਿੱਚ ਇੱਕ ਲੰਬੀ ਅਤੇ ਸੋਚੀ-ਸਮਝੀ ਚੁੱਪ ਧਾਰਨ ਕਰਨ ਤੋਂ ਬਾਅਦ ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੰਘ ਸਿੱਧੂ ਦੇ ਹੁਣ ਮੁੜ ਸਿਆਸਤ ਵਿੱਚ ਸਰਗਰਮ ਹੋਣ ਦੇ ਆਸਾਰ ਬਣਦੇ ਦਿਖਾਈ ਦੇ ਰਹੇ ਹਨ ਉਹ ਭਾਵੇਂ ਪਿਛਲੇ ਸਮੇਂ ਦੌਰਾਨ ਸਿਆਸੀ ਦ੍ਰਿਸ਼ ਤੋਂ ਅਲੋਪ ਰਹੇ ਪਰ ਉਹਨਾਂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਪਿਛਲੇ ਦਿਨਾਂ ਤੋਂ ਸਿਆਸਤ ਵਿੱਚ ਕਾਫ਼ੀ ਸਰਗਰਮ ਹਨ।

ਪੰਜਾਬ ਦੀ ਸਿਆਸਤ ਵਿੱਚ ਲੰਘੇ ਦਿਨੀਂ ਉਦੋਂ ਵੀ ਵੱਡੀ ਹਲਚਲ ਵੇਖਣ ਨੂੰ ਮਿਲੀ, ਜਦੋਂ ਸਾਬਕਾ ਕ੍ਰਿਕਟਰ ਤੇ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਨੇ ਆਪਣੀ ‘ਭਾਰਤੀ ਰਾਸ਼ਟਰਵਾਦੀ ਪਾਰਟੀ’ ਬਣਾਉਣ ਦਾ ਐਲਾਨ ਕੀਤਾ। 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਲਏ ਗਏ ਇਸ ਫੈਸਲੇ ਨੇ ਸੂਬੇ ਦੇ ਸਿਆਸੀ ਸਮੀਕਰਨਾਂ ਨੂੰ ਗੁੰਝਲਦਾਰ ਬਣਾ ਦਿੱਤਾ ਹੈ। ਇਹ ਐਲਾਨ ਡਾ. ਸਿੱਧੂ ਨੂੰ ਕਾਂਗਰਸ ਵਿੱਚੋਂ ਕੱਢਣ ਦੇ ਮਹਿਜ਼ ਦੋ ਮਹੀਨੇ ਬਾਅਦ ਹੋਇਆ ਹੈ।

ਡਾ. ਸਿੱਧੂ ਨੇ ਸੋਸ਼ਲ ਮੀਡੀਆ ’ਤੇ ਇਸ ਫੈਸਲੇ ਨੂੰ ‘ਰੱਬੀ ਫੁਰਮਾਨ’ ਦੱਸਦਿਆਂ ਕਿਹਾ ਹੈ ਕਿ ਉਨ੍ਹਾ ਦੀ ਪਾਰਟੀ ਪੰਜਾਬ ਦੀ ਗੁਆਚੀ ਹੋਈ ਸ਼ਾਨ ਬਹਾਲ ਕਰਕੇ ਇਸ ਨੂੰ ਮੁੜ ‘ਸੁਨਹਿਰੀ ਰਾਜ’ ਬਣਾਉਣ ਲਈ ਕੰਮ ਕਰੇਗੀ। ਡਾ. ਸਿੱਧੂ ਦਾ ਕਹਿਣਾ ਹੈ ਕਿ ਇਹ ਪਾਰਟੀ ਨਿਆਂ, ਸ਼ਾਂਤੀ ਅਤੇ ਅਧਿਆਤਮਕ ਗੁਣਾਂ ’ਤੇ ਅਧਾਰਤ ਹੋਵੇਗੀ। ਹਾਲਾਂਕਿ, ਨਵਜੋਤ ਸਿੰਘ ਸਿੱਧੂ ਦੀ ਇਸ ਨਵੀਂ ਪਾਰਟੀ ਵਿੱਚ ਭੂਮਿਕਾ ਅਜੇ ਵੀ ਰਹੱਸ ਬਣੀ ਹੋਈ ਹੈ, ਕਿਉਂਕਿ ਉਨ੍ਹਾਂ ਦੇ ਸੋਸ਼ਲ ਮੀਡੀਆ ਖਾਤਿਆਂ ’ਤੇ ਅਜੇ ਵੀ ਗਾਂਧੀ ਪਰਿਵਾਰ ਦੀਆਂ ਤਸਵੀਰਾਂ ਹਨ ਅਤੇ ਉਹ ਸਿਆਸਤ ਤੋਂ ਦੂਰ ‘ਸ਼ੋਅਬਿਜ਼’ ਵਿੱਚ ਰੁੱਝੇ ਹੋਏ ਹਨ। ਸਿਆਸੀ ਮਾਹਰ ਇਸ ਕਦਮ ਨੂੰ ਵਿਰੋਧੀ ਵੋਟਾਂ ਦੇ ਖਿੰਡਾਅ ਵਜੋਂ ਦੇਖ ਰਹੇ ਹਨ।

ਹੁਣ ਨਵਜੋਤ ਸਿੰਘ ਸਿੱਧੂ ਨੇ ਆਪਣੀ ਨਵੀਂ ਵੀਡੀਓ ਕਲਿੱਪ ਜਾਰੀ ਕਰਕੇ ਆਪਣੀ ਭੂਮਿਕਾ ਹੋਰ ਰਹੱਸਮਈ ਕਰ ਲਈ ਹੈ। ਉਹਨਾਂ ਬਾਰੇ ਜਿੰਨੇ ਮੂੰਹ, ਓਨੀਆਂ ਗੱਲਾਂ ਹੋ ਰਹੀਆਂ ਹਨ। ਅੰਤਰਰਾਸ਼ਟਰੀ ਕ੍ਰਿਕਟਰ ਤੋਂ ਰਾਜਸੀ ਆਗੂ ਬਣੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਚੰਗੇ ਬੁਲਾਰੇ ਮੰਨੇ ਜਾਂਦੇ ਹਨ ਅਤੇ ਉਹਨਾਂ ਦੀ ਭਾਸ਼ਣ ਕਲਾ ਤੋਂ ਦਰਸ਼ਕ ਕਾਇਲ ਹੋ ਜਾਂਦੇ ਹਨ। ਇਸਦੇ ਬਾਵਜੂਦ ਸਿੱਧੂ ਲਈ ਸਿਆਸਤ ਵਿੱਚ ਆਪਣੀ ਪਹਿਲਾਂ ਵਾਲੀ ਥਾਂ ਬਣਾਉਣਾ ਆਸਾਨ ਨਹੀਂ ਹੈ ਕਿਉਂਕਿ ਇੱਕ ਪਾਸੇ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਦੂਜੇ ਪਾਸੇ ਜਥੇਦਾਰ ਹਨ, ਕਾਂਗਰਸ ਅਤੇ ਬੀਜੇਪੀ ਦੀ ਸਿਆਸਤ ਵੀ ਨਾਲ-ਨਾਲ ਚੱਲ ਰਹੀ ਹੈ। ਅਜਿਹੇ ਵਿੱਚ ਸਿੱਧੂ ਲੰਬੀ ਚੁੱਪੀ ਤੋਂ ਬਾਅਦ ਸਿਆਸਤ ਵਿੱਚ ਆਪਣੀ ਭੂਮਿਕਾ ਤਲਾਸ਼ ਕਰਨ ਲੱਗ ਪਏ ਹਨ। ਇਹ ਤਾਂ ਸਭ ਨੂੰ ਪਤਾ ਹੈ ਕਿ ਸਿੱਧੂ ਚੁੱਪ ਕਰਕੇ ਘਰ ਬੈਠਣ ਵਾਲੇ ਨਹੀਂ ਹਨ।

ਦਰਅਸਲ ਨਵਜੋਤ ਸਿੰਘ ਸਿੱਧੂ ਦਾ ਸਿਆਸੀ ਕੈਰੀਅਰ ਬਣਾਉਣ ਵਿੱਚ ਡਾ. ਨਵਜੋਤ ਕੌਰ ਸਿੱਧੂ ਨੇ ਮੋਹਰੀ ਭੂਮਿਕਾ ਨਿਭਾਈ ਸੀ। 2004 ਵਿੱਚ, ਸਿੱਧੂ ਨੇ ਭਾਜਪਾ ਦੀ ਟਿਕਟ ’ਤੇ ਅੰਮ੍ਰਿਤਸਰ ਸੰਸਦੀ ਸੀਟ ਤੋਂ ਪਹਿਲੀ ਵਾਰ ਚੋਣ ਲੜੀ ਅਤੇ ਸੀਨੀਅਰ ਕਾਂਗਰਸੀ ਆਗੂ ਰਘੂਨੰਦਨ ਲਾਲ ਭਾਟੀਆ ਨੂੰ ਹਰਾਇਆ।

2007 ਦੀਆਂ ਚੋਣਾਂ ਵਿੱਚ ਡਾ: ਨਵਜੋਤ ਕੌਰ ਸਿੱਧੂ ਨੇ ਨਵਜੋਤ ਸਿੱਧੂ ਦੀ ਚੋਣ ਮੁਹਿੰਮ ਦੀ ਕਮਾਨ ਸੰਭਾਲੀ ਸੀ। ਨਵਜੋਤ ਕੌਰ ਨੇ ਸਿੱਧੂ ਦੇ ਹੱਕ ਵਿੱਚ ਜ਼ੋਰਦਾਰ ਪ੍ਰਚਾਰ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਇੱਥੋਂ ਦੇ ਲੋਕਾਂ ਨਾਲ ਸਿੱਧਾ ਰਾਬਤਾ ਰੱਖਿਆ।

ਨਵਜੋਤ ਕੌਰ ਸਿੱਧੂ ਨੇ ਆਪਣੀ ਸਿਆਸੀ ਪਾਰੀ 2012 ਵਿੱਚ ਸ਼ੁਰੂ ਕੀਤੀ ਸੀ। ਉਹ ਪਹਿਲੀ ਵਾਰ ਭਾਜਪਾ ਦੀ ਟਿਕਟ ’ਤੇ ਪੂਰਬੀ ਵਿਧਾਨ ਸਭਾ ਹਲਕੇ ਤੋਂ ਚੋਣ ਲੜ ਕੇ ਅਤੇ ਜਿੱਤ ਕੇ ਵਿਧਾਇਕ ਬਣੀ। ਇਸ ਤੋਂ ਬਾਅਦ ਉਹ ਅਕਾਲੀ-ਭਾਜਪਾ ਸਰਕਾਰ ਵਿੱਚ ਮੁੱਖ ਸੰਸਦੀ ਸਕੱਤਰ ਰਹੇ।

2014 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੇ ਨਵਜੋਤ ਸਿੱਧੂ ਨੂੰ ਅਚਾਨਕ ਝਟਕਾ ਦਿੱਤਾ ਸੀ। ਉਨ੍ਹਾਂ ਦੀ ਟਿਕਟ ਰੱਦ ਕਰ ਦਿੱਤੀ ਗਈ ਅਤੇ ਅਰੁਣ ਜੇਤਲੀ ਨੂੰ ਮੈਦਾਨ ਵਿੱਚ ਉਤਾਰਿਆ ਗਿਆ। ਇਸ ਤੋਂ ਸਿੱਧੂ ਕਾਫੀ ਨਿਰਾਸ਼ ਸਨ।

ਪਾਰਟੀ ਵਿੱਚ ਉਸ ਦਾ ਵਿਰੋਧ ਵਧ ਗਿਆ। ਹਾਲਾਂਕਿ ਸਿੱਧੂ ਨੂੰ ਰਾਜ ਸਭਾ ਮੈਂਬਰ ਬਣਾਇਆ ਗਿਆ ਸੀ ਪਰ ਉਨ੍ਹਾਂ ਨੇ 2016 ਵਿੱਚ ਰਾਜ ਸਭਾ ਅਤੇ ਭਾਜਪਾ ਤੋਂ ਅਸਤੀਫਾ ਦੇ ਦਿੱਤਾ ਸੀ।

2017 ਵਿੱਚ, ਸਿੱਧੂ ਕਾਂਗਰਸ ਵਿੱਚ ਸ਼ਾਮਲ ਹੋਏ ਅਤੇ ਪਾਰਟੀ ਨੇ ਉਨ੍ਹਾਂ ਨੂੰ ਅੰਮ੍ਰਿਤਸਰ ਪੂਰਬੀ ਵਿਧਾਨ ਸਭਾ ਸੀਟ ਤੋਂ ਚੋਣ ਮੈਦਾਨ ਵਿੱਚ ਉਤਾਰਿਆ। ਸਿੱਧੂ ਜਿੱਤ ਗਏ ਅਤੇ ਕਾਂਗਰਸ ਸਰਕਾਰ ਵਿੱਚ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਣ ਗਏ। ਭ੍ਰਿਸ਼ਟਾਚਾਰ ਅਤੇ ਪ੍ਰਸ਼ਾਸਨਿਕ ਮਾਮਲਿਆਂ ਨੂੰ ਲੈ ਕੇ ਸਿੱਧੂ ਅਤੇ ਕੈਪਟਨ ਅਮਰਿੰਦਰ ਸਿੰਘ ਵਿਚਾਲੇ ਕਈ ਮਤਭੇਦ ਸਾਹਮਣੇ ਆਉਣ ਲੱਗੇ ਹਨ।ਸਿੱਧੂ ਨੇ 2019 ਵਿੱਚ ਮੰਤਰੀ ਦਾ ਅਹੁਦਾ ਛੱਡ ਦਿੱਤਾ ਸੀ। 2021 ਵਿੱਚ ਕਾਂਗਰਸ ਨੇ ਸਿੱਧੂ ਨੂੰ ਸੂਬਾ ਕਾਂਗਰਸ ਦਾ ਪ੍ਰਧਾਨ ਨਾਮਜ਼ਦ ਕੀਤਾ ਸੀ ਪਰ ਸਿੱਧੂ ਅਤੇ ਕੈਪਟਨ ਵਿਚਾਲੇ ਵਧਦੇ ਤਣਾਅ ਕਾਰਨ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਦਾ ਅਹੁਦਾ ਛੱਡ ਦਿੱਤਾ ਸੀ। ਕਾਂਗਰਸ ਹਾਈਕਮਾਂਡ ਨੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆ ਪਰ ਚੰਨੀ ਨਾਲ ਸਿੱਧੂ ਦੇ ਮਤਭੇਦ ਵੀ ਸਾਹਮਣੇ ਆਉਣ ਲੱਗੇ। ਇਸ ਕਾਰਨ ਕਾਂਗਰਸ ਵਿੱਚ ਅਸੰਤੁਸ਼ਟੀ ਵਧਣ ਲੱਗੀ ਅਤੇ ਸਿੱਧੂ ਦਾ ਗ੍ਰਾਫ ਵੀ ਡਿੱਗਣ ਲੱਗਾ। ਕਾਂਗਰਸ ਵਿੱਚ ਆਪਸੀ ਕਲੇਸ਼ ਵਧਿਆ। ਪੰਜਾਬ ਵਿੱਚ 2022 ਵਿੱਚ ਸੱਤਾ ਤਬਦੀਲੀ ਹੋਈ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ। ਚੋਣਾਂ ’ਚ ਕਾਂਗਰਸ ਦੀ ਕਰਾਰੀ ਹਾਰ ਕਾਰਨ ਸਿੱਧੂ ਦੀ ਕਾਰਜਸ਼ੈਲੀ ’ਤੇ ਸਵਾਲ ਉੱਠ ਰਹੇ ਸਨ। ਇਸ ਕਾਰਨ ਨਵਜੋਤ ਸਿੱਧੂ ਨੇ ਲੰਬਾ ਸਮਾਂ ਭੇਦ ਭਰੀ ਸਿਆਸੀ ਚੁੱਪੀ ਧਾਰੀ ਰੱਖੀ ਅਤੇ ਉਹ ਸਿਆਸਤ ਤੋਂ ਦੂਰ ਹੁੰਦੇ ਗਏ ਅਤੇ ਮੰਨੋਰੰਜਨ ਦੇ ਖੇਤਰ ਵਿੱਚ ਸਰਗਰਮ ਹੁੰਦੇ ਗਏ। ਹੁਣ ਇੱਕ ਵਾਰ ਫੇਰ ਉਹਨਾਂ ਨੂੰ ਸਿਆਸਤ ਦਾ ਮੋਹ ਜਾਗਿਆ ਹੈ ਪਰ ਅਜੇ ਤੱਕ ਉਹ ਖੁੱਲ੍ਹ ਕੇ ਸਿਆਸਤ ਵਿੱਚ ਸਰਗਰਮ ਨਹੀਂ ਹੋਏ, ਜਿਸ ਕਰਕੇ ਉਹਨਾਂ ਦੇ ਅਗਲੇ ਸਿਆਸੀ ਕਦਮਾਂ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ ਪਰ ਉਹਨਾਂ ਨੇ ਸਿਆਸੀ ਚੁੱਪੀ ਧਾਰਨ ਦੌਰਾਨ ਚੁੱਪ ਚਪੀਤੇ ਵੀਡੀਓ ਕਲਿੱਪ ਜਾਰੀ ਕਰਕੇ ਪੰਜਾਬ ਦੀ ਸਿਆਸਤ ਵਿੱਚ ਨਵੀਂ ਚਰਚਾ ਜ਼ਰੂਰ ਛੇੜ ਦਿੱਤੀ ਹੈ।

ਚੰਡੀਗੜ੍ਹ ’ਚ ਟੀਬੀ ਦੇ ਮਰੀਜ਼ਾਂ ਦੀ ਗਿਣਤੀ ਵਧੀ

ਹਰ ਰੋਜ਼ 18 ਨਵੇਂ ਮਾਮਲੇ ਆ ਰਹੇ ਹਨ ਸਾਹਮਣੇ

ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਲੋਕ ਸਭਾ ਵਿੱਚ ਪੇਸ਼ ਕੀਤੀ ਗਈ ਇੱਕ ਰਿਪੋਰਟ ’ਚ ਹੋਇਆ ਖ਼ੁਲਾਸਾ

ਚੰਡੀਗੜ੍ਹ/ਏ.ਟੀ.ਨਿਊਜ਼: ਭਾਵੇਂ ਕੇਂਦਰ ਸਰਕਾਰ ਅਤੇ ਸਿਹਤ ਵਿਭਾਗ ਵੱਲੋਂ ‘ਟੀਬੀ ਮੁਕਤ ਭਾਰਤ’ ਬਣਾਉਣ ਲਈ ਲਗਾਤਾਰ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ, ਪਰ ਇਸ ਦੇ ਬਾਵਜੂਦ ਚੰਡੀਗੜ੍ਹ ਵਿੱਚ ਟੀਬੀ ਇੱਕ ਘਾਤਕ ਰੂਪ ਧਾਰਨ ਕਰਦੀ ਜਾ ਰਹੀ ਹੈ। ਸ਼ਹਿਰ ਵਿੱਚ ਪਿਛਲੇ ਚਾਰ ਸਾਲਾਂ ਤੋਂ ਲਗਾਤਾਰ 6 ਹਜ਼ਾਰ ਤੋਂ ਵੱਧ ਲੋਕ ਹਰ ਸਾਲ ਟੀਬੀ ਦੀ ਚਪੇਟ ਵਿੱਚ ਆ ਰਹੇ ਹਨ।

ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਲੋਕ ਸਭਾ ਵਿੱਚ ਪੇਸ਼ ਕੀਤੀ ਗਈ ਇੱਕ ਰਿਪੋਰਟ ਦੇ ਅਨੁਸਾਰ, ਚੰਡੀਗੜ੍ਹ ਵਿੱਚ ਹਰ ਰੋਜ਼ ਟੀਬੀ ਦੇ 18 ਨਵੇਂ ਮਾਮਲੇ ਦਰਜ ਕੀਤੇ ਜਾ ਰਹੇ ਹਨ। ਚੰਡੀਗੜ੍ਹ ਵਿੱਚ ਸਾਲ 2025 ਵਿੱਚ ਟੀਬੀ ਦੇ 6,534 ਮਾਮਲੇ ਸਾਹਮਣੇ ਆਏ ਸਨ। ਇਸ ਦੇ ਨਾਲ ਹੀ ਸਾਲ 2024 ਵਿੱਚ ਇਹ ਅੰਕੜਾ 6,960 ਸੀ। ਸਾਲ 2023 ਵਿੱਚ 6,721 ਮਾਮਲੇ ਸਾਹਮਣੇ ਆਏ ਸਨ, ਜਦੋਂ ਕਿ ਸਾਲ 2022 ਵਿੱਚ ਟੀਬੀ ਤੋਂ ਪੀੜਤ ਲੋਕਾਂ ਦੀ ਗਿਣਤੀ 6,066 ਦਰਜ ਕੀਤੀ ਗਈ ਸੀ।

ਸਿਹਤ ਮੰਤਰਾਲੇ ਦੀ ਇਕ ਹੋਰ ਰਿਪੋਰਟ ਅਨੁਸਾਰ, 60 ਸਾਲ ਤੋਂ ਵੱਧ ਉਮਰ ਦੇ ਲੋਕਾਂ ਵਿੱਚ ਟੀਬੀ (ਤਪਦਿਕ) ਦਾ ਖ਼ਤਰਾ ਸਭ ਤੋਂ ਵੱਧ ਹੈ। ਉੱਥੇ ਹੀ, 46 ਤੋਂ 60 ਸਾਲ ਦੀ ਉਮਰ ਵਰਗ ਵਿੱਚ ਵੀ ਇਹ ਖ਼ਤਰਾ ਤੇਜ਼ੀ ਨਾਲ ਵੱਧ ਰਿਹਾ ਹੈ। ਇਸ ਦੇ ਨਾਲ ਹੀ, 0 ਤੋਂ 14 ਸਾਲ ਦੀ ਉਮਰ ਦੇ 3.2 ਪ੍ਰਤੀਸ਼ਤ ਬੱਚੇ ਟੀਬੀ ਨਾਲ ਜੂਝ ਰਹੇ ਹਨ।

ਡਾਕਟਰਾਂ ਅਨੁਸਾਰ, ਜੇਕਰ ਦੋ ਹਫ਼ਤਿਆਂ ਤੋਂ ਵੱਧ ਸਮੇਂ ਤੱਕ ਖੰਘ ਦੀ ਸ਼ਿਕਾਇਤ ਰਹਿੰਦੀ ਹੈ ਅਤੇ ਬਲਗ਼ਮ ਜਾਂ ਖ਼ੂਨ ਆਉਂਦਾ ਹੈ, ਛਾਤੀ ਵਿੱਚ ਦਰਦ, ਕਮਜ਼ੋਰੀ ਜਾਂ ਥਕਾਵਟ ਮਹਿਸੂਸ ਹੁੰਦੀ ਹੈ, ਤਾਂ ਇਹ ਟੀਬੀ ਦੇ ਲੱਛਣ ਹੋ ਸਕਦੇ ਹਨ। ਅਜਿਹੇ ਸੰਕੇਤਾਂ ’ਤੇ ਗੰਭੀਰਤਾ ਨਾਲ ਧਿਆਨ ਦੇਣਾ ਅਤੇ ਇਲਾਜ ਕਰਵਾਉਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਟੀਬੀ ਕਾਰਨ

ਹੋਣ ਵਾਲੀਆਂ ਮੌਤਾਂ ਦਾ ਮੁੱਖ ਕਾਰਨ ਲੋਕਾਂ ਵਿੱਚ ਜਾਣਕਾਰੀ ਦੀ ਘਾਟ ਹੈ। ਟੀਬੀ ਦੇ ਲੱਛਣਾਂ ਨੂੰ ਅਣਗੌਲਿਆ ਕਰਕੇ ਲੋਕ ਜਾਂਚ ਕਰਵਾਉਣ ਦੀ ਬਜਾਏ ਆਮ ਦਵਾਈਆਂ ਖਾ ਕੇ ਸਮਾਂ ਬਿਤਾਉਂਦੇ ਰਹਿੰਦੇ ਹਨ। ਅੰਤ ਵਿੱਚ ਜਦੋਂ ਤਕਲੀਫ਼ ਬਹੁਤ ਵੱਧ ਜਾਂਦੀ ਹੈ ਅਤੇ ਉਹ ਜਾਂਚ ਕਰਵਾਉਂਦੇ ਹਨ, ਉਦੋਂ ਤੱਕ ਬਿਮਾਰੀ ਲਾਇਲਾਜ ਹੋ ਚੁੱਕੀ ਹੁੰਦੀ ਹੈ। ਪ੍ਰਦੂਸ਼ਿਤ ਇਲਾਕਿਆਂ ਵਿੱਚ ਲੋਕਾਂ ਨੂੰ ਟੀਬੀ ਦੀ ਲਪੇਟ ਵਿੱਚ ਆਉਣ ਦਾ ਖ਼ਤਰਾ ਜ਼ਿਆਦਾ ਰਹਿੰਦਾ ਹੈ। ਚੰਡੀਗੜ੍ਹ ਵਿੱਚ ਤੇਜ਼ੀ ਨਾਲ ਵੱਧ ਰਹੇ ਪ੍ਰਦੂਸ਼ਣ ਕਾਰਨ ਵੀ ਟੀਬੀ ਦੇ ਮਰੀਜ਼ਾਂ ਦੀ ਗਿਣਤੀ ਵੱਧ ਰਹੀ ਹੈ।

ਟੀਬੀ ਨਾਲ ਪੀੜਤ ਮਰੀਜ਼ਾਂ ਦੀ ਸਥਿਤੀ

ਸਾਲ	ਟੀਬੀ ਤੋਂ ਪੀੜਤ ਮਰੀਜ਼ਾਂ ਦੀ ਗਿਣਤੀ
2021	4,720
2022	6,066
2023	6,721
2024	6,960
2025	6,534

ਟੀਬੀ ਤੋਂ ਬਚਾਅ ਲਈ ਇਹ ਉਪਾਅ ਅਪਣਾਓ:

ਬੱਚਿਆਂ ਦੇ ਜਨਮ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਬੀ.ਸੀ.ਜੀ. ਦਾ ਟੀਕਾ ਲਗਵਾਉਣਾ ਚਾਹੀਦਾ ਹੈ।

ਟੀਬੀ ਤੋਂ ਪੀੜਤ ਵਿਅਕਤੀ ਨੂੰ ਦੂਜੇ ਲੋਕਾਂ ਤੋਂ ਦੂਰ ਰਹਿਣਾ ਚਾਹੀਦਾ ਹੈ ਤਾਂ ਜੋ ਇਨਫੈਕਸ਼ਨ ਨਾ ਫੈਲੇ।

ਮਰੀਜ਼ ਨੂੰ ਹੱਸਦੇ, ਛਿੱਕਦੇ ਜਾਂ ਖੰਘਦੇ ਸਮੇਂ ਆਪਣੇ ਮੂੰਹ ’ਤੇ ਰੁਮਾਲ ਜ਼ਰੂਰ ਰੱਖਣਾ ਚਾਹੀਦਾ ਹੈ।

ਟੀਬੀ ਦੇ ਮਰੀਜ਼ ਨੂੰ ਮਿਲਣ ਵੇਲੇ ਸਰਜੀਕਲ ਮਾਸਕ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ।

ਟੀਬੀ ਤੋਂ ਪੀੜਤ ਵਿਅਕਤੀ ਨੂੰ ਇੱਧਰ-ਉੱਧਰ ਨਹੀਂ ਥੁੱਕਣਾ ਚਾਹੀਦਾ।

ਸਿਹਤਮੰਦ ਖ਼ੁਰਾਕ ਅਤੇ ਰੋਜ਼ਾਨਾ ਯੋਗਾ ਕਰਨ ਨਾਲ ਸਰੀਰ ਦੀ ਰੋਗਾਂ ਨਾਲ ਲੜਨ ਦੀ ਸ਼ਕਤੀ ਵਧਦੀ ਹੈ।

ਆਪਣੇ ਹੱਥਾਂ ਨੂੰ ਸਾਫ਼ ਰੱਖਣਾ ਚਾਹੀਦਾ ਹੈ ਅਤੇ ਸਮੇਂ-ਸਮੇਂ ’ਤੇ ਸਾਬਣ ਨਾਲ ਹੱਥ ਧੋਣੇ ਚਾਹੀਦੇ ਹਨ।

ਜੇਕਰ ਤੁਹਾਨੂੰ ਟੀਬੀ ਦੇ ਕੋਈ ਵੀ ਲੱਛਣ ਦਿਖਾਈ ਦੇਣ, ਤਾਂ ਤੁਰੰਤ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਦਰਪਣ ਝੂਠ ਨਹੀਂ ਬੋਲਦਾ

ਐਨ.ਐਸ.ਏ. ਦਾ ਅੰਤ, ਪਰ ਡਿਬਰੂਗੜ੍ਹ ਦਾ ਪਹਿਰਾ ਬਰਕਰਾਰ

ਅੰਮ੍ਰਿਤਪਾਲ ਲਈ ਰਿਹਾਈ ਹਾਲੇ ਕੋਹਾਂ ਦੂਰ !

ਕਾਨੂੰਨੀ ਦਾਅ-ਪੇਚਾਂ 'ਚ ਉਲਝੀ ਐਮ.ਪੀ. ਅੰਮ੍ਰਿਤਪਾਲ ਸਿੰਘ ਦੀ ਆਜ਼ਾਦੀ

ਕੀ 'ਵਾਰਿਸ ਪੰਜਾਬ ਦੇ' ਅਤੇ 'ਪੁਨਰ ਸੁਰਜੀਤ' ਦਾ ਗਠਜੋੜ ਬਣ ਸਕੇਗਾ ਤੀਜਾ ਬਦਲ ?

ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਦੀ ਉਮੀਦ ਨੂੰ ਇੱਕ ਵਾਰ ਫਿਰ ਵੱਡਾ ਝਟਕਾ ਲੱਗਾ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਤਾਜ਼ਾ ਫੈਸਲੇ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਰਾਸ਼ਟਰੀ ਸੁਰੱਖਿਆ ਐਕਟ ਦੀ ਮਿਆਦ ਖ਼ਤਮ ਹੋਣ ਦੇ ਬਾਵਜੂਦ ਉਹ ਫਿਲਹਾਲ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਹੀ ਨਜ਼ਰਬੰਦ ਰਹਿਣਗੇ। ਬੁੱਧੀਜੀਵੀਆਂ ਅਤੇ ਕਾਨੂੰਨ ਦੇ ਮਾਹਿਰਾਂ ਅਨੁਸਾਰ, ਅੰਮ੍ਰਿਤਪਾਲ ਸਿੰਘ ਦੀ ਰਿਹਾਈ ਨਾ ਹੋਣ ਦੇ ਪਿੱਛੇ ਮੁੱਖ ਕਾਰਨ 'ਬਹੁ-ਪਰਤੀ ਕਾਨੂੰਨੀ ਸ਼ਿਕੰਜਾ' ਹੈ:

ਭਾਵੇਂ 22 ਅਪ੍ਰੈਲ ਨੂੰ ਐਨ.ਐਸ.ਏ. ਦੀ ਮਿਆਦ ਖ਼ਤਮ ਹੋ ਰਹੀ ਹੈ, ਪਰ ਉਨ੍ਹਾਂ ਵਿਰੁੱਧ ਪੰਜਾਬ ਵਿੱਚ ਲਗਭਗ 12 ਹੋਰ ਅਪਰਾਧਿਕ ਮਾਮਲੇ ਦਰਜ ਹਨ, ਜਿਨ੍ਹਾਂ ਵਿੱਚ ਅਜਨਾਲਾ ਥਾਣੇ 'ਤੇ ਹਮਲੇ ਵਰਗੇ ਗੰਭੀਰ ਇਲਜ਼ਾਮ ਸ਼ਾਮਲ ਹਨ।

ਪੰਜਾਬ ਸਰਕਾਰ ਨੇ ਅਦਾਲਤ ਵਿੱਚ ਖੁਫ਼ੀਆ ਏਜੰਸੀਆਂ ਦੀਆਂ ਰਿਪੋਰਟਾਂ ਦਾ ਹਵਾਲਾ ਦਿੱਤਾ ਹੈ ਕਿ ਜੇਕਰ ਉਹ ਬਾਹਰ ਆਉਂਦੇ ਹਨ, ਤਾਂ ਸੂਬੇ ਦੀ ਅਮਨ-ਕਾਨੂੰਨ ਦੀ ਸਥਿਤੀ ਵਿਗੜ ਸਕਦੀ ਹੈ।

ਕਾਨੂੰਨੀ ਮਾਹਿਰਾਂ ਮੁਤਾਬਕ, ਜਦੋਂ ਸਰਕਾਰ ਕਿਸੇ ਮਸਲੇ ਨੂੰ 'ਰਾਸ਼ਟਰੀ ਸੁਰੱਖਿਆ' ਨਾਲ ਜੋੜ ਦਿੰਦੀ ਹੈ, ਤਾਂ ਅਦਾਲਤਾਂ ਅਕਸਰ ਬਹੁਤ ਸਾਵਧਾਨੀ ਨਾਲ ਚਲਦੀਆਂ ਹਨ। ਅੰਮ੍ਰਿਤਪਾਲ ਦੇ ਵਕੀਲ ਇਮਾਨ ਸਿੰਘ ਖਾਰਾ ਲਗਾਤਾਰ ਸਾਰੇ ਕੇਸਾਂ ਦਾ ਟਰਾਇਲ ਇੱਕੋ ਥਾਂ ਕਰਨ ਦੀ ਮੰਗ ਕਰ ਰਹੇ ਹਨ, ਪਰ ਸਰਕਾਰੀ ਮਸ਼ੀਨਰੀ ਇਸ ਪ੍ਰਕਿਰਿਆ ਨੂੰ ਲੰਬਾ ਖਿੱਚ ਰਹੀ ਹੈ।

ਸਿਆਸੀ ਵਿਸ਼ਲੇਸ਼ਕ ਜਸਪਾਲ ਸਿੰਘ ਸਿੱਧੂ ਅਤੇ ਹੋਰ ਮਾਹਿਰਾਂ ਅਨੁਸਾਰ, ਇਸ ਦੇ ਪਿੱਛੇ ਡੂੰਘੀ ਸਿਆਸਤ ਹੈ। ਕੇਂਦਰ ਅਤੇ ਸੂਬਾ ਸਰਕਾਰ ਦੋਵੇਂ ਹੀ ਪੰਜਾਬ ਵਿੱਚ ਇੱਕ ਨਵੀਂ 'ਕੱਟੜਪੰਥੀ ਲਹਿਰ' ਜਾਂ 'ਗਰਮ-ਖਿਆਲੀ' ਸਿਆਸਤ ਦੇ ਉਭਾਰ ਤੋਂ ਚਿੰਤਤ ਹਨ। ਅੰਮ੍ਰਿਤਪਾਲ ਸਿੰਘ ਦਾ ਐਮ.ਪੀ. ਚੁਣੇ ਜਾਣਾ ਇਹ ਸਾਬਤ ਕਰਦਾ ਹੈ ਕਿ ਉਹਨਾਂ ਦਾ ਜਨਤਕ ਆਧਾਰ ਵਧਿਆ ਹੈ, ਜੋ ਰਵਾਇਤੀ

ਪਾਰਟੀਆਂ (ਆਪ, ਕਾਂਗਰਸ, ਅਕਾਲੀ ਦਲ) ਲਈ ਚੁਣੌਤੀ ਹੈ।

2027 ਦੀਆਂ ਵਿਧਾਨ ਸਭਾ ਚੋਣਾਂ: ਕੁਝ ਮਾਹਿਰ ਮੰਨਦੇ ਹਨ ਕਿ ਸਰਕਾਰ ਅੰਮ੍ਰਿਤਪਾਲ ਸਿੰਘ ਨੂੰ ਚੋਣਾਂ ਦੇ ਨੇੜੇ ਇੱਕ 'ਸਿਆਸੀ ਹਥਿਆਰ' ਵਜੋਂ ਵਰਤ ਸਕਦੀ ਹੈ ਤਾਂ ਜੋ ਅਕਾਲੀ ਦਲ ਦੀਆਂ ਵੋਟਾਂ ਵਿੱਚ ਸੰਨ੍ਹ ਲਾਈ ਜਾ ਸਕੇ, ਪਰ ਫਿਲਹਾਲ ਉਸਨੂੰ ਜੇਲ੍ਹ ਵਿੱਚ ਰੱਖਣਾ ਸੁਰੱਖਿਆ ਅਤੇ ਸਿਆਸੀ ਸਥਿਰਤਾ ਦੇ ਨਜ਼ਰੀਏ ਤੋਂ ਸਰਕਾਰ ਨੂੰ ਫਾਇਦੇਮੰਦ ਲੱਗ ਰਿਹਾ ਹੈ।ਪਰਮਿੰਦਰ ਸਿੰਘ ਸ਼ੌਂਕੀ ਵਰਗੇ ਲੇਖਕਾਂ ਦਾ ਤਰਕ ਹੈ ਕਿ ਜਦੋਂ ਕਿਸੇ ਵਿਅਕਤੀ ਨੂੰ ਹਜ਼ਾਰਾਂ ਲੋਕ ਵੋਟ ਪਾ ਕੇ ਚੁਣਦੇ ਹਨ, ਤਾਂ ਉਸਨੂੰ 'ਰਾਸ਼ਟਰੀ ਸੁਰੱਖਿਆ ਲਈ ਖ਼ਤਰਾ' ਦੱਸਣਾ ਲੋਕਤੰਤਰੀ ਫਤਵੇ ਦਾ ਅਪਮਾਨ ਹੈ। ਸਰਕਾਰ ਅਕਸਰ ਐਨ.ਐਸ.ਏ. ਅਤੇ ਯੂ.ਏ.ਪੀ.ਏ. ਵਰਗੇ ਕਾਨੂੰਨਾਂ ਦੀ ਵਰਤੋਂ ਰਾਜਸੀ ਵਿਰੋਧੀਆਂ ਨੂੰ ਦਬਾਉਣ ਲਈ ਕਰਦੀ ਹੈ। ਅੰਮ੍ਰਿਤਪਾਲ ਸਿੰਘ ਦੀ ਧਿਰ ਨੂੰ ਵੀ ਸਵਾਲ ਹੈ ਕਿ ਉਹ ਇਸ ਲੜਾਈ ਨੂੰ ਸਿਰਫ਼ ਕਾਨੂੰਨੀ ਤੌਰ 'ਤੇ ਲੜਨ ਦੀ ਬਜਾਏ, ਅੰਤਰਰਾਸ਼ਟਰੀ ਪੱਧਰ 'ਤੇ ਮਨੁੱਖੀ ਅਧਿਕਾਰਾਂ ਦੇ ਮੁੱਦੇ ਵਜੋਂ ਉਭਾਰਨ ਵਿੱਚ ਅਸਫਲ ਕਿਉਂ ਰਹੀ ਹੈ?

ਅੰਮ੍ਰਿਤਪਾਲ ਸਿੰਘ ਦੀ ਰਾਜਨੀਤੀ ਦਾ ਭਵਿੱਖ ਹੁਣ ਪੂਰੀ ਤਰ੍ਹਾਂ ਅਦਾਲਤੀ ਫੈਸਲਿਆਂ ਅਤੇ ਸਰਕਾਰ ਦੀ ਨੀਅਤ 'ਤੇ ਟਿਕਿਆ ਹੋਇਆ ਹੈ। ਜੇਕਰ ਉਹ ਲੰਬਾ ਸਮਾਂ ਜੇਲ੍ਹ ਵਿੱਚ ਰਹਿੰਦੇ ਹਨ, ਤਾਂ ਉਨ੍ਹਾਂ ਪ੍ਰਤੀ ਹਮਦਰਦੀ ਦੀ ਲਹਿਰ ਹੋਰ ਵਧ ਸਕਦੀ ਹੈ। ਪਰ ਜੇਕਰ ਸਰਕਾਰ ਟਰਾਇਲ ਰਾਹੀਂ ਉਨ੍ਹਾਂ ਨੂੰ ਦੋਸ਼ੀ ਸਾਬਤ ਕਰਨ ਵਿੱਚ ਸਫਲ ਹੋ ਜਾਂਦੀ ਹੈ, ਤਾਂ ਉਨ੍ਹਾਂ ਦੇ ਸਿਆਸੀ ਕੈਰੀਅਰ 'ਤੇ ਬ੍ਰੇਕ ਲੱਗ ਸਕਦੀ ਹੈ।ਜੇਕਰ 2027 ਦੀਆਂ ਚੋਣਾਂ ਤੱਕ ਅੰਮ੍ਰਿਤਪਾਲ ਸਿੰਘ ਰਿਹਾਅ ਨਹੀਂ ਹੁੰਦੇ, ਤਾਂ ਵਾਰਿਸ ਪੰਜਾਬ ਦੀ ਅਗਵਾਈ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਕਰਨਗੇ।ਕਾਰਣ ਹੈ ਕਿ ਇਸ ਜਥੇਬੰਦੀ ਦੇ ਹੋਰ ਆਗੂ ਫਿਲਹਾਲ ਜੇਲ੍ਹ ਵਿੱਚ ਹਨ । ਹਾਲ ਦੀ ਘੜੀ ਨਵਾਂ ਚਿਹਰਾ ਉਭਰਨਾ ਮੁਸ਼ਕਿਲ ਹੈ। (**ਬਾਕੀ ਸ.ਫ਼ਾ 27 'ਤੇ**)

ਮੋਦੀ ਸਰਕਾਰ ਦਾ 'ਮਾਸਟਰਸਟਰੋਕ' ਫੇਲ੍ਹ, ਸੰਸਦ 'ਚ 12 ਸਾਲਾਂ ਦੀ ਸਭ ਤੋਂ ਵੱਡੀ ਸਿਆਸੀ ਹਾਰ !

ਨਾਰੀ ਸ਼ਕਤੀ ਦੇ ਨਾਂਅ 'ਤੇ ਸਿਆਸੀ ਢੌਂਗ ? ਅੰਕੜਿਆਂ ਨੇ ਖੋਲ੍ਹੀ ਭਾਜਪਾ ਦੇ ਦਾਅਵਿਆਂ ਦੀ ਪੋਲ

ਮਹਿਲਾ ਰਾਖਵਾਂਕਰਨ 131ਵਾਂ ਸੰਵਿਧਾਨਕ ਸੋਧ ਬਿਲ ਦੇ ਸੰਸਦ ਵਿੱਚ ਡਿੱਗਣ ਤੋਂ ਬਾਅਦ ਦੇਸ਼ ਦੀ ਸਿਆਸਤ ਵਿੱਚ ਦੋਸ਼-ਪ੍ਰਤੀਦੋਸ਼ ਦੀ ਜੰਗ ਤੇਜ਼ ਹੋ ਗਈ ਹੈ। ਜਿੱਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਰੋਧੀ ਧਿਰ ਨੂੰ 'ਪਾਪੀ' ਗਰਦਾਨਿਆ ਹੈ, ਉੱਥੇ ਹੀ ਸਿਆਸੀ ਮਾਹਿਰਾਂ ਅਤੇ ਬੋਧਿਕ ਹਲਕਿਆਂ ਵਿੱਚ ਸਰਕਾਰ ਦੀ ਨੀਅਤ ਅਤੇ ਕਾਰਗੁਜ਼ਾਰੀ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ। ਲੋਕ ਸਭਾ ਵਿੱਚ ਦੋ-ਤਿਹਾਈ ਬਹੁਮਤ ਨਾ ਮਿਲਣ ਕਾਰਨ ਇਹ ਡਿੱਗ ਗਿਆ ਸੀ। ਮੋਦੀ ਸਰਕਾਰ ਦੇ ਪਿਛਲੇ 12 ਸਾਲਾਂ ਦੇ ਕਾਰਜਕਾਲ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਕੋਈ ਅਹਿਮ ਸੰਵਿਧਾਨਕ ਸੋਧ ਬਿਲ ਵਿਪੱਖੀ ਏਕਤਾ ਕਾਰਨ ਫੇਲ੍ਹ ਹੋਇਆ ਹੈ।

ਸਰਕਾਰ ਨੂੰ ਇਸ ਬਿਲ ਨੂੰ ਪਾਸ ਕਰਾਉਣ ਲਈ 352 ਵੋਟਾਂ ਦੀ ਲੋੜ ਸੀ, ਪਰ ਪੱਖ ਵਿੱਚ ਸਿਰਫ਼ 298 ਵੋਟਾਂ ਹੀ ਪਈਆਂ, ਜਦਕਿ 230 ਸਾਂਸਦਾਂ ਨੇ ਇਸ ਦੇ ਵਿਰੋਧ ਵਿੱਚ ਵੋਟ ਪਾਈ। ਇਸ ਹਾਰ ਤੋਂ ਤੁਰੰਤ ਬਾਅਦ ਸਰਕਾਰ ਨੇ ਪਰਿਸੀਮਨ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨਾਲ ਸਬੰਧਤ ਦੋ ਹੋਰ ਬਿਲ ਵੀ ਵਾਪਸ ਲੈ ਲਏ ਹਨ।

ਕਾਂਗਰਸ ਸਾਂਸਦ ਪ੍ਰਿਯੰਕਾ ਗਾਂਧੀ ਨੇ ਇਸ ਜਿੱਤ ਨੂੰ ਸੰਵਿਧਾਨ ਦੀ ਜਿੱਤ ਦੱਸਦਿਆਂ ਕਿਹਾ ਕਿ ਮਹਿਲਾਵਾਂ ਮੂਰਖ ਨਹੀਂ ਹਨ। ਸਰਕਾਰ ਮਹਿਲਾਵਾਂ ਦੇ ਨਾਂਅ 'ਤੇ ਰਾਜਨੀਤਿਕ ਭੂਗੋਲ ਬਦਲਣ ਦੀ ਕੋਸ਼ਿਸ਼ ਕਰ ਰਹੀ ਸੀ। ਜੇਕਰ ਨੀਅਤ ਸਾਫ਼ ਹੈ, ਤਾਂ 2023 ਵਾਲਾ ਬਿਲ ਤੁਰੰਤ ਲਾਗੂ ਕਰੋ।

ਦੂਜੇ ਪਾਸੇ, ਪੱਛਮੀ ਬੰਗਾਲ ਦੀ

ਮੁੱਖ ਮੰਤਰੀ ਮਮਤਾ ਬੈਨਰਜੀ ਅਤੇ ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਇਸ ਨੂੰ ਸੰਘੀ ਢਾਂਚੇ 'ਤੇ ਹਮਲਾ ਕਰਾਰ ਦਿੱਤਾ। ਸਟਾਲਿਨ ਨੇ ਕਾਲੇ ਕੱਪੜੇ ਪਹਿਨ ਕੇ ਪ੍ਰਦਰਸ਼ਨ ਕਰਦਿਆਂ ਚਿਤਾਵਨੀ ਦਿੱਤੀ ਕਿ ਪਰਿਸੀਮਨ ਰਾਹੀਂ ਦੱਖਣੀ ਰਾਜਾਂ ਦੀ ਸਿਆਸੀ ਤਾਕਤ ਘਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਵਿਰੋਧੀ ਧਿਰ ਦਾ ਦੋਸ਼ ਹੈ ਕਿ ਸਰਕਾਰ ਲੋਕ ਸਭਾ ਦੀਆਂ ਸੀਟਾਂ 543 ਤੋਂ ਵਧਾ ਕੇ 850 ਕਰਨਾ ਚਾਹੁੰਦੀ ਹੈ ਤਾਂ ਜੋ ਉੱਤਰੀ ਭਾਰਤ (ਭਾਜਪਾ ਦੇ ਗੜ੍ਹ) ਦਾ ਦਬਦਬਾ ਵਧਾਇਆ ਜਾ ਸਕੇ। ਬਿਲ ਵਿੱਚ ਪਰਿਸੀਮਨ ਲਈ 2011 ਦੀ ਜਨਗਣਨਾ ਨੂੰ ਆਧਾਰ ਬਣਾਉਣ 'ਤੇ ਵੀ ਸਵਾਲ ਉੱਠੇ ਹਨ। ਸਪਾ ਅਤੇ ਹੋਰ ਖੇਤਰੀ ਪਾਰਟੀਆਂ ਓ.ਬੀ.ਸੀ. ਮਹਿਲਾਵਾਂ ਲਈ ਵੱਖਰੇ ਰਾਖਵਾਂਕਰਨ ਦੀ ਮੰਗ 'ਤੇ ਅੜੀਆਂ ਹੋਈਆਂ ਹਨ।

ਕੀ ਹੋਵੇਗਾ ਸਿਆਸੀ ਪ੍ਰਭਾਵ: 2029 ਦੀ ਤਿਆਰੀ ?

ਹੁਣ ਤੱਕ ਮੋਦੀ ਸਰਕਾਰ ਨੂੰ ਸੰਸਦ ਵਿੱਚ ਚੁਣੌਤੀ ਦੇਣਾ ਮੁਸ਼ਕਿਲ ਮੰਨਿਆ ਜਾਂਦਾ ਸੀ, ਪਰ ਇਸ ਘਟਨਾ ਨੇ ਸਾਬਤ ਕਰ ਦਿੱਤਾ ਕਿ ਕਾਂਗਰਸ, ਟੀ.ਐਮ.ਸੀ., ਡੀ.ਐਮ.ਕੇ. ਅਤੇ ਸਪਾ ਨੇ ਸਿਰਫ ਵਿਰੋਧ ਨਹੀਂ ਕੀਤਾ, ਸਗੋਂ ਅੰਕੜਿਆਂ ਦੀ ਖੇਡ ਵਿੱਚ ਸਰਕਾਰ ਨੂੰ ਪਛਾੜ ਦਿੱਤਾ। ਵਿਰੋਧੀ ਪਾਰਟੀਆਂ ਹੁਣ 'ਰਿਐਕਟਿਵ' (ਪ੍ਰਤੀਕਿਰਿਆ ਦੇਣ ਵਾਲਾ) ਨਹੀਂ ਰਿਹਾ, ਸਗੋਂ ਉਸ ਨੇ 'ਪਰਿਸੀਮਨ' ਅਤੇ 'ਓ.ਬੀ.ਸੀ. ਕੋਟਾ' ਵਰਗੇ ਮੁੱਦੇ ਉਛਾਲ ਕੇ ਸਰਕਾਰ ਨੂੰ ਰੱਖਿਆਤਮਕ ਹੋਣ ਲਈ ਮਜ਼ਬੂਰ ਕਰ ਦਿੱਤਾ। ਸੀਟਾਂ ਦੀ ਗਿਣਤੀ 543 ਤੋਂ ਵਧਾ ਕੇ 850 ਕਰਨ ਦੀ ਤਜਵੀਜ਼ ਨੇ ਇੱਕ ਖ਼ਤਰਨਾਕ ਸਿਆਸੀ ਵੰਡ ਪੈਦਾ ਕਰ ਦਿੱਤੀ ਹੈ:

ਕੈਨੇਡਾ ਦਾ 'ਬਿੱਲ ਸੀ-12': ਪੰਜਾਬੀ ਨੌਜਵਾਨਾਂ ਦੇ ਸੁਪਨਿਆਂ 'ਤੇ ਡਿਪੋਰਟੇਸ਼ਨ ਦੀ ਤਲਵਾਰ

ਸ਼ਰਨ ਦਾ 'ਚੋਰ-ਰਸਤਾ' ਪਿਆ ਮਹਿੰਗਾ: 9,000 ਪੰਜਾਬੀ ਨੌਜਵਾਨ ਦੇਸ਼ ਨਿਕਾਲੇ ਦੀ ਕਗਾਰ 'ਤੇ

ਕੈਨੇਡਾ ਸਰਕਾਰ ਵੱਲੋਂ ਨਵੇਂ ਇਮੀਗ੍ਰੇਸ਼ਨ ਕਾਨੂੰਨ 'ਬਿੱਲ ਸੀ-12' (ਸਟ੍ਰੈਂਥਨਿੰਗ ਕੈਨੇਡਾ ਇਮੀਗ੍ਰੇਸ਼ਨ ਸਿਸਟਮ ਐਂਡ ਬਾਰਡਰਜ਼ ਐਕਟ) ਦੇ ਲਾਗੂ ਹੋਣ ਨਾਲ ਵਿਦੇਸ਼ੀ ਧਰਤੀ 'ਤੇ ਪੱਕੇ ਹੋਣ ਦੇ ਸੁਪਨੇ ਵੇਖ ਰਹੇ ਹਜ਼ਾਰਾਂ ਪ੍ਰਵਾਸੀਆਂ, ਖਾਸ ਕਰਕੇ ਪੰਜਾਬੀ ਨੌਜਵਾਨਾਂ ਲਈ ਵੱਡੀ ਮੁਸੀਬਤ ਖੜ੍ਹੀ ਹੋ ਗਈ ਹੈ। ਤਾਜ਼ਾ ਅੰਕੜਿਆਂ ਅਨੁਸਾਰ, ਲਗਭਗ 30,000 ਅਸਾਈਲਮ (ਸ਼ਰਨ) ਮੰਗਣ ਵਾਲਿਆਂ ਨੂੰ 'ਪ੍ਰੋਸੀਜਰਲ ਫੇਅਰਨੈੱਸ ਨੋਟਿਸ' ਜਾਰੀ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ 9,000 ਤੋਂ ਵੱਧ ਇਕੱਲੇ ਪੰਜਾਬ ਨਾਲ ਸਬੰਧਿਤ ਹਨ। ਇਹ ਸਥਿਤੀ ਨਾ ਸਿਰਫ ਉਨ੍ਹਾਂ ਨੌਜਵਾਨਾਂ ਲਈ ਚਿੰਤਾਜਨਕ ਹੈ, ਸਗੋਂ ਪੰਜਾਬ ਦੇ ਸਮਾਜਿਕ ਅਤੇ ਆਰਥਿਕ ਹਾਲਾਤਾਂ 'ਤੇ ਵੀ ਸਵਾਲੀਆ ਨਿਸ਼ਾਨ ਲਗਾਉਂਦੀ ਹੈ।

ਬਿੱਲ ਸੀ-12 ਦੇ ਪ੍ਰਬੰਧਾਂ ਅਨੁਸਾਰ, ਜਿਹੜੇ ਵਿਅਕਤੀ ਕੈਨੇਡਾ ਪਹੁੰਚਣ ਤੋਂ ਇੱਕ ਸਾਲ ਬਾਅਦ ਸ਼ਰਨ ਲਈ ਅਰਜ਼ੀ ਦਿੰਦੇ ਹਨ, ਉਨ੍ਹਾਂ ਨੂੰ ਹੁਣ ਪੂਰੀ ਸੁਣਵਾਈ ਦਾ ਮੌਕਾ ਨਹੀਂ ਮਿਲੇਗਾ। ਇਸ ਦੀ ਬਜਾਏ, ਉਨ੍ਹਾਂ ਦਾ ਸਿਰਫ਼ 'ਪ੍ਰੀ-ਰਿਮੂਵਲ ਰਿਸਕ ਅਸੈਸਮੈਂਟ' ਕੀਤਾ ਜਾਵੇਗਾ। ਪੰਜਾਬੀ ਨੌਜਵਾਨਾਂ ਵਿੱਚ ਇਹ ਰੁਝਾਨ ਵਧਿਆ ਸੀ ਕਿ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਜਦੋਂ ਵਰਕ ਪਰਮਿਟ ਜਾਂ ਪੀ.ਆਰ. ਦੇ ਰਾਹ ਬੰਦ ਹੋਣ ਲੱਗੇ, ਤਾਂ ਉਨ੍ਹਾਂ ਨੇ ਆਪਣੀ ਰਿਹਾਇਸ਼ ਵਧਾਉਣ ਲਈ ਅਸਾਈਲਮ ਦਾ ਸਹਾਰਾ ਲਿਆ। ਕੈਨੇਡਾ ਸਰਕਾਰ ਦੀ ਇਹ ਸਖ਼ਤੀ ਹੁਣ ਉਸੇ ਚੋਰ-ਰਸਤੇ ਨੂੰ ਬੰਦ ਕਰਨ ਦੀ ਕੋਸ਼ਿਸ਼ ਹੈ।

ਸੀ.ਬੀ.ਸੀ. ਨਿਊਜ਼ ਮੁਤਾਬਕ ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੇ ਕਰੀਬ 30,000 ਸ਼ਰਨ ਮੰਗਣ ਵਾਲਿਆਂ ਨੂੰ 'ਪ੍ਰੋਸੀਜ਼ਰਲ ਫੇਅਰਨੈੱਸ ਨੋਟਿਸ' ਭੇਜਣੇ ਸ਼ੁਰੂ ਕਰ ਦਿੱਤੇ ਹਨ, ਜਿਸ ਵਿੱਚ ਉਨ੍ਹਾਂ ਨੂੰ ਸੂਚਿਤ ਕੀਤਾ ਗਿਆ ਹੈ ਕਿ ਉਨ੍ਹਾਂ ਦੇ ਦਾਅਵੇ ਹੁਣ ਨਿਯਮਾਂ 'ਤੇ ਪੂਰੇ ਨਹੀਂ ਉਤਰਦੇ। ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਚਿੱਠੀਆਂ ਵਿੱਚ ਲੋਕਾਂ ਨੂੰ ਸਵੈ- ਇੱਛਾ ਨਾਲ ਕੈਨੇਡਾ ਛੱਡਣ ਲਈ ਕਿਹਾ ਗਿਆ ਹੈ, ਨਹੀਂ ਤਾਂ ਉਨ੍ਹਾਂ ਨੂੰ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ।

'ਦ ਗਲੋਬ ਐਂਡ ਮੇਲ' ਦੀ ਰਿਪੋਰਟ ਮੁਤਾਬਕ, ਇਨ੍ਹਾਂ ਨੋਟਿਸਾਂ ਕਾਰਨ ਪ੍ਰਭਾਵਿਤ ਲੋਕਾਂ ਵਿੱਚ ਭਾਰੀ ਡਰ ਦਾ ਮਾਹੌਲ ਹੈ। ਇਨ੍ਹਾਂ ਵਿੱਚ ਬਹੁਤ ਵੱਡੀ ਗਿਣਤੀ ਉਨ੍ਹਾਂ ਪੰਜਾਬੀਆਂ ਦੀ ਹੈ ਜੋ ਪੜ੍ਹਾਈ ਕਰਨ ਲਈ ਸਟੱਡੀ ਪਰਮਿਟ 'ਤੇ ਕੈਨੇਡਾ ਆਏ ਸਨ। ਵੀਜ਼ਾ ਖ਼ਤਮ ਹੋਣ ਜਾਂ ਪੜ੍ਹਾਈ ਤੋਂ ਬਾਅਦ ਕੰਮ ਦੇ ਮੌਕੇ ਨਾ ਮਿਲਣ ਕਾਰਨ ਉਨ੍ਹਾਂ ਨੇ ਉੱਥੇ ਰਹਿਣ ਲਈ ਸ਼ਰਨ ਦੀ ਮੰਗ ਕੀਤੀ ਸੀ।

ਇਮੀਗ੍ਰੇਸ਼ਨ ਮੰਤਰੀ ਦੇ ਇੱਕ ਬੁਲਾਰੇ ਨੇ ਮੀਡੀਆ ਨੂੰ ਜਾਣਕਾਰੀ ਦਿੱਤੀ ਹੈ ਕਿ ਸਰਕਾਰ ਹੁਣ ਨਵਾਂ ਕਾਨੂੰਨ ਲਾਗੂ ਕਰ ਰਹੀ ਹੈ। ਬੁਲਾਰੇ ਮੁਤਾਬਕ, ਬਿੱਲ ਸੀ-12 ਦੇ ਕਾਨੂੰਨ ਬਣਨ ਤੋਂ ਬਾਅਦ ਹੁਣ ਉਨ੍ਹਾਂ ਸਾਰੇ ਲੋਕਾਂ ਨੂੰ 'ਪ੍ਰੋਸੀਜ਼ਰਲ ਫੇਅਰਨੈੱਸ ਲੈਟਰ' (ਸੂਚਨਾ ਪੱਤਰ) ਭੇਜੇ ਜਾ ਰਹੇ ਹਨ, ਜਿਨ੍ਹਾਂ ਦੀਆਂ ਅਰਜ਼ੀਆਂ ਇਸ ਨਵੇਂ ਕਾਨੂੰਨ ਦੇ ਘੇਰੇ ਵਿੱਚ ਆਉਂਦੀਆਂ ਹਨ।

ਜ਼ਿਆਦਾਤਰ ਪੰਜਾਬੀ ਦਾਅਵੇਦਾਰ ਉਹ ਸਾਬਕਾ ਕੌਮਾਂਤਰੀ ਵਿਦਿਆਰਥੀ ਹਨ, ਜਿਨ੍ਹਾਂ ਨੇ ਕੈਨੇਡਾ ਵਿੱਚ ਇੱਕ ਸਾਲ ਤੋਂ ਵੱਧ ਸਮਾਂ ਰਹਿਣ ਤੋਂ ਬਾਅਦ ਸ਼ਰਣ ਲਈ ਅਰਜ਼ੀ ਦਿੱਤੀ ਸੀ। ਸਟੱਡੀ ਪਰਮਿਟ ਦੇ ਨਿਯਮ ਸਖ਼ਤ ਹੋਣ ਅਤੇ ਪੱਕੇ ਹੋਣ ਦੇ ਮੌਕੇ ਘਟਣ ਕਰਕੇ, ਬਹੁਤ ਸਾਰੇ ਨੌਜਵਾਨਾਂ ਨੇ ਉੱਥੇ ਰਹਿਣ ਦਾ ਸਮਾਂ ਵਧਾਉਣ ਲਈ ਸ਼ਰਨ ਲੈਣ ਦਾ ਰਾਹ ਅਪਣਾਇਆ ਸੀ।

ਨਵੇਂ ਨਿਯਮਾਂ ਅਨੁਸਾਰ, ਅਯੋਗ ਕਰਾਰ ਦਿੱਤੇ ਗਏ ਲੋਕਾਂ ਨੂੰ ਹੁਣ ਰਿਫਿਊਜੀ ਕੇਸ ਦੀ ਪੂਰੀ ਸੁਣਵਾਈ ਦਾ ਮੌਕਾ ਨਹੀਂ ਮਿਲੇਗਾ, ਸਗੋਂ ਸਿਰਫ 'ਪ੍ਰੀ-ਰਿਮੂਵਲ ਰਿਸਕ ਅਸੈਸਮੈਂਟ' ਦੀ ਸਹੂਲਤ ਹੀ ਦਿੱਤੀ ਜਾਵੇਗੀ। ਇਸ ਫੈਸਲੇ ਕਾਰਨ ਇਮੀਗ੍ਰੇਸ਼ਨ ਵਕੀਲਾਂ ਵਿੱਚ ਚਿੰਤਾ ਪਾਈ ਜਾ ਰਹੀ ਹੈ,

(**ਬਾਕੀ ਸ.ਫ਼ਾ 27 'ਤੇ**)

ਗੈਂਗਸਟਰਾਂ ’ਤੇ ਕਰੋੜਾਂ ਦੇ ਇਨਾਮ

ਕੀ ਪੰਜਾਬ ਪੁਲਿਸ ਦਾ ਖ਼ੁਫ਼ੀਆ ਤੰਤਰ ਫ਼ੇਲ੍ਹ ਹੋ ਚੁੱਕੈ ?

ਇਸ਼ਤਿਹਾਰਾਂ ਨਾਲ ਨੱਥ ਪਵੇਗੀ ਗੈਂਗਸਟਰਾਂ ਨੂੰ ? ਮਾਨ ਸਰਕਾਰ ਦੀ ਨਵੀਂ ‘ਇਨਾਮੀ’ ਨੀਤੀ ’ਤੇ ਉੱਠੇ ਸਵਾਲ

ਵਿਦੇਸ਼ੀ ਧਰਤੀ ਵੀ ਨਹੀਂ ਰਹੀ ਸੁਰੱਖਿਅਤ: ਪੰਜਾਬ ਪੁਲਿਸ ਦਾ ‘ਅਪ੍ਰੇਸ਼ਨ ਕਲੀਨ’ ਹੁਣ ਸੱਤ ਸਮੁੰਦਰੋਂ ਪਾਰ !

ਪੰਜਾਬ ਸਰਕਾਰ ਵੱਲੋਂ ਸੂਬੇ ਦੇ 28 ਨਾਮੀ ਗੈਂਗਸਟਰਾਂ ਦੀ ਸੂਹ ਦੇਣ ਵਾਲਿਆਂ ਲਈ 2 ਕਰੋੜ ਰੁਪਏ ਦੇ ਇਨਾਮ ਦਾ ਐਲਾਨ ਕਰਨਾ ਇੱਕ ਗੰਭੀਰ ਪ੍ਰਸ਼ਾਸਨਿਕ ਕਦਮ ਹੈ। ਅਖ਼ਬਾਰਾਂ ਵਿੱਚ ਵੱਡੇ ਇਸ਼ਤਿਹਾਰ ਜਾਰੀ ਕਰਕੇ ਜਨਤਾ ਨੂੰ ਇਸ ਮੁਹਿੰਮ ਦਾ ਹਿੱਸਾ ਬਣਾਉਣਾ ਇਹ ਦਰਸਾਉਂਦਾ ਹੈ ਕਿ ਸਰਕਾਰ ਹੁਣ ‘ਗੈਂਗਸਟਰ-ਮੁਕਤ ਪੰਜਾਬ’ ਦੇ ਨਾਅਰੇ ਨੂੰ ਸਿਰਫ਼ ਪੁਲਿਸ ਫਾਈਲਾਂ ਤੱਕ ਸੀਮਤ ਨਹੀਂ ਰੱਖਣਾ ਚਾਹੁੰਦੀ, ਸਗੋਂ ਇਸ ਨੂੰ ਇੱਕ ਲੋਕ-ਮੁਹਿੰਮ ਦਾ ਰੂਪ ਦੇਣ ਦੀ ਕੋਸ਼ਿਸ਼ ਕਰ ਰਹੀ ਹੈ।

ਭਾਜਪਾ ਆਗੂ ਤਰੁਣ ਚੁੱਘ ਨੇ ਕਿਹਾ ਹੈ ਕਿ ਜਨਤਾ ਤੋਂ ਸੂਚਨਾ ਮੰਗਣਾ ਅਤੇ ਇਨਾਮਾਂ ਦਾ ਐਲਾਨ ਕਰਨਾ ਇਹ ਸਾਬਤ ਕਰਦਾ ਹੈ ਕਿ ਸਰਕਾਰ ਕਾਨੂੰਨ ਵਿਵਸਥਾ ਬਣਾਏ ਰੱਖਣ ਵਿੱਚ ਨਾਕਾਮ ਰਹੀ ਹੈ। ਉਨ੍ਹਾਂ ਇਲਜ਼ਾਮ ਲਾਇਆ ਕਿ ‘ਆਪ’ ਸਰਕਾਰ ਗੈਂਗਸਟਰ ਸੱਭਿਆਚਾਰ ਨੂੰ ਨੱਥ ਪਾਉਣ ਦੀ ਬਜਾਏ ਅਸਫਲ ਸਾਬਤ ਹੋ ਰਹੀ ਹੈ।

ਕਾਂਗਰਸ ਆਗੂਆਂ (ਜਿਨ੍ਹਾਂ ਵਿੱਚ ਪ੍ਰਤਾਪ ਸਿੰਘ ਬਾਜਵਾ ਅਤੇ ਅਮਰਿੰਦਰ ਸਿੰਘ ਰਾਜਾ ਵੜਿੰਗ, ਪ੍ਰਗਟ ਸਿੰਘ ਨੇ ਸਰਕਾਰ ਨੂੰ ਕਈ ਨੁਕਤਿਆਂ ’ਤੇ ਘੇਰਿਆ ਹੈ: ਕਾਂਗਰਸ ਦਾ ਕਹਿਣਾ ਹੈ ਕਿ ਸਰਕਾਰ ਲੋਕਾਂ ਵਿੱਚ ਆਪਣਾ ਵਿਸ਼ਵਾਸ ਗੁਆ ਚੁੱਕੀ ਹੈ। ਜੇਕਰ ਪੁਲਿਸ ਅਤੇ ਖ਼ੁਫ਼ੀਆ ਤੰਤਰ ਮਜ਼ਬੂਤ ਹੁੰਦਾ, ਤਾਂ ਜਨਤਾ ਤੋਂ ਸੂਹ ਮੰਗਣ ਦੀ ਲੋੜ ਨਹੀਂ ਸੀ ਪੈਣੀ। ਕਾਂਗਰਸ ਅਕਸਰ ਸਵਾਲ ਚੁੱਕਦੀ ਰਹੀ ਹੈ ਕਿ ਗੈਂਗਸਟਰ ਜੇਲ੍ਹਾਂ ਦੇ ਅੰਦਰੋਂ ਇੰਟਰਵਿਊ ਦੇ ਰਹੇ ਹਨ ਅਤੇ ਫਿਰੌਤੀਆਂ ਮੰਗ ਰਹੇ ਹਨ, ਅਜਿਹੇ ਵਿੱਚ ਬਾਹਰਲੇ ਗੈਂਗਸਟਰਾਂ ’ਤੇ ਇਨਾਮ ਰੱਖਣਾ ਸਿਰਫ਼ ਧਿਆਨ ਭਟਕਾਉਣ ਦੀ ਕੋਸ਼ਿਸ਼ ਹੈ। ਕਾਂਗਰਸ ਦਾ ਦੋਸ਼ ਹੈ ਕਿ ਸਰਕਾਰ ਸਿਰਫ਼ ਇਸ਼ਤਿਹਾਰਬਾਜ਼ੀ ਕਰ ਰਹੀ ਹੈ, ਜਦੋਂ ਕਿ ਇਨਸਾਫ਼ ਦੇਣ ਦੀ ਪ੍ਰਕਿਰਿਆ ਬਹੁਤ ਸੁਸਤ ਹੈ।

ਅਕਾਲੀ ਦਲ ਨੇ ਇਸ ਮੁਹਿੰਮ ਨੂੰ ‘ਦਹਿਸ਼ਤ ਦਾ ਮਾਹੌਲ’ ਅਤੇ ‘ਪ੍ਰਸ਼ਾਸਨਿਕ ਦਿਵਾਲੀਆਪਨ’ ਦੱਸਿਆ ਹੈ:ਅਕਾਲੀ ਦਲ ਦੇ ਆਗੂਆਂ ਸੁਖਬੀਰ ਸਿੰਘ ਬਾਦਲ ਤੇ ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਪੂਰੇ ਦੇਸ਼ ਦੇ ਅਖ਼ਬਾਰਾਂ ਵਿੱਚ ਗੈਂਗਸਟਰਾਂ ਦੀਆਂ ਤਸਵੀਰਾਂ ਛਾਪ ਕੇ ਸਰਕਾਰ ਨੇ ਪੰਜਾਬ ਨੂੰ ਇੱਕ ‘ਅਪਰਾਧਿਕ ਸੂਬੇ’ ਵਜੋਂ ਪੇਸ਼ ਕੀਤਾ ਹੈ, ਜਿਸ ਨਾਲ ਨਿਵੇਸ਼ਕਾਂ ਅਤੇ ਸੈਲਾਨੀਆਂ ਵਿੱਚ ਗਲਤ ਸੁਨੇਹਾ ਜਾਂਦਾ ਹੈ। ਅਕਾਲੀ ਦਲ ਮੁਤਾਬਕ, ਸਰਕਾਰ ਆਪਣੀ ਜ਼ਿੰਮੇਵਾਰੀ ਆਮ ਲੋਕਾਂ ਦੇ ਸਿਰ ਪਾ ਰਹੀ ਹੈ। ਉਨ੍ਹਾਂ ਸਵਾਲ ਕੀਤਾ ਕਿ ਕੀ ਜਾਣਕਾਰੀ ਦੇਣ ਵਾਲੇ ਨਾਗਰਿਕ ਦੀ ਜਾਨ ਦੀ ਜ਼ਿੰਮੇਵਾਰੀ ਸਰਕਾਰ ਲਵੇਗੀ ? ਸੁਖਬੀਰ ਸਿੰਘ ਬਾਦਲ ਅਤੇ ਹੋਰ ਅਕਾਲੀ ਆਗੂਆਂ ਨੇ ਇਸ ਨੂੰ ‘ਫੋਟੋ-ਸ਼ੂਟ’ ਸਰਕਾਰ ਦੀ ਇੱਕ ਹੋਰ ਮਿਸਾਲ ਦੱਸਿਆ ਹੈ, ਜੋ ਜ਼ਮੀਨੀ ਕੰਮ ਕਰਨ ਦੀ ਬਜਾਏ ਇਸ਼ਤਿਹਾਰਾਂ ’ਤੇ ਕਰੋੜਾਂ ਰੁਪਏ ਬਰਬਾਦ ਕਰ ਰਹੀ ਹੈ।

ਆਮ ਆਦਮੀ ਪਾਰਟੀ ਦੇ ਬੁਲਾਰੇ ਬਲਤੇਜ ਪੰਨੂ ਨੇ ਕਿਹਾ ਕਿ ਸਰਕਾਰ ਗੈਂਗਸਟਰਾਂ ਵਿਰੁੱਧ ਜ਼ੀਰੋ ਟਾਲਰੈਂਸ ਦੀ ਨੀਤੀ ’ਤੇ ਚੱਲ ਰਹੀ ਹੈ ਅਤੇ ਕਿਸੇ ਵੀ ਅਪਰਾਧੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ, ਚਾਹੇ ਉਹ ਕਿਸੇ ਵੀ ਦੇਸ਼ ਵਿੱਚ ਲੁਕਿਆ ਹੋਵੇ।

ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ, ਲਖਬੀਰ ਲੰਡਾ ਅਤੇ ਹਰਵਿੰਦਰ ਰਿੰਦਾ ਵਰਗੇ ਅਪਰਾਧੀਆਂ ’ਤੇ 10-10 ਲੱਖ ਰੁਪਏ ਦਾ ਇਨਾਮ ਰੱਖਣਾ ਇਹ ਸੁਨੇਹਾ ਦਿੰਦਾ ਹੈ ਕਿ ਰਾਜ ਸੱਤਾ ਇਨ੍ਹਾਂ ਭਗੌੜਿਆਂ ਨੂੰ ਫੜਨ ਲਈ ਹਰ ਹੀਲਾ ਵਰਤਣ ਲਈ ਤਿਆਰ ਹੈ। ਪੰਜਾਬ ਪੁਲਿਸ ਵੱਲੋਂ ਬਣਾਇਆ ਗਿਆ ਨਵਾਂ ਓਵਰਸੀਜ਼ ਫਿਊਜੀਟਿਵ ਟ੍ਰੈਕਿੰਗ ਸੈੱਲ ਇੱਕ ਅਹਿਮ ਪਹਿਲ ਹੈ, ਕਿਉਂਕਿ ਅੱਜ ਗੈਂਗਸਟਰਵਾਦ ਦੀਆਂ ਜੜ੍ਹਾਂ ਸੱਤ ਸਮੁੰਦਰੋਂ ਪਾਰ ਕੈਨੇਡਾ, ਅਮਰੀਕਾ ਅਤੇ ਦੁਬਈ ਵਰਗੇ ਮੁਲਕਾਂ ਤੱਕ ਫੈਲੀਆਂ ਹੋਈਆਂ ਹਨ। ਅੰਮ੍ਰਿਤਪਾਲ ਸਿੰਘ ਮਹਿਰੋਂ ਦੀ ਦੁਬਈ ਤੋਂ ਗ੍ਰਿਫਤਾਰੀ ਇਸ ਦੀ ਮਿਸਾਲ ਹੈ।

ਹਾਲਾਂਕਿ, ਇਸ ਜਨਤਕ ਮੁਹਿੰਮ ’ਤੇ ਵਿਰੋਧੀ ਧਿਰਾਂ ਵੱਲੋਂ ਉਠਾਏ ਗਏ ਸਵਾਲਾਂ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਜਦੋਂ ਸਰਕਾਰ ਨੂੰ ਅਪਰਾਧੀਆਂ ਨੂੰ ਫੜਨ ਲਈ ਨਾਗਰਿਕਾਂ ਦੇ ਸਹਿਯੋਗ ਅਤੇ ਨਕਦ ਇਨਾਮਾਂ ਦਾ ਸਹਾਰਾ ਲੈਣਾ ਪੈਂਦਾ ਹੈ, ਤਾਂ ਇਹ ਸਿੱਧੇ ਤੌਰ ’ਤੇ ਸੂਬੇ ਦੀ ਖ਼ੁਫ਼ੀਆ ਤੰਤਰ ਦੀ ਕਮਜ਼ੋਰੀ ਨੂੰ ਵੀ ਉਜਾਗਰ ਕਰਦਾ ਹੈ। (ਬਾਕੀ ਸ.ਫ਼ਾ 27 ’ਤੇ)

ਅਜੇ ਡਿਬਰੂਗੜ੍ਹ ਜੇਲ੍ਹ ਵਿੱਚ ਹੀ ਰਹੇਗਾ ਭਾਈ ਅੰਮ੍ਰਿਤਪਾਲ ਸਿੰਘ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਸਰਕਾਰ ਵੱਲੋਂ ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਕੌਮੀ ਸੁਰੱਖਿਆ ਐਕਟ ਤਹਿਤ ਉਸਦੀ ਨਜ਼ਰਬੰਦੀ ਦੀ ਮਿਆਦ ਖਤਮ ਹੋਣ ਤੋਂ ਬਾਅਦ ਗ੍ਰਿਫ਼ਤਾਰ ਕਰਨ ਅਤੇ ਡਿਬਰੂਗੜ੍ਹ ਜੇਲ੍ਹ ਵਿੱਚ ਰੱਖਣ ਦੀ ਇਜਾਜ਼ਤ ਮੰਗਣ ਤੋਂ ਇੱਕ ਦਿਨ ਬਾਅਦ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕਿਹਾ ਕਿ ਉਹ ‘ਕੁੱਝ ਪ੍ਰਬੰਧ ਕਰੇਗੀ ਅਤੇ ਹੁਕਮ ਪਾਸ ਕਰੇਗੀ’, ਜਿਸ ਨਾਲ ਸੰਕੇਤ ਮਿਲਦਾ ਹੈ ਕਿ ਉਹ ਉੱਥੇ ਹੀ ਨਜ਼ਰਬੰਦ ਰਹੇਗਾ।

ਕੇਂਦਰ ਅਤੇ ਹੋਰ ਉੱਤਰਦਾਤਾਵਾਂ ਵਿਰੁੱਧ ਰਾਜ ਦੀ ਪਟੀਸ਼ਨ ’ਤੇ ਸੁਣਵਾਈ ਕਰਦਿਆਂ ਚੀਫ਼ ਜਸਟਿਸ ਸ਼ੀਲ ਨਾਗੂ ਦੀ ਅਗਵਾਈ ਵਾਲੇ ਬੈਂਚ ਨੇ ਸੰਕੇਤ ਦਿੱਤਾ ਕਿ ਵਰਚੁਅਲ ਮੋਡ ਰਾਹੀਂ ਕਾਰਵਾਈ ਦੀ ਸਹੂਲਤ ਲਈ ਇੱਕ ਅੰਤਰਿਮ ਹੁਕਮ ਪਾਸ ਕੀਤਾ ਜਾਵੇਗਾ। ਅਦਾਲਤ ਨੇ ਟਿੱਪਣੀ ਕੀਤੀ, ‘ਅਸੀਂ ਇੱਕ ਅੰਤਰਿਮ ਹੁਕਮ ਪਾਸ ਕਰਾਂਗੇ... ਸਾਰੀਆਂ ਸੁਣਵਾਈਆਂ ਲਈ ਪ੍ਰਬੰਧ ਕਰਾਂਗੇ — ਚਾਹੇ ਉਹ ਰਿਮਾਂਡ ਦੀ ਸੁਣਵਾਈ ਹੋਵੇ ਜਾਂ ਦੋਸ਼ਾਂ ’ਤੇ ਬਹਿਸ, ਜਾਂ ਵਕੀਲਾਂ ਨਾਲ ਸਲਾਹ-ਮਸ਼ਵਰਾ... ਉਸਦੀ ਪਸੰਦ ਦਾ ਕੋਈ ਵੀ ਵਕੀਲ... ਇਹ

ਵਰਚੁਅਲ ਪਲੇਟਫਾਰਮ ’ਤੇ ਕੀਤਾ ਜਾਵੇਗਾ ਅਤੇ ਨਾਲ ਹੀ ਕਿਹਾ ਕਿ ਪਟੀਸ਼ਨ ਨੂੰ ਲੰਬਿਤ ਰੱਖਿਆ ਜਾਵੇਗਾ।

ਇਹ ਟਿੱਪਣੀਆਂ ਖੁੱਲ੍ਹੀ ਅਦਾਲਤ ਦੀ ਸੁਣਵਾਈ ਦੌਰਾਨ ਸਾਹਮਣੇ ਆਈਆਂ ਹਨ ਅਤੇ ਇਹ ਕੇਵਲ ਬੈਂਚ ਦੇ ਪ੍ਰਾਈਮਾ ਫੇਸੀ (ਪਹਿਲੀ ਨਜ਼ਰੇ) ਵਿਚਾਰ ਦਾ ਸੰਕੇਤ ਹਨ। ਇਨ੍ਹਾਂ ਨੂੰ ਮਾਮਲੇ ਵਿੱਚ ਰਾਏ ਦੇ ਨਿਰਣਾਇਕ ਪ੍ਰਗਟਾਵੇ ਵਜੋਂ ਨਹੀਂ ਮੰਨਿਆ ਜਾ ਸਕਦਾ। ਇਸ ਮਾਮਲੇ ਵਿੱਚ ਕੇਂਦਰ ਦੀ ਨੁਮਾਇੰਦਗੀ ਭਾਰਤ ਦੇ ਵਧੀਕ ਸਾਲੀਸਿਟਰ ਜਨਰਲ ਸਤਿਆ ਪਾਲ ਜੈਨ ਅਤੇ ਵਕੀਲ ਧੀਰਜ ਜੈਨ ਨੇ ਕੀਤੀ।

ਸੁਣਵਾਈ ਦੀ ਪਿਛਲੀ ਤਰੀਕ ’ਤੇ ਰਾਜ ਨੇ ਬੈਂਚ ਨੂੰ ਸੂਚਿਤ ਕੀਤਾ ਸੀ ਕਿ ਐੱਨ ਐੱਸ ਏ ਤਹਿਤ ਨਿਵਾਰਕ ਨਜ਼ਰਬੰਦੀ 23 ਅਪ੍ਰੈਲ ਨੂੰ ਖ਼ਤਮ ਹੋ ਰਹੀ ਹੈ ਅਤੇ ਰਾਜ ਨੇ ਖ਼ੁਫ਼ੀਆ ਜਾਣਕਾਰੀ ਅਤੇ ਸੁਰੱਖਿਆ ਚਿੰਤਾਵਾਂ ਦਾ ਹਵਾਲਾ ਦਿੰਦੇ ਹੋਏ ਉਸ ਨੂੰ ਗ੍ਰਿਫ਼ਤਾਰ ਕਰਨ ਅਤੇ ਅਸਾਮ ਵਿੱਚ ਹੀ ਰੱਖਣ ਦਾ ਇਰਾਦਾ ਰੱਖਿਆ ਹੈ।

ਬੈਂਚ ਦੇ ਸਾਹਮਣੇ ਪੇਸ਼ ਹੁੰਦੇ ਹੋਏ ਰਾਜ ਦੇ ਵਕੀਲ ਨੇ ਕਿਹਾ: ‘ਅਸੀਂ ਉਸਨੂੰ ਪੰਜਾਬ ਵਿੱਚ ਨਹੀਂ ਚਾਹੁੰਦੇ। ਅਸੀਂ ਉਸ ਨੂੰ ਗ੍ਰਿਫਤਾਰ ਕਰਕੇ ਉੱਥੇ ਹੀ ਰੱਖਣਾ ਚਾਹੁੰਦੇ ਹਾਂ। ਮੁਕੱਦਮਾ ਵੀਡੀਓ ਕਾਨਫਰੰਸਿੰਗ ਰਾਹੀਂ ਚਲਾਇਆ ਜਾਵੇਗਾ।’

ਅੰਮ੍ਰਿਤਪਾਲ ਸਿੰਘ, ਜੋ ਅਪ੍ਰੈਲ 2023 ਤੋਂ ਨਜ਼ਰਬੰਦੀ ਅਧੀਨ ਹੈ, ਇਸ ਸਮੇਂ ਅਸਾਮ ਦੀ ਡਿਬਰੂਗੜ੍ਹ ਕੇਂਦਰੀ ਜੇਲ੍ਹ ਵਿੱਚ ਬੰਦ ਹੈ।

2015 ਬੰਬ ਧਮਾਕਾ: ਵਿਦੇਸ਼ ਬੈਠੇ ਠਾਕੁਰ ਦਿਲੀਪ ਸਿੰਘ ਨੂੰ ਮੋਹਾਲੀ ਅਦਾਲਤ ਨੇ ਐਲਾਨਿਆ ਭਗੌੜਾ

ਇੰਟਰਪੋਲ ਦੇ ਨੋਟਿਸ ਵੀ ਰਹੇ ਬੇਅਸਰ, ਅਖੀਰ ਅਦਾਲਤ ਨੇ ਦਿਖਾਈ ਸਖ਼ਤੀ

ਵਧੀਆਂ ਮੁਸ਼ਕਿਲਾਂ, ਜਾਇਦਾਦ ਹੋ ਸਕਦੀ ਹੈ ਕੁਰਕ

ਮੋਹਾਲੀ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਵੱਲੋਂ ਨਾਮਧਾਰੀ ਸੰਪ੍ਰਦਾਇ ਦੇ ਠਾਕੁਰ ਦਿਲੀਪ ਸਿੰਘ ਨੂੰ ‘ਭਗੌੜਾ’ ਐਲਾਨਣ ਦਾ ਫ਼ੈਸਲਾ ਦੇਰੀ ਨਾਲ ਲਿਆ ਗਿਆ ਪਰ ਇੱਕ ਦਰੁਸਤ ਕਦਮ ਹੈ। ਸਾਲ 2015 ਦੇ ਕਾਰ ਬੰਬ ਧਮਾਕੇ ਵਰਗੇ ਸੰਗੀਨ ਜੁਰਮ ਵਿੱਚ ਨਾਮਜ਼ਦ ਕਿਸੇ ਵਿਅਕਤੀ ਦਾ ਇੱਕ ਦਹਾਕੇ ਤੱਕ ਕਾਨੂੰਨ ਦੀਆਂ ਅੱਖਾਂ ਵਿੱਚ ਧੂੜ ਪਾ ਕੇ ਵਿਦੇਸ਼ ਬੈਠੇ ਰਹਿਣਾ ਭਾਰਤੀ ਜਾਂਚ ਪ੍ਰਣਾਲੀ ਅਤੇ ਅੰਤਰਰਾਸ਼ਟਰੀ ਕਾਨੂੰਨੀ ਤਾਲਮੇਲ ’ਤੇ ਕਈ ਸਵਾਲ ਖੜ੍ਹੇ ਕਰਦਾ ਹੈ।

ਕਾਰ ਬੰਬ ਧਮਾਕੇ ਵਰਗੀਆਂ ਘਟਨਾਵਾਂ ਸਿਰਫ਼ ਕਿਸੇ ਇੱਕ ਵਿਅਕਤੀ ਵਿਰੁੱਧ ਜੁਰਮ ਨਹੀਂ ਹੁੰਦੀਆਂ, ਸਗੋਂ ਇਹ ਸਮਾਜਿਕ ਸ਼ਾਂਤੀ ਅਤੇ ਰਾਸ਼ਟਰੀ ਸੁਰੱਖਿਆ ਨੂੰ ਸਿੱਧੀ ਚੁਣੌਤੀ ਹੁੰਦੀਆਂ ਹਨ। ਜਦੋਂ ਅਜਿਹੇ ਅਦਾਲਤੀ ਫ਼ੈਸਲਿਆਂ ਵਿੱਚ ਕਿਸੇ ਪ੍ਰਭਾਵਸ਼ਾਲੀ ਸੰਪ੍ਰਦਾਇ ਨਾਮਧਾਰੀ ਸੰਪਰਦਾ ਨਾਲ ਜੁੜੇ ਚਿਹਰੇ ਦਾ ਨਾਮ ਸਾਹਮਣੇ ਆਉਂਦਾਹੈ, ਤਾਂ ਇਨਸਾਫ਼ ਦੀ ਉਮੀਦ ਹੋਰ ਵੀ ਵਧ ਜਾਂਦੀ ਹੈ। ਪਰ ਠਾਕੁਰ ਦਿਲੀਪ ਸਿੰਘ ਦੇ ਮਾਮਲੇ ਵਿੱਚ ਇਹ ਦੇਖਣ ਨੂੰ ਮਿਲਿਆ ਕਿ 2021 ਵਿੱਚ ਗੈਰ-ਜ਼ਮਾਨਤੀ ਵਾਰੰਟ ਜਾਰੀ ਹੋਣ ਅਤੇ 2023 ਵਿੱਚ ਇੰਟਰਪੋਲ ਦੇ ਰੈੱਡ ਕਾਰਨਰ ਨੋਟਿਸ ਦੇ ਬਾਵਜੂਦ, ਉਹ ਜਾਂਚ ਏਜੰਸੀਆਂ ਦੀ ਪਹੁੰਚ ਤੋਂ ਦੂਰ ਰਿਹਾ। ਅਦਾਲਤ ਨੇ ਆਪਣੇ ਫ਼ੈਸਲੇ ਵਿੱਚ ਸਪੱਸ਼ਟ ਕੀਤਾ ਕਿ ਮੁਲਜ਼ਮ ਨੂੰ ਪੇਸ਼ ਹੋਣ ਲਈ ਕਈ ਵਾਰ ਮੌਕੇ ਦਿੱਤੇ ਗਏ ਸਨ, ਪਰ ਉਹ ਨਿਰਧਾਰਤ ਸਮੇਂ ਦੇ ਅੰਦਰ ਹਾਜ਼ਰ ਨਹੀਂ ਹੋਇਆ।

13 ਮਈ 2021: ਅਦਾਲਤ ਵੱਲੋਂ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ।

ਲੁੱਕਆਊਟ ਨੋਟਿਸ: ਦੇਸ਼ ਤੋਂ ਬਾਹਰ ਜਾਣ ਤੋਂ ਰੋਕਣ ਲਈ ਲੁੱਕਆਊਟ ਸਰਕੂਲਰ ਜਾਰੀ ਕੀਤਾ ਗਿਆ।

31 ਦਸੰਬਰ 2022: ਸੀ.ਬੀ.ਆਈ. ਨੇ ਇਸ ਮਾਮਲੇ ਵਿੱਚ ਚਾਰਜਸ਼ੀਟ ਦਾਇਰ ਕੀਤੀ।

ਦਸੰਬਰ 2023: ਅੰਤਰਰਾਸ਼ਟਰੀ ਪੱਧਰ ’ਤੇ ਸ਼ਿਕੰਜਾ ਕੱਸਣ ਲਈ ਇੰਟਰਪੋਲ ਰਾਹੀਂ ‘ਰੈੱਡ ਕਾਰਨਰ ਨੋਟਿਸ’ ਵੀ ਜਾਰੀ ਕੀਤਾ ਗਿਆ।

ਠਾਕੁਰ ਦਿਲੀਪ ਸਿੰਘ ਦੇ ਭਗੌੜਾ ਐਲਾਨੇ ਜਾਣ ਤੋਂ ਬਾਅਦ ਹੁਣ ਇਸ ਮਾਮਲੇ ਵਿੱਚ ਅੱਗੇ ਦੀ ਕਾਨੂੰਨੀ ਕਾਰਵਾਈ ਦਾ ਰਸਤਾ ਸਾਫ਼ ਹੋ ਗਿਆ ਹੈ। ਅਦਾਲਤ ਨੇ ਮੰਨਿਆ ਹੈ ਕਿ ਮੁਲਜ਼ਮ ਦਾ ਫ਼ਰਾਰ ਹੋਣਾ ਇਨਸਾਫ਼ ਦੀ ਪ੍ਰਕਿਰਿਆ ਵਿੱਚ ਵੱਡੀ ਰੁਕਾਵਟ ਪੈਦਾ ਕਰ ਰਿਹਾ ਸੀ। ਹੁਣ ਜਾਂਚ ਏਜੰਸੀਆਂ ਉਸ ਦੀ ਜਾਇਦਾਦ ਕੁਰਕ ਕਰਨ ਵਰਗੇ ਅਗਲੇ ਸਖ਼ਤ ਕਦਮ ਚੁੱਕ ਸਕਦੀਆਂ ਹਨ।

ਅਦਾਲਤ ਦਾ ਇਹ ਸਖ਼ਤ ਰੁਖ਼ ਇਹ ਸੁਨੇਹਾ ਦਿੰਦਾ ਹੈ ਕਿ ਕੋਈ ਵੀ ਵਿਅਕਤੀ, ਚਾਹੇ ਉਹ ਕਿੰਨਾ ਵੀ ਵੱਡਾ ਰੁਤਬਾ ਕਿਉਂ ਨਾ ਰੱਖਦਾ ਹੋਵੇ, ਦੇਸ਼ ਦੇ ਸੰਵਿਧਾਨ ਅਤੇ ਕਾਨੂੰਨ ਤੋਂ ਉੱਪਰ ਨਹੀਂ ਹੋ ਸਕਦਾ। ਧਾਰਮਿਕ ਜਾਂ ਸਮਾਜਿਕ ਅਹੁਦਿਆਂ ਦੀ ਆੜ ਵਿੱਚ ਅਪਰਾਧਿਕ ਜ਼ਿੰਮੇਵਾਰੀ ਤੋਂ ਬਚਣ ਦੀ ਪ੍ਰਵਿਰਤੀ ਲੋਕਤੰਤਰ ਲਈ ਘਾਤਕ ਹੈ।

ਹੁਣ ਜਦੋਂ ਅਦਾਲਤ ਨੇ ਕਾਨੂੰਨੀ ਪ੍ਰਕਿਰਿਆਵਾਂ ਪੂਰੀਆਂ ਕਰਕੇ ਉਸ ਨੂੰ ਭਗੌੜਾ ਐਲਾਨ ਦਿੱਤਾ ਹੈ, ਤਾਂ ਕੇਂਦਰੀ ਜਾਂਚ ਏਜੰਸੀਆਂ ਅਤੇ ਵਿਦੇਸ਼ ਮੰਤਰਾਲੇ ਦੀ ਜ਼ਿੰਮੇਵਾਰੀ ਹੋਰ ਵਧ ਗਈ ਹੈ। ਸਿਰਫ਼ ਕਾਗਜ਼ੀ ਕਾਰਵਾਈ ਜਾਂ ਨੋਟਿਸਾਂ ਨਾਲ ਗੱਲ ਨਹੀਂ ਬਣਨੀ। ਲੋੜ ਹੈ ਕਿ ਡਿਪਲੋਮੈਟਿਕ ਚੈਨਲਾਂ ਰਾਹੀਂ ਅਜਿਹੇ ਅਨਸਰਾਂ ਨੂੰ ਵਾਪਸ ਲਿਆ ਕੇ ਮੁਕੱਦਮੇ ਦਾ ਸਾਹਮਣਾ ਕਰਵਾਇਆ ਜਾਵੇ।

ਇਨਸਾਫ਼ ਵਿੱਚ ਹੋ ਰਹੀ ਦੇਰੀ ਨਾ ਸਿਰਫ਼ ਪੀੜਤਾਂ ਦੇ ਜ਼ਖ਼ਮਾਂ ਨੂੰ ਹਰਾ ਰੱਖਦੀ ਹੈ, ਸਗੋਂ ਅਪਰਾਧਿਕ ਮਾਨਸਿਕਤਾ ਵਾਲੇ ਲੋਕਾਂ ਦੇ ਹੌਸਲੇ ਵੀ ਬੁਲੰਦ ਕਰਦੀ ਹੈ। ਠਾਕੁਰ ਦਿਲੀਪ ਸਿੰਘ ਦਾ ਭਗੌੜਾ ਐਲਾਨਿਆ ਜਾਣਾ ਇਸ ਗੁੰਝਲਦਾਰ ਮਾਮਲੇ ਦੇ ਨਿਪਟਾਰੇ ਦੀ ਦਿਸ਼ਾ ਵਿੱਚ ਇੱਕ ਸ਼ੁਰੂਆਤ ਮਾਤਰ ਹੈ, (ਬਾਕੀ ਸ.ਫ਼ਾ 27 ’ਤੇ)

ਠਾਕੁਰ ਦਲੀਪ ਸਿੰਘ ਦਾ ਸਿੱਖ ਪੰਥ ਨਾਲ ਕੀ ਹੈ ਟਕਰਾਅ ?

ਠਾਕੁਰ ਦਿਲੀਪ ਸਿੰਘ ਅਤੇ ਅਕਾਲ ਤਖ਼ਤ ਸਾਹਿਬ ਵਿਚਾਲੇ ਵਿਵਾਦ ਕਾਫ਼ੀ ਪੁਰਾਣਾ ਅਤੇ ਸਿਧਾਂਤਕ ਹੈ। ਹਾਲਾਂਕਿ ਉਹ ਨਾਮਧਾਰੀ ਸੰਪ੍ਰਦਾਇ ਦੇ ਇੱਕ ਧੜੇ ਦੇ ਮੁਖੀ ਹਨ, ਪਰ ਉਹਨਾਂ ਦੀਆਂ ਕੁਝ ਗਤੀਵਿਧੀਆਂ ਅਤੇ ਬਿਆਨਾਂ ਕਾਰਨ ਸਿੱਖ ਪੰਥ ਅਤੇ ਅਕਾਲ ਤਖ਼ਤ ਸਾਹਿਬ ਨਾਲ ਉਹਨਾਂ ਦਾ ਟਕਰਾਅ ਬਣਿਆ ਹੋਇਆ ਹੈ।

ਠਾਕੁਰ ਦਿਲੀਪ ਸਿੰਘ ਨੇ ਇੱਕ ਸਮਾਗਮ ਦੌਰਾਨ ਕਥਿਤ ਤੌਰ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ‘ਗੁਰੂ’ ਮੰਨਣ ਦੀ ਬਜਾਏ ਕੇਵਲ ਇੱਕ ‘ਪੁਸਤਕ’ ਜਾਂ ‘ਧਰਮ ਗ੍ਰੰਥ’ ਕਹਿ ਕੇ ਸੰਬੋਧਨ ਕੀਤਾ ਸੀ। ਉਹਨਾਂ ਦਾ ਤਰਕ ਸੀ ਕਿ ਗੁਰੂ ਕੇਵਲ ‘ਦੇਹਧਾਰੀ’ (ਜੀਵਤ ਮਨੁੱਖ) ਹੀ ਹੋ ਸਕਦਾ ਹੈ। ਸਿੱਖ ਧਰਮ ਦਾ ਬੁਨਿਆਦੀ ਸਿਧਾਂਤ ‘ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ’ ਹੈ। ਜਦੋਂ ਉਹਨਾਂ ਨੇ ਗੁਰੂ ਸਾਹਿਬ ਦੀ ਸਰਵਉੱਚਤਾ ਨੂੰ ਚੁਣੌਤੀ ਦਿੱਤੀ, ਤਾਂ ਇਸ ਨੂੰ ਸਿੱਖਾਂ ਦੀ ਆਸਥਾ ’ਤੇ ਸਿੱਧਾ ਹਮਲਾ ਮੰਨਿਆ ਗਿਆ। ਇਸ ਬਿਆਨ ਤੋਂ ਬਾਅਦ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਉਹਨਾਂ ਵਿਰੁੱਧ ਸਖ਼ਤ ਮੋਰਚਾ ਖੋਲ੍ਹਿਆ ਸੀ। ਉਹਨਾਂ ਨੂੰ ‘ਪੰਥ ਵਿਰੋਧੀ’ ਗਤੀਵਿਧੀਆਂ ਵਿੱਚ ਸ਼ਾਮਲ ਮੰਨਿਆ ਗਿਆ। ਹਾਲਾਂਕਿ ਬਾਅਦ ਵਿੱਚ ਉਹਨਾਂ ਦੇ ਸਮਰਥਕਾਂ ਵੱਲੋਂ ਇਹ ਸਪੱਸ਼ਟੀਕਰਨ ਦੇਣ ਦੀ ਕੋਸ਼ਿਸ਼ ਕੀਤੀ ਗਈ ਕਿ ਉਹਨਾਂ ਦੇ ਬਿਆਨ ਨੂੰ ਗਲਤ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ, ਪਰ ਸਿੱਖ ਜਗਤ ਵਿੱਚ ਇਹ ਧਾਰਨਾ ਪੱਕੀ ਹੋ ਗਈ ਕਿ ਉਹ ਦੇਹਧਾਰੀ ਗੁਰੂਡੰਮ ਨੂੰ ਸਥਾਪਿਤ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਦਵੀ ਨੂੰ ਘਟਾ ਕੇ ਦੇਖਦੇ ਹਨ।

(ਬਾਕੀ ਸ.ਫ਼ਾ 27 ’ਤੇ)

ਬੰਦ ਪਏ ਕਰਤਾਰਪੁਰ ਸਾਹਿਬ ਲਾਂਘੇ ਨੂੰ ਮੁੜ ਖੋਲ੍ਹਿਆ ਜਾਵੇ: ਸਿੱਖ ਆਗੂ

ਅੰਮ੍ਰਿਤਸਰ/ਏ.ਟੀ.ਨਿਊਜ਼ : ਪਾਕਿਸਤਾਨ ਸਥਿਤ ਇਤਿਹਾਸਕ ਗੁਰਦੁਆਰਾ ਸ੍ਰੀ ਕਰਤਾਰਪੁਰ ਦੇ ਦਰਸ਼ਨਾਂ ਲਈ ਕਰਤਾਰਪੁਰ ਸਾਹਿਬ ਲਾਂਘਾ ਖੋਲਣ ਵਾਸਤੇ ਪਿਛਲੇ ਦਿਨੀਂ ਸੰਗਤ ਵੱਲੋਂ ਅੰਤਰਰਾਸ਼ਟਰੀ ਸਰਹੱਦ ਨੇੜੇ ਖੜ੍ਹੇ ਹੋ ਕੇ ਅਰਦਾਸ ਕੀਤੀ ਗਈ।

ਇਸ ਮੌਕੇ ਪੁੱਜੀ ਸੰਗਤ ਵੱਲੋਂ ਪਹਿਲਾਂ ਸਤਿਨਾਮ ਵਾਹਿਗੁਰੂ ਦਾ ਜਾਪ ਕੀਤਾ ਗਿਆ। ਉਪਰੰਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਲਈ ਅਰਦਾਸ ਕੀਤੀ ਗਈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਰਮ ਪ੍ਰਚਾਰਕ ਕਮੇਟੀ ਪੰਜਾਬ ਦੇ ਮੁਖੀ ਮਨਜੀਤ ਸਿੰਘ ਭੋਮਾ, ਸਰਬਜੀਤ ਸਿੰਘ ਜੰਮੂ ਸਕੱਤਰ ਹਰਿਆਣਾ ਕਮੇਟੀ ਤੇ ਸੁਰਿੰਦਰਪਾਲ ਸਿੰਘ ਤਾਲਿਬਪੁਰ ਸਮੇਤ ਵੱਖ ਵੱਖ ਆਗੂਆਂ ਵੱਲੋਂ ਭਾਰਤ ਤੇ ਪਾਕਿਸਤਾਨ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਕੋਲੋਂ ਮੰਗ ਕੀਤੀ ਕਿ ਬੰਦ ਪਏ ਕਰਤਾਰਪੁਰ ਸਾਹਿਬ ਲਾਂਘੇ ਨੂੰ ਮੁੜ ਖੋਲ੍ਹਿਆ ਜਾਵੇ ਤਾਂ ਕਿ ਨਾਨਕ ਨਾਮ ਲੇਵਾ ਸੰਗਤਾਂ ਆਪਣੇ ਇਸ ਵਿਛੜੇ ਗੁਰਧਾਮ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਕਰ ਸਕਣ। ਉਨ੍ਹਾਂ ਦੱਸਿਆ ਕਿ ਜੰਮੂ ਕਸ਼ਮੀਰ ਵਿੱਚ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਾਲੇ ਪੈਦਾ ਹੋਏ ਕੁੜੱਤਣ ਵਾਲੇ ਸਬੰਧਾਂ ਦੌਰਾਨ ਇਹ ਲਾਂਘਾ ਵੀ ਬੰਦ ਕਰ ਦਿੱਤਾ ਗਿਆ ਸੀ। ਹੁਣ ਹਾਲਾਤ ਸੁਧਰਨ ਤੋਂ ਬਾਅਦ ਵਾਹਗਾ ਸਰਹੱਦ ਰਾਹੀਂ ਪਾਕਿਸਤਾਨ ਜਥੇ ਭੇਜਣੇ ਸ਼ੁਰੂ ਕਰ ਦਿੱਤੇ ਗਏ ਹਨ ਪਰ ਕਰਤਾਰਪੁਰ ਸਾਹਿਬ ਕੋਰੀਡੋਰ ਨੂੰ ਅਜੇ ਵੀ ਬੰਦ ਰੱਖਿਆ ਗਿਆ ਹੈ ਜਿਸ ਨਾਲ ਹਜ਼ਾਰਾਂ ਸੰਗਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਤੇ ਦਰਸ਼ਨ ਕਰਨ ਤੋਂ ਵਾਂਝੀ ਰਹਿ ਰਹੀ ਹੈ। ਉਨ੍ਹਾਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਸਮੁੱਚੀਆਂ ਨਾਨਕ ਨਾਮ ਲੇਵਾ ਸੰਗਤ ਦੀ ਭਾਵਨਾ ਨੂੰ ਸਮਝਦਿਆਂ ਹੋਇਆਂ ਡੇਰਾ ਬਾਬਾ ਨਾਨਕ ਕਰਤਾਰਪੁਰ ਕੋਰੀਡੋਰ ਰਾਹੀਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ ਦਾ ਲਾਂਘਾ ਮੁੜ ਖੋਲ੍ਹਿਆ ਜਾਵੇ ਤਾਂ ਕਿ ਸੰਗਤ ਆਪਣੇ ਇਸ ਵਿਛੜੇ ਗੁਰਧਾਮ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਕਰ ਸਕਣ।

ਓਟਾਵਾ ਗੁਰਦੁਆਰੇ 'ਚ ਨਤਮਸਤਕ ਹੋਏ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ

ਓਟਾਵਾ/ਏ.ਟੀ.ਨਿਊਜ਼: ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ 'ਸਿੱਖ ਵਿਰਾਸਤੀ ਮਹੀਨੇ' ਮੌਕੇ ਓਟਾਵਾ ਦੇ ਗੁਰਦੁਆਰੇ 'ਚ ਮੱਥਾ ਟੇਕਿਆ ਅਤੇ ਸਿੱਖਾਂ ਨਾਲ ਸੇਵਾ 'ਚ ਹਿੱਸਾ ਲਿਆ। ਕਾਰਨੀ ਨੇ 'ਐਕਸ' 'ਤੇ ਕਿਹਾ ਕਿ ਕੈਨੇਡਾ 'ਚ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਸਿੱਖ ਭਾਈਚਾਰਾ ਹੈ। ਉਨ੍ਹਾਂ ਕਿਹਾ ਕਿ ਇਸ ਪਵਿੱਤਰ ਮੌਕੇ 'ਤੇ ਉਨ੍ਹਾਂ ਦੀ ਸਰਕਾਰ ਵੀ ਸਿੱਖਾਂ ਵੱਲੋਂ ਕੈਨੇਡਾ ਦੇ ਵਿਕਾਸ 'ਚ ਪਾਏ ਯੋਗਦਾਨ ਦਾ ਜਸ਼ਨ ਮਨਾ ਰਹੀ ਹੈ। ਇਸ ਤੋਂ ਪਹਿਲਾਂ ਟੋਰਾਂਟੋ 'ਚ ਭਾਰਤੀ ਕੌਂਸਲਖ਼ਾਨੇ ਨੇ ਵਿਰਾਸਤ-ਏ-ਖਾਲਸਾ ਨਾਲ ਮਿਲ ਕੇ ਵਿਸਾਖੀ ਮਨਾਈ ਸੀ। ਸਮਾਗਮ ਵਿੱਚ ਭਾਰਤੀ ਪਰਵਾਸੀਆਂ ਅਤੇ ਕੈਨੇਡਾ ਦੀਆਂ ਉੱਘੀਆਂ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਭਾਰਤੀ ਹਾਈ ਕਮਿਸ਼ਨਰ ਦਿਨੇਸ਼ ਕੇ ਪਟਨਾਇਕ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਪਰਵਾਸੀ ਭਾਈਚਾਰੇ ਨੂੰ ਅਜਿਹੀ ਤੰਦ ਦੱਸਿਆ ਜੋ ਦੋਵੇਂ ਮੁਲਕਾਂ ਨੂੰ ਆਪਸ ਵਿੱਚ ਜੋੜਦੀ ਹੈ। ਕੌਂਸਲ ਜਨਰਲ ਮਹਾਵੀਰ ਸਿੰਘਵੀ ਨੇ ਦੁਨੀਆ ਭਰ ਵਿੱਚ ਵਿਸਾਖੀ ਦੀ ਧੂਮ ਅਤੇ ਸਿੱਖ ਵਿਰਾਸਤ ਦੇ ਮਹੱਤਵ 'ਤੇ ਜ਼ੋਰ ਦਿੱਤਾ।

ਧਾਰਮਿਕ ਇਕੱਠਾਂ ਨੂੰ ਪਲਾਸਟਿਕ ਮੁਕਤ ਰੱਖਿਆ ਜਾਵੇ: ਜਥੇ. ਗੜਗੱਜ

ਵਾਤਾਵਰਣ ਦੀ ਸੰਭਾਲ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਵੱਡੀ ਪਹਿਲ

ਪਟਿਆਲਾ/ਏ.ਟੀ.ਨਿਊਜ਼: ਪੰਜਾਬ ਵਿੱਚ ਹੋਣ ਵਾਲੀਆਂ ਧਾਰਮਿਕ ਇਕੱਤਰਤਾਵਾਂ ਮੌਕੇ ਪਲਾਸਟਿਕ ਰਹਿਤ ਵਾਤਾਵਰਣ ਸਿਰਜਣ ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਚੇਅਰਪਰਸਨ ਰੀਨਾ ਗੁਪਤਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੋਈ ਇਸ ਬੈਠਕ ਦੌਰਾਨ ਪੰਜਾਬ ਦੇ ਲੋਕਾਂ ਨੂੰ ਧਾਰਮਿਕ ਅਤੇ ਸੱਭਿਆਚਾਰਕ ਇਕੱਠਾਂ ਦੌਰਾਨ ਵਾਤਾਵਰਣ ਪੱਖੀ ਅਭਿਆਸ ਅਪਣਾਉਣ ਲਈ ਇੱਕ ਸਾਂਝੀ ਅਪੀਲ ਜਾਰੀ ਕੀਤੀ ਗਈ ਹੈ।

ਰੀਨਾ ਗੁਪਤਾ ਨੇ ਦੱਸਿਆ ਕਿ ਇਸ ਅਪੀਲ ਵਿੱਚ ਸਮੁੱਚੀ ਸੰਗਤ ਨੂੰ ਸੱਦਾ ਦਿੱਤਾ ਗਿਆ ਹੈ ਕਿ ਉਹ ਸਿੰਗਲ-ਯੂਜ਼ ਪਲਾਸਟਿਕ ਅਤੇ ਥਰਮੋਕੋਲ-ਅਧਾਰਿਤ ਉਤਪਾਦਾਂ ਦੀ ਵਰਤੋਂ ਤੋਂ ਪਰਹੇਜ਼ ਕਰਨ, ਖਾਸ ਕਰਕੇ ਲੰਗਰ, ਪ੍ਰਸ਼ਾਦ ਅਤੇ ਹੋਰ ਸੇਵਾਵਾਂ ਵਿੱਚ, ਗੁਰੂ ਸਾਹਿਬਾਨਾਂ ਦੇ ਉਪਦੇਸ਼ ਮੁਤਾਬਕ ਸੇਵਾ ਅਤੇ ਕੁਦਰਤ ਦੇ ਸਤਿਕਾਰ ਦੀਆਂ ਸਿੱਖ ਪਰੰਪਰਾਵਾਂ ਦੇ ਅਨੁਸਾਰ ਮੁੜ ਵਰਤੋਂ ਯੋਗ ਸਟੀਲ ਦੇ ਭਾਂਡਿਆਂ ਨੂੰ ਹੀ ਵਰਤਿਆ ਜਾਵੇ।

ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਜ਼ੋਰ ਦੇ ਕੇ ਕਿਹਾ ਕਿ ਧਾਰਮਿਕ ਸਥਾਨਾਂ ਦੀ ਪਵਿੱਤਰਤਾ ਨੂੰ ਸੁਰੱਖਿਅਤ ਰੱਖਣ ਵਿੱਚ ਵਾਤਾਵਰਣ ਦੀ ਦੇਖਭਾਲ ਸ਼ਾਮਲ ਹੈ। ਉਨ੍ਹਾਂ ਨੇ ਵਧਦੇ ਸ਼ਹਿਰੀਕਰਨ ਦੇ ਵਿਚਕਾਰ ਪੰਜਾਬ ਦੇ ਹਰੇ ਭਰੇ ਖੇਤਰ ਨੂੰ ਵਧਾਉਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ 'ਰੁੱਖਾਂ' ਦੀ ਮਹੱਤਤਾ ਤੇ ਕੁਦਰਤ ਨਾਲ ਇਕਸੁਰਤਾ ਵਿੱਚ ਰਹਿਣਾ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਦਾ ਲੰਬੇ ਸਮੇਂ ਤੋਂ ਸਿੱਖ ਧਰਮ ਦਾ ਅਨਿੱਖੜਵਾਂ ਅੰਗ ਰਿਹਾ ਹੈ। ਵਾਤਾਵਰਣ ਤੇ ਮਨੁੱਖੀ ਸਰੀਰ ਵਿੱਚ ਤੇਜ਼ੀ ਨਾਲ ਵੱਧ ਰਹੇ ਮਾਈਕ੍ਰੋਪਲਾਸਟਿਕਸ 'ਤੇ ਚਿੰਤਾ ਜਾਹਰ ਕਰਦਿਆਂ ਰੀਨਾ ਗੁਪਤਾ ਨੇ ਕਿਹਾ ਕਿ ਇਹ ਗੰਭੀਰ ਸਿਹਤ ਜੋਖਮ

ਪੈਦਾ ਕਰ ਰਹੇ ਹਨ। ਉਨ੍ਹਾਂ ਨੇ ਨਾਗਰਿਕਾਂ ਨੂੰ ਰੋਜ਼ਾਨਾ ਜੀਵਨ ਵਿੱਚ ਵਾਤਾਵਰਨ ਪੱਖੀ ਅਭਿਆਸਾਂ ਨੂੰ ਅਪਣਾਉਣ ਦੀ ਅਪੀਲ ਕੀਤੀ, ਜਿਸ ਵਿੱਚ ਪਲਾਸਟਿਕ ਦੀ ਵਰਤੋਂ ਨੂੰ ਘੱਟ ਤੋਂ ਘੱਟ ਕਰਨਾ ਅਤੇ ਕੱਪੜੇ ਅਤੇ ਜੂਟ ਦੇ ਥੈਲਿਆਂ ਦੀ ਚੋਣ ਕਰਨਾ ਸ਼ਾਮਲ ਹੈ।

ਜਥੇਦਾਰ ਗੜਗੱਜ ਤੇ ਚੇਅਰਪਰਸਨ ਨੇ ਆਨੰਦਪੁਰ ਸਾਹਿਬ ਵਿਖੇ ਪਲਾਸਟਿਕ-ਮੁਕਤ ਹੋਲਾ ਮੁਹੱਲਾ ਪਹਿਲਕਦਮੀ ਦੀ ਸ਼ਲਾਘਾ ਕੀਤੀ, ਜਿਸਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਸਿੰਗਲ-ਯੂਜ਼ ਪਲਾਸਟਿਕ ਨੂੰ ਘਟਾਉਣ ਲਈ ਜ਼ਮੀਨੀ ਕਾਰਵਾਈ ਦੇ ਨਾਲ ਵੱਡੇ ਪੱਧਰ 'ਤੇ ਜਾਗਰੂਕਤਾ ਨੂੰ ਜੋੜਿਆ ਗਿਆ ਸੀ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਚੇਅਰਪਰਸਨ ਨੇ ਸਾਂਝੀ ਅਪੀਲ ਕਰਦਿਆਂ ਪ੍ਰਮੁੱਖ ਸਮਾਗਮਾਂ ਦੌਰਾਨ ਇਨ੍ਹਾਂ ਯਤਨਾਂ ਨੂੰ ਜਾਰੀ ਰੱਖਣ ਦਾ ਸੱਦਾ ਦਿੱਤਾ ਹੈ ਤਾਂ ਜੋ ਸਿੰਗਲ-ਯੂਜ਼ ਪਲਾਸਟਿਕ ਤੋਂ ਬਚਣਾ ਸਭ ਦਾ ਸੁਭਾਅ ਬਣ ਜਾਵੇ।

ਚੇਅਰਪਰਸਨ ਨੇ ਦੱਸਿਆ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਪ੍ਰਬੰਧ ਨਾਲ ਹਾਲ ਹੀ ਵਿੱਚ ਹੋਈ ਇੱਕ ਮੀਟਿੰਗ ਵਿੱਚ ਸਿੰਗਲ-ਯੂਜ਼ ਪਲਾਸਟਿਕ ਦੀ ਸਖ਼ਤ ਮਨਾਹੀ ਦੇ ਨਾਲ ਇੱਕ ਵਾਤਾਵਰਣ-ਅਨੁਕੂਲ ਮੇਲਾ ਆਯੋਜਿਤ ਕਰਨ ਦੀ ਸਾਂਝੀ ਵਚਨਬੱਧਤਾ ਦੀ ਪੁਸ਼ਟੀ ਕੀਤੀ ਗਈ, ਜੋ ਕਿ ਰਾਜ ਲਈ ਇੱਕ ਸਕਾਰਾਤਮਕ ਉਦਾਹਰਣ ਹੈ।

ਪਾਕਿਸਤਾਨ ਤੋਂ ਵਾਪਸ ਆਇਆ ਸਿੱਖ ਸ਼ਰਧਾਲੂਆਂ ਦਾ ਜੱਥਾ

ਅੰਮ੍ਰਿਤਸਰ/ਏ.ਟੀ.ਨਿਊਜ਼: ਪਾਕਿਸਤਾਨ ਸਥਿਤ ਗੁਰੂਧਾਮਾਂ ਦੀ ਯਾਤਰਾ ਵਾਸਤੇ ਗਿਆ ਸਿੱਖ ਸ਼ਰਧਾਲੂਆਂ ਦਾ ਜੱਥਾ ਪਿਛਲੇ ਦਿਨੀਂ ਵਤਨ ਵਾਪਸ ਪਰਤ ਆਇਆ। ਇਹ ਜੱਥਾ 10 ਅਪ੍ਰੈਲ ਨੂੰ ਪਾਕਿਸਤਾਨ ਸਥਿਤ ਗੁਰਧਾਮਾਂ ਵਿਖੇ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦਾ ਦਿਹਾੜਾ ਮਨਾਉਣ ਵਾਸਤੇ ਗਿਆ ਸੀ।

ਲਗਪਗ 2200 ਤੋਂ ਵੱਧ ਸਿੱਖ ਸ਼ਰਧਾਲੂਆਂ ਦੇ ਇਸ ਜੱਥੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੇਜੇ ਗਏ 1,743 ਸ਼ਰਧਾਲੂ ਸ਼ਾਮਲ ਸਨ। ਇਸ ਤੋਂ ਇਲਾਵਾ ਦਿੱਲੀ ਕਮੇਟੀ, ਹਰਿਆਣਾ ਕਮੇਟੀ ਅਤੇ ਹੋਰ ਸੂਬਿਆਂ ਤੋਂ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਸ਼ਰਧਾਲੂ ਸ਼ਾਮਿਲ ਸਨ। ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਦੌਰਾਨ ਸੰਗਤ ਨੇ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ, ਗੁਰਦੁਆਰਾ ਪੰਜਾ ਸਾਹਿਬ, ਗੁਰਦੁਆਰਾ ਸੱਚਾ ਸੌਦਾ, ਗੁਰਦੁਆਰਾ ਕਰਤਾਰਪੁਰ, ਗੁਰਦੁਆਰਾ ਡੇਰਾ ਸਾਹਿਬ ਲਾਹੌਰ ਅਤੇ ਗੁਰਦੁਆਰਾ ਰੋੜੀ ਸਾਹਿਬ ਐਮਨਾਬਾਦ ਸਮੇਤ ਹੋਰ ਪਵਿੱਤਰ ਅਸਥਾਨਾਂ ਦੇ ਦਰਸ਼ਨ ਕੀਤੇ। 10 ਦਿਨਾਂ ਦੀ ਯਾਤਰਾ ਮਗਰੋਂ ਇਹ ਜੱਥਾ ਪਿਛਲੇ ਦਿਨੀਂ ਭਾਰਤ ਵਾਪਸ ਪਰਤਿਆ ਹੈ ਜਿਨ੍ਹਾਂ ਦਾ ਵਾਪਸੀ 'ਤੇ ਅਟਾਰੀ ਸਰਹੱਦ ਵਿਖੇ ਬੀ.ਐਸ.ਐਫ. ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀਆਂ ਵੱਲੋਂ ਸਵਾਗਤ ਕੀਤਾ ਗਿਆ।

ਸ਼੍ਰੋਮਣੀ ਕਮੇਟੀ ਦੇ ਯਾਤਰਾ ਵਿਭਾਗ ਦੇ ਇੰਚਾਰਜ ਜਗਜੀਤ ਸਿੰਘ ਨੇ ਦੱਸਿਆ ਕਿ ਇਸ ਤੋਂ ਬਾਅਦ ਸਿੱਖ ਸ਼ਰਧਾਲੂਆਂ ਦਾ ਇੱਕ ਜੱਥਾ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਮੌਕੇ 10 ਜੂਨ ਤੋਂ 19 ਜੂਨ ਤੱਕ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਵਾਸਤੇ 20 ਜੂਨ ਤੋਂ 29 ਜੂਨ ਤੱਕ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਵਾਸਤੇ ਜਾਵੇਗਾ। ਇਸ ਸਬੰਧ ਵਿੱਚ ਵੀਜ਼ੇ ਲੱਗਣ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸ਼ਰਧਾਲੂਆਂ ਦੇ ਪਾਸਪੋਰਟ ਭਾਰਤ ਸਰਕਾਰ ਨੂੰ ਭੇਜੇ ਹੋਏ ਹਨ।

ਜਾਣਕਾਰੀ ਦੇ ਮੁਤਾਬਿਕ ਪਾਕਿਸਤਾਨ ਤੋਂ ਵਾਪਸ ਪਰਤੇ ਸਿੱਖ ਸ਼ਰਧਾਲੂਆਂ ਦੇ ਜੱਥੇ ਵਿੱਚ ਕੁਝ ਅਜਿਹੇ ਸਿੱਖ ਸ਼ਰਧਾਲੂ ਵੀ ਸ਼ਾਮਿਲ ਸਨ, ਜਿਨ੍ਹਾਂ ਦੀ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਦੌਰਾਨ ਸਿਹਤ ਵਿਗੜ ਗਈ ਅਤੇ ਉਹਨਾਂ ਨੂੰ ਪਹਿਲਾਂ ਹੀ ਵਾਪਸ ਭੇਜ ਦਿੱਤਾ ਗਿਆ ਸੀ। ਇਸੇ ਤਰ੍ਹਾਂ ਕੁਝ ਸ਼ਰਧਾਲੂਆਂ ਨੂੰ ਵੀਜ਼ੇ ਮਿਲੇ ਹੋਣ ਦੇ ਬਾਵਜੂਦ ਵੀ ਭਾਰਤ ਸਰਕਾਰ ਵੱਲੋਂ ਪਾਕਿਸਤਾਨ ਜਾਣ ਦੀ ਆਗਿਆ ਨਹੀਂ ਦਿੱਤੀ ਗਈ ਸੀ।

ਬਹੁਤ ਢਿੱਲੀ ਹੈ ਬੇਅਦਬੀ ਮਾਮਲਿਆਂ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਰਫ਼ਤਾਰ

ਪਿਛਲੇ 11 ਸਾਲਾਂ ਦੌਰਾਨ 597 ਮਾਮਲਿਆਂ 'ਚੋਂ ਕੇਵਲ 44 ਵਿੱਚ ਹੋਈ ਸਜ਼ਾ

ਗਵਾਹਾਂ ਦਾ ਮੁੱਕਰਨਾ ਅਤੇ ਕਮਜ਼ੋਰ ਤਫ਼ਤੀਸ਼ ਬਣੇ ਵੱਡੀ ਰੁਕਾਵਟ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਵਿੱਚ ਸਾਲ 2015 ਤੋਂ ਲੈ ਕੇ ਹੁਣ (2026) ਤੱਕ ਦਰਜ ਹੋਏ ਬੇਅਦਬੀ ਦੇ ਮਾਮਲਿਆਂ ਵਿੱਚ ਇਨਸਾਫ਼ ਦੀ ਕਾਫੀ ਨਿਰਾਸ਼ਾਜਨਕ ਤਸਵੀਰ ਸਾਹਮਣੇ ਆਈ ਹੈ। ਪੰਜਾਬ ਪੁਲਿਸ ਦੇ ਅੰਕੜਿਆਂ ਮੁਤਾਬਕ, ਪਿਛਲੇ 11 ਸਾਲਾਂ ਦੌਰਾਨ ਦਰਜ ਹੋਏ 597 ਮਾਮਲਿਆਂ ਵਿੱਚੋਂ ਸਿਰਫ਼ 44 ਮਾਮਲਿਆਂ ਵਿੱਚ ਹੀ ਸਜ਼ਾ (ਕਨਵਿਕਸ਼ਨ) ਹੋ ਸਕੀ ਹੈ, ਜੋ ਕਿ ਮਹਿਜ਼ 7 ਫ਼ੀਸਦੀ ਬਣਦੀ ਹੈ। ਇਹੀ ਘੱਟ ਦਰ ਲੰਘੇ ਦਿਨੀਂ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵਿੱਚ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ' ਵਿੱਚ ਸੋਧ ਕਰਨ ਦਾ ਮੁੱਖ ਆਧਾਰ ਬਣੀ ਹੈ।

ਪੁਲਿਸ ਰਿਕਾਰਡ ਅਨੁਸਾਰ, 44 ਕਨਵਿਕਸ਼ਨਾਂ ਦੇ ਮੁਕਾਬਲੇ 99 ਕੇਸਾਂ ਵਿੱਚ ਮੁਲਜ਼ਮ ਬਰੀ ਹੋ ਗਏ, 83 ਕੇਸ ਜਾਂਚ ਦੌਰਾਨ ਰੱਦ ਕਰ ਦਿੱਤੇ ਗਏ, 37 ਅਦਾਲਤਾਂ ਵੱਲੋਂ ਖਾਰਜ ਕੀਤੇ ਗਏ ਅਤੇ 102 ਮਾਮਲਿਆਂ ਦਾ ਕੋਈ ਸੁਰਾਗ ਨਹੀਂ ਲੱਗ ਸਕਿਆ। ਇਸ ਸਮੇਂ ਦੌਰਾਨ ਪਛਾਣੇ ਗਏ 791 ਮੁਲਜ਼ਮਾਂ ਵਿੱਚੋਂ 192 ਦੀ ਪਛਾਣ ਤਾਂ ਕਦੇ ਸਪੱਸ਼ਟ ਹੀ ਨਹੀਂ ਹੋ ਸਕੀ।

ਕੇਸ ਕਮਜ਼ੋਰ ਹੋਣ ਦੇ ਵੱਡੇ ਕਾਰਨ ਪੰਜਾਬ ਬਿਊਰੋ ਆਫ਼ ਇਨਵੈਸਟੀਗੇਸ਼ਨ ਵੱਲੋਂ ਕੀਤੇ ਗਏ ਅਧਿਐਨ ਵਿੱਚ ਸਾਹਮਣੇ ਆਇਆ ਹੈ ਕਿ 70 ਫ਼ੀਸਦੀ ਮਾਮਲੇ ਸਿਰਫ਼ ਸਬੂਤਾਂ ਦੀ ਘਾਟ ਕਾਰਨ ਅਦਾਲਤਾਂ ਵਿੱਚ ਟਿਕ ਨਹੀਂ ਸਕੇ। ਇਸ ਦੇ ਮੁੱਖ ਕਾਰਨ ਹੇਠ ਲਿਖੇ ਰਹੇ:

ਗਵਾਹਾਂ ਦਾ ਮੁੱਕਰਨਾ: ਗਵਾਹਾਂ ਦੇ ਅਦਾਲਤ ਵਿੱਚ ਬਿਆਨਾਂ ਤੋਂ ਮੁੱਕਰ ਜਾਣ ਅਤੇ ਸੁਣਵਾਈ ਦੌਰਾਨ ਗੈਰ-ਹਾਜ਼ਰ ਰਹਿਣ ਕਾਰਨ ਕੇਸ ਪ੍ਰਭਾਵਿਤ ਹੋਏ।

ਤਕਨੀਕੀ ਖਾਮੀਆਂ: ਸੀ.ਸੀ.ਟੀ.ਵੀ. ਫੁਟੇਜ ਸਮੇਂ ਸਿਰ ਹਾਸਲ ਨਾ ਕਰਨਾ, ਘਟਨਾ ਸਥਾਨ ਨੂੰ ਸਹੀ ਢੰਗ ਨਾਲ ਸੁਰੱਖਿਅਤ ਨਾ ਰੱਖਣਾ ਅਤੇ ਫੋਰੈਂਸਿਕ ਸਬੂਤਾਂ ਦੀ ਕਮੀ।

ਜਨਤਕ ਦਬਾਅ: ਕਈ ਮਾਮਲਿਆਂ ਵਿੱਚ ਸਿਰਫ਼ ਲੋਕਾਂ ਦੇ ਗੁੱਸੇ ਨੂੰ ਸ਼ਾਂਤ ਕਰਨ ਲਈ ਬਿਨਾਂ ਠੋਸ ਸਬੂਤਾਂ ਦੇ ਐਫ.ਆਈ.ਆਰ. ਦਰਜ ਕੀਤੀ ਗਈ, ਜੋ ਨਿਆਂਇਕ ਪੜਤਾਲ ਦੌਰਾਨ ਫੇਲ੍ਹ ਹੋ ਗਈ।

ਮਾਨਸਿਕ ਸਿਹਤ ਦਾ ਪੇਚ

ਅਧਿਐਨ ਮੁਤਾਬਕ ਵੱਖ-ਵੱਖ ਜ਼ਿਲ੍ਹਿਆਂ ਵਿੱਚ 15 ਤੋਂ 30 ਫ਼ੀਸਦੀ ਮੁਲਜ਼ਮ ਮਾਨਸਿਕ ਤੌਰ 'ਤੇ ਅਸਥਿਰ ਪਾਏ ਗਏ। ਅਜਿਹੇ ਮਾਮਲਿਆਂ ਵਿੱਚ ਅਦਾਲਤਾਂ ਨੇ ਸਜ਼ਾ ਦੀ ਬਜਾਏ ਇਲਾਜ ਦੇ ਨਿਰਦੇਸ਼ ਦਿੱਤੇ। ਮਾਨਸਿਕ ਮੁਲਾਂਕਣ ਵਿੱਚ ਦੇਰੀ ਅਤੇ ਕਿਸੇ ਪੱਕੇ ਪ੍ਰੋਟੋਕੋਲ ਦੀ ਘਾਟ ਕਾਰਨ ਵੀ ਕੇਸ ਲਟਕਦੇ ਰਹੇ। 32 ਮੁਲਜ਼ਮਾਂ ਦੀ ਤਾਂ ਸੁਣਵਾਈ ਦੌਰਾਨ ਹੀ ਮੌਤ ਹੋ ਗਈ।

ਹੈਰਾਨੀ ਦੀ ਗੱਲ ਇਹ ਹੈ ਕਿ ਜਿਨ੍ਹਾਂ 44 ਮਾਮਲਿਆਂ ਵਿੱਚ ਸਜ਼ਾ ਹੋਈ ਵੀ ਹੈ, ਉੱਥੇ ਵੀ ਸਜ਼ਾ ਦੀ ਮਿਆਦ ਬਹੁਤ ਘੱਟ ਰਹੀ। ਜ਼ਿਆਦਾਤਰ ਕੇਸਾਂ ਵਿੱਚ ਸਜ਼ਾ 60 ਦਿਨਾਂ ਤੋਂ 6 ਮਹੀਨੇ ਦੇ ਵਿਚਕਾਰ ਰਹੀ। 5 ਤੋਂ 7 ਸਾਲ ਦੀ ਸਖ਼ਤ ਸਜ਼ਾ ਬਹੁਤ ਹੀ ਵਿਰਲੇ ਮਾਮਲਿਆਂ ਵਿੱਚ ਦਿੱਤੀ ਗਈ।

ਜਾਂਚ ਬਿਊਰੋ ਨੇ ਸਿਫ਼ਾਰਸ਼ ਕੀਤੀ ਹੈ ਕਿ ਘਟਨਾ ਸਥਾਨ ਦੀ ਲਾਜ਼ਮੀ ਵੀਡੀਓਗ੍ਰਾਫੀ, ਫਾਸਟ ਟ੍ਰੈਕ ਅਦਾਲਤਾਂ ਅਤੇ ਗਵਾਹਾਂ ਦੀ ਸੁਰੱਖਿਆ ਵਰਗੇ ਕਦਮ ਚੁੱਕੇ ਜਾਣੇ ਚਾਹੀਦੇ ਹਨ। ਰਿਪੋਰਟ ਦਾ ਸਿੱਟਾ ਹੈ ਕਿ ਕਨਵਿਕਸ਼ਨ ਦਰ ਘੱਟ ਹੋਣ ਦਾ ਕਾਰਨ ਕਾਨੂੰਨ ਦੀ ਕਮੀ ਨਹੀਂ, ਸਗੋਂ ਜਾਂਚ ਵਿੱਚ ਰਹਿ ਗਈਆਂ ਖਾਮੀਆਂ ਅਤੇ ਸਿਸਟਮੈਟਿਕ ਦੇਰੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਸੰਪਾਦਕੀ

ਬੇਅਦਬੀ ਦੇ ਮਾਮਲਿਆਂ ਨੂੰ ਠੱਲ੍ਹ ਪੈਣ ਦੀ ਬਣੀ ਸੰਭਾਵਨਾ

ਪੰਜਾਬ ਅਸੈਂਬਲੀ ਵੱਲੋਂ ਬੀਤੀ 13 ਅਪ੍ਰੈਲ ਨੂੰ ਸਰਬ-ਸੰਮਤੀ ਨਾਲ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ-2026' ਨੂੰ ਪ੍ਰਵਾਨਗੀ ਦੇ ਕੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਕੋਲ ਭੇਜਿਆ ਗਿਆ ਸੀ,ਜਿਸ ਨੂੰ ਰਾਜਪਾਲ ਨੇ ਹਰੀ ਝੰਡੀ ਦੇ ਦਿੱਤੀ ਹੈ। ਹੁਣ ਪੰਜਾਬ ਸਰਕਾਰ ਵੱਲੋਂ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ-2026' ਦਾ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ, ਇਸ ਨਾਲ ਬੇਅਦਬੀ ਵਿਰੁੱਧ ਕਾਨੂੰਨ ਅਮਲ ਵਿੱਚ ਆ ਗਿਆ ਹੈ। ਹੁਣ ਇਹ ਆਸ ਕੀਤੀ ਜਾ ਰਹੀ ਹੈ ਕਿ ਨਵੇਂ ਸਖ਼ਤ ਕਾਨੂੰਨ ਨਾਲ ਬੇਅਦਬੀ ਦੇ ਮਾਮਲਿਆਂ ਨੂੰ ਠੱਲ੍ਹ ਪੈ ਸਕੇਗੀ ਅਤੇ ਕੋਈ ਵੀ ਦੋਸ਼ੀ ਮਾਨਸਿਕ ਰੋਗੀ ਹੋਣ ਦਾ ਬਹਾਨਾ ਲਗਾ ਕੇ ਸਜ਼ਾ ਤੋਂ ਬੱਚ ਨਹੀਂ ਸਕੇਗਾ।

ਨਵੇਂ ਕਾਨੂੰਨ ਵਿੱਚ ਬੇਅਦਬੀ ਕਰਨ ਵਾਲਿਆਂ ਜਾਂ ਅਜਿਹੀ ਕਿਸੇ ਸਾਜ਼ਿਸ਼ ਦਾ ਹਿੱਸਾ ਬਣਨ ਵਾਲੇ ਨੂੰ 10 ਸਾਲ ਤੋਂ ਉਮਰ ਕੈਦ ਤੱਕ ਦੀ ਸਜ਼ਾ ਦੇਣ ਅਤੇ ਪੰਜ ਲੱਖ ਤੋਂ 25 ਲੱਖ ਰੁਪਏ ਤੱਕ ਦੇ ਜੁਰਮਾਨੇ ਤੇ ਜਾਇਦਾਦ ਜ਼ਬਤ ਕਰਨ ਦੀ ਵਿਵਸਥਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਰੁੱਧ ਅਪਮਾਨਜਨਕ ਸਮੱਗਰੀ ਪ੍ਰਕਾਸ਼ਿਤ ਕਰਨਾ ਵੀ ਜੁਰਮ ਹੋਵੇਗਾ।

ਪੰਜਾਬ ਵਿਧਾਨ ਸਭਾ ਵੱਲੋਂ ਪਿਛਲੀਆਂ ਸਰਕਾਰਾਂ ਦੌਰਾਨ ਪਹਿਲਾਂ ਸਾਲ 2016 ਅਤੇ ਫਿਰ 2018 'ਚ ਬੇਅਦਬੀ ਵਿਰੁੱਧ ਬਿੱਲ ਪਾਸ ਕੀਤਾ ਗਿਆ ਸੀ ਜਿਸ ਨੂੰ ਰਾਸ਼ਟਰਪਤੀ ਨੇ ਸਹਿਮਤੀ ਨਹੀਂ ਦਿੱਤੀ ਸੀ। ਪੰਜਾਬ ਸਰਕਾਰ ਨੇ ਜੂਨ 2008 'ਚ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ-2008' ਬਣਾਇਆ ਸੀ, ਜੋ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਅਤੇ ਪ੍ਰਕਾਸ਼ਨ ਦੇ ਅਧਿਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਿੰਦਾ ਹੈ। ਹੁਣ ਨਵੀਂ ਸੋਧ ਮਗਰੋਂ ਬਣੇ ਕਾਨੂੰਨ 'ਚ ਸ਼੍ਰੋਮਣੀ ਕਮੇਟੀ ਲਈ ਰਿਕਾਰਡ ਨੂੰ ਭੌਤਿਕ ਅਤੇ ਇਲੈਕਟ੍ਰੋਨਿਕ ਤੌਰ 'ਤੇ ਰੱਖਣਾ ਵੀ ਲਾਜ਼ਮੀ ਕਰਾਰ ਦਿੱਤਾ ਗਿਆ ਹੈ। ਪੰਜਾਬ ਪੁਲਿਸ ਹੁਣ ਅਜਿਹਾ ਤਰੀਕਾ ਅਖ਼ਤਿਆਰ ਕਰੇਗੀ ਜਿਸ ਨਾਲ ਬੇਅਦਬੀ ਦੇ ਮਾਮਲਿਆਂ ਦੀ ਜਾਂਚ ਦੌਰਾਨ ਧਾਰਮਿਕ ਮਰਿਆਦਾ ਨੂੰ ਪੂਰੀ ਤਰ੍ਹਾਂ ਕਾਇਮ ਰੱਖਿਆ ਜਾ ਸਕੇ।

ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਪੰਜਾਬ ਵਿੱਚ ਧਾਰਮਿਕ ਗ੍ਰੰਥਾਂ, ਧਾਰਮਿਕ ਇਮਾਰਤਾਂ, ਮਹਾਂਪੁਰਖਾਂ ਦੇ ਬੁੱਤਾਂ ਆਦਿ ਦੀ ਬੇਅਦਬੀ ਕਰਨ ਦਾ ਮੰਦਭਾਗਾ ਰੁਝਾਨ ਸ਼ੁਰੂ ਹੋ ਗਿਆ ਸੀ। ਪੰਜਾਬ ਦੇ ਵੱਖ- ਵੱਖ ਇਲਾਕਿਆਂ ਤੋਂ ਅਕਸਰ ਬੇਅਦਬੀ ਦੀ ਘਟਨਾ ਵਾਪਰਨ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ। ਅਕਸਰ ਇਹਨਾਂ ਘਟਨਾਵਾਂ ਦੇ ਦੋਸ਼ੀ ਫਰਾਰ ਹੋ ਜਾਂਦੇ ਹਨ। ਜੇ ਦੋਸ਼ੀ ਮੌਕੇ 'ਤੇ ਜਾਂ ਬਾਅਦ ਵਿੱਚ ਕਾਬੂ ਵੀ ਕਰ ਲਏ ਜਾਂਦੇ ਹਨ ਤਾਂ ਪੁਲਿਸ ਉਹਨਾਂ ਨੂੰ ਮਾਨਸਿਕ ਰੋਗੀ ਕਹਿ ਕੇ ਛੱਡ ਦਿੰਦੀ ਹੈ, ਜਿਸ ਕਾਰਨ ਬੇਅਦਬੀ ਦੀਆਂ ਘਟਨਾਵਾਂ ਨੂੰ ਠੱਲ੍ਹ ਨਹੀਂ ਪੈ ਰਹੀ ਅਤੇ ਇਹ ਘਟਨਾਵਾਂ ਦਿਨੋਂ ਦਿਨ ਵਾਪਰ ਰਹੀਆਂ ਹਨ।

ਆਮ ਲੋਕ ਸਵਾਲ ਕਰ ਰਹੇ ਹਨ ਕਿ ਮਾਨਸਿਕ ਰੋਗੀ ਸਿਰਫ਼ ਗੁਰਦੁਆਰਾ ਸਾਹਿਬ ਜਾ ਕੇ ਜਾਂ ਗੁਰੂ ਗ੍ਰੰਥ ਸਾਹਿਬ ਜਾਂ ਗੁਟਕਾ ਸਾਹਿਬ ਜੀ ਦੀ ਹੀ ਬੇਅਦਬੀ ਕਿਉਂ ਕਰਦੇ ਹਨ ? ਅਕਸਰ ਹੀ ਗੁਟਕਾ ਸਾਹਿਬ ਜੀ ਦੇ ਅੰਗ ਪਾੜ ਕੇ ਸੜਕਾਂ 'ਤੇ ਸੁੱਟ ਦਿੱਤੇ ਜਾਂਦੇ ਹਨ ਜਦੋਂ ਦੋਸ਼ੀ ਫੜੇ ਜਾਂਦੇ ਹਨ ਤਾਂ ਉਸ ਦੇ ਪਰਿਵਾਰਕ ਮੈਂਬਰ ਦਾਅਵਾ ਕਰ ਦਿੰਦੇ ਹਨ ਕਿ ਦੋਸ਼ੀ ਮਾਨਸਿਕ ਰੋਗੀ ਹੈ। ਹੁਣ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਜੇ ਦੋਸ਼ੀ ਮਾਨਸਿਕ ਰੋਗੀ ਹਨ ਤਾਂ ਇਹ ਸਿਰਫ਼ ਧਾਰਮਿਕ ਗ੍ਰੰਥਾਂ ਦੀ ਹੀ ਬੇਅਦਬੀ ਕਿਉਂ ਕਰਦੇ ਹਨ ? ਇਹ ਮਾਨਸਿਕ ਰੋਗੀ ਆਪਣੇ ਘਰਾਂ ਨੂੰ ਅੱਗ ਕਿਉਂ ਨਹੀਂ ਲਗਾਉਂਦੇ ? ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਪੰਜਾਬ ਵਿੱਚ ਇੱਕ ਦਮ ਹੀ ਏਨੇ ਮਾਨਸਿਕ ਰੋਗੀ ਕਿੱਥੋਂ ਆ ਗਏ ? ਜੋ ਕਿ ਸਿਰਫ਼ ਧਾਰਮਿਕ ਬੇਅਦਬੀ ਹੀ ਕਰਦੇ ਹਨ। ਪਿਛਲੇ ਕੁਝ ਦਿਨਾਂ ਦੌਰਾਨ ਹਿੰਦੂ ਧਾਰਮਿਕ ਸਥਾਨਾਂ ਅਤੇ ਮਹਾਂਪੁਰਖਾਂ ਦੇ ਬੁੱਤਾਂ ਦੀ ਬੇਅਦਬੀ ਕਰਨ ਦੀਆਂ ਘਟਨਾਵਾਂ ਵੀ ਵਾਪਰ ਚੁੱਕੀਆਂ ਹਨ। ਜਿਨ੍ਹਾਂ ਨੂੰ ਮੰਦਭਾਗਾ ਹੀ ਕਿਹਾ ਜਾ ਸਕਦਾ ਹੈ।

ਅਸਲੀਅਤ ਤਾਂ ਇਹ ਹੈ ਕਿ ਪੰਜਾਬ ਵਿੱਚ ਇਸ ਸਮੇਂ ਪੰਜਾਬ ਦੋਖੀ ਤਾਕਤਾਂ ਸਰਗਰਮ ਹੋ ਗਈਆਂ ਹਨ ਜੋ ਕਿ ਬੇਅਦਬੀ ਦੀਆਂ ਘਟਨਾਵਾਂ ਕਰਵਾ ਕੇ ਪੰਜਾਬ ਦੇ ਅਮਨ- ਚੈਨ ਨੂੰ ਲਾਂਬੂ ਲਗਾਉਣਾ ਚਾਹੁੰਦੀਆਂ ਹਨ। ਇਹਨਾਂ ਪੰਜਾਬ ਦੋਖੀ ਤਾਕਤਾਂ ਤੋਂ ਪੰਜਾਬ ਅਮਨ ਚੈਨ ਨਾਲ ਰਹਿੰਦਾ ਵੇਖਿਆ ਨਹੀਂ ਜਾ ਰਿਹਾ, ਇਸੇ ਕਾਰਨ ਇਹਨਾਂ ਫ਼ਿਰਕੂ ਤਾਕਤਾਂ ਵੱਲੋਂ ਕਿਸੇ ਨਾ ਕਿਸੇ ਤਰੀਕੇ ਨਾਲ ਪੰਜਾਬ ਦੀ ਭਾਈਚਾਰਕ ਸਾਂਝ ਨੂੰ ਖੋਰਾ ਲਗਾਉਣ ਅਤੇ ਫ਼ਿਰਕੂ ਤਨਾਓ ਫ਼ੈਲਾਉਣ ਦੇ ਯਤਨ ਕੀਤੇ ਜਾ ਰਹੇ ਹਨ। ਇਹ ਉਹੀ ਤਾਕਤਾਂ ਹਨ ਜੋ ਕਿ ਪਹਿਲਾਂ 80 ਅਤੇ 90 ਦੇ ਦਹਾਕੇ ਵਿੱਚ ਵੀ ਸਰਗਰਮ ਰਹੀਆਂ ਹਨ, ਇਹਨਾਂ ਤਾਕਤਾਂ ਦੇ ਸਿਰਫ਼ ਚਿਹਰੇ ਅਤੇ ਮੋਹਰੇ ਵੀ ਬਦਲੇ ਹਨ। ਇਹਨਾਂ ਪੰਜਾਬ ਦੋਖੀ ਤਾਕਤਾਂ ਕਾਰਨ ਹੀ ਪੰਜਾਬ ਨੇ ਲੰਬਾ ਸਮਾਂ ਸੰਤਾਪ ਹੰਢਾਇਆ ਹੈ। ਇਹਨਾਂ ਤਾਕਤਾਂ ਕਾਰਨ ਹੁਣ ਪੰਜਾਬ ਇੱਕ ਵਾਰ ਫੇਰ ਬਾਰੂਦ ਦੇ ਢੇਰ 'ਤੇ ਬੈਠਾ ਹੈ ਅਤੇ ਨਿੱਕੀ ਜਿਹੀ ਚਿੰਗਾਰੀ ਵੀ ਕਿਸੇ ਵੀ ਸਮੇਂ ਵੱਡੇ ਲਾਂਬੂ ਲਗਾ ਸਕਦੀ ਹੈ। ਪੰਜਾਬ ਦੇ ਲੋਕ ਬਹੁਤ ਹੀ ਅਮਨ ਪਸੰਦ ਅਤੇ ਸਮਝਦਾਰ ਹਨ। ਉਹ ਪੰਜਾਬ ਦੋਖੀਆਂ ਦੀਆਂ ਸਾਰੀਆਂ ਚਾਲਾਂ ਨੂੰ ਸਮਝਦੇ ਹਨ। ਇਸੇ ਕਾਰਨ ਉਹਨਾਂ ਵੱਲੋਂ ਬਹੁਤ ਸੋਚ ਸਮਝ ਕੇ ਵਿਚਰਿਆ ਜਾ ਰਿਹਾ ਹੈ। ਇਸੇ ਕਾਰਨ ਪੰਜਾਬ ਦੋਖੀ ਤਾਕਤਾਂ ਨੂੰ ਅਜੇ ਤਕ ਸਫਲਤਾ ਨਹੀਂ ਮਿਲੀ ਅਤੇ ਉਹ ਆਪਣੇ ਮਾੜੇ ਮਕਸਦ ਵਿੱਚ ਕਾਮਯਾਬ ਨਹੀਂ ਹੋਈਆਂ।

ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਨਵੇਂ ਕਾਨੂੰਨ ਨੂੰ ਪੂਰੀ ਤਰ੍ਹਾਂ ਲਾਗੂ ਕਰੇ ਅਤੇ ਬੇਅਦਬੀ ਦੀਆਂ ਪਿਛਲੀਆਂ ਸਾਰੀਆਂ ਘਟਨਾਵਾਂ ਦੀ ਨਿਰਪੱਖ ਜਾਂਚ ਕਰਵਾਏ ਅਤੇ ਅਸਲ ਦੋਸ਼ੀਆਂ ਦੀ ਪਹਿਚਾਣ ਕਰਕੇ ਉਹਨਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਬੇਅਦਬੀ ਚਾਹੇ ਕਿਸੇ ਵੀ ਧਰਮ ਦੇ ਗ੍ਰੰਥ ਜਾਂ ਬੁੱਤ ਜਾਂ ਸਥਾਨ ਦੀ ਹੋਵੇ, ਉਸ ਦੇ ਦੋਸ਼ੀਆਂ ਨੂੰ ਬਖ਼ਸ਼ਿਆ ਨਹੀਂ ਜਾਣਾ ਚਾਹੀਦਾ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਨਵੇਂ ਕਾਨੂੰਨ ਨਾਲ ਆਸ ਬਣ ਗਈ ਹੈ ਕਿ ਪੰਜਾਬ ਵਿੱਚ ਬੇਅਦਬੀ ਦੀਆਂ ਘਟਨਾਵਾਂ ਨੂੰ ਠੱਲ੍ਹ ਪੈ ਸਕੇਗੀ।

ਵਿਸ਼ਵ ਸ਼ਾਂਤੀ ਲਈ ਵੱਡਾ ਖ਼ਤਰਾ ਹਨ ਜੰਗਾਂ



ਸ਼ਮਾ ਸ਼ਰਮਾ
(ਲੇਖਿਕਾ ਸਾਹਿਤਕਾਰ ਹੈ)।

ਕੁਝ ਦਿਨ ਪਹਿਲਾਂ ਅਮਰੀਕਾ-ਇਜ਼ਰਾਇਲ ਤੇ ਇਰਾਨ ਵਿਚਾਲੇ ਜੰਗਬੰਦੀ ਹੋਈ ਸੀ। ਅਮਰੀਕਾ ਤੇ ਇਰਾਨ ਨੇ ਇਸ ਦਾ ਸਿਹਰਾ ਪਾਕਿਸਤਾਨ ਨੂੰ ਦਿੱਤਾ ਸੀ। ਬਾਅਦ 'ਚ ਇਹ ਸਪੱਸ਼ਟ ਹੋਇਆ ਕਿ ਪਾਕਿਸਤਾਨ ਦੀ ਭੂਮਿਕਾ ਮੁੱਖ ਤੌਰ 'ਤੇ ਸੰਦੇਸ਼ਵਾਹਕ ਦੀ ਹੀ ਸੀ। ਇਸ 'ਤੇ ਭਾਰਤ ਦੀ ਭੂਮਿਕਾ ਨੂੰ ਲੈ ਕੇ ਵੀ ਚਰਚਾ ਹੋਈ ਤੇ ਕੁਝ ਹਲਕਿਆਂ 'ਚ ਇਹ ਨਿੰਦਾ ਸਾਹਮਣੇ ਆਈ ਕਿ ਉਸ ਦੀ ਭੂਮਿਕਾ ਨੂੰ ਵਾਜਬ ਮਾਨਤਾ ਨਹੀਂ ਮਿਲੀ। ਪਾਕਿਸਤਾਨ ਸੁੰਨੀ ਬਹੁ ਗਿਣਤੀ ਵਾਲਾ ਦੇਸ਼ ਹੈ, ਜਦਕਿ ਇਰਾਨ ਸ਼ੀਆ ਬਹੁ ਗਿਣਤੀ ਵਾਲਾ। ਇਸ ਦੇ ਬਾਵਜੂਦ ਕੁਝ ਦੇਸ਼ਾਂ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਸ਼ੀਆ ਜਾਂ ਸੁੰਨੀ ਦੇ ਰੂਪ 'ਚ ਨਹੀਂ, ਬਲਕਿ ਵਿਆਪਕ ਰੂਪ ਨਾਲ ਮੁਸਲਮਾਨ ਦੇ ਰੂਪ 'ਚ ਦੇਖਦੇ ਹਨ ਤੇ ਆਲਮੀ ਪੱਧਰ 'ਤੇ ਉਨ੍ਹਾਂ ਦੇ ਹਿੱਤ ਆਪਸ 'ਚ ਜੁੜੇ ਹੋਏ ਹਨ। ਇਸੇ ਸੰਦਰਭ 'ਚ ਕਸ਼ਮੀਰ 'ਚ ਇਰਾਨ ਦੇ ਸਮਰਥਨ 'ਚ ਪੈਸਾ ਇਕੱਠਾ ਕਰਨ ਦੀਆਂ ਸਰਗਰਮੀਆਂ ਸਾਹਮਣੇ ਆਈਆਂ, ਜਦਕਿ ਭਾਰਤ ਦਾ ਇਸ ਸੰਘਰਸ਼ ਨਾਲ ਕੋਈ ਸਬੰਧ ਨਹੀਂ।

ਪਿਛਲੇ ਦਿਨੀਂ ਸੈਮੂਅਲ ਪੀ. ਹੰਟਿੰਗਟਨ ਦੀ ਕਿਤਾਬ 'ਕਲੈਸ਼ ਆਫ ਸਿਵਿਲਾਈਜ਼ੇਸ਼ਨਸ' ਮੁੜ ਤੋਂ ਪੜ੍ਹੀ। ਉਹ ਲਿਖਦੇ ਹਨ, 'ਸੋਵੀਅਤ ਸੰਘ ਦੇ ਟੁੱਟਣ ਤੋਂ ਬਾਅਦ ਵਿਸ਼ਵ ਇੱਕ ਧਰੁਵੀ ਹੋ ਗਿਆ ਹੈ। ਆਉਣ ਵਾਲੇ ਸਮੇਂ 'ਚ ਸੰਘਰਸ਼ ਰਾਸ਼ਟਰਾਂ ਵਿਚਾਲੇ ਨਹੀਂ, ਸੱਭਿਆਤਾਵਾਂ ਵਿਚਾਲੇ ਹੋਵੇਗਾ। ਮਹਾਸ਼ਕਤੀਆਂ ਵਿਚਾਲੇ ਮੁਕਾਬਲਾ ਸੱਭਿਅਤਾਵਾਂ ਦੇ ਟਕਰਾਅ ਦੇ ਰੂਪ 'ਚ ਜ਼ਾਹਰ ਹੋਵੇਗਾ। ਇਹ ਸੰਘਰਸ਼ ਆਲਮੀ ਸ਼ਾਂਤੀ ਲਈ ਸਭ ਤੋਂ ਵੱਡਾ ਖ਼ਤਰਾ ਬਣ ਸਕਦਾ ਹੈ। ਇਹ ਸੰਘਰਸ਼ ਕਿਸੇ ਇੱਕ ਦੇਸ਼ ਜਾਂ ਖੇਤਰ ਤੱਕ ਸੀਮਤ ਨਹੀਂ ਰਹੇਗਾ, ਵਿਆਪਕ ਪੱਧਰ 'ਤੇ ਫੈਲ ਸਕਦਾ ਹੈ।

ਅੱਜ ਲੋਕ ਆਧੁਨਿਕ ਪਛਾਣ ਦੇ ਨਾਲ-ਨਾਲ ਆਪਣੀ ਰਵਾਇਤੀ ਪਛਾਣ ਨੂੰ ਵੀ ਦੁਬਾਰਾ ਲੱਭ ਰਹੇ ਹਨ। ਇਸੇ ਕਾਰਨ ਉਨ੍ਹਾਂ ਨੇ ਨਵੇਂ ਹਾਲਾਤ ਦੇ ਨਾਲ-ਨਾਲ ਪੁਰਾਣੇ ਟਕਰਾਅ ਨੂੰ ਨਾਲ ਬਣਾਇਆ ਹੋਇਆ ਹੈ ਤੇ ਉਨ੍ਹਾਂ ਨੂੰ ਭੁੱਲਣ ਲਈ ਤਿਆਰ ਨਹੀਂ ਹਨ। ਭਵਿੱਖ 'ਚ ਸੰਘਰਸ਼ ਸਿਰਫ਼ ਆਰਥਿਕ ਗ਼ੈਰਬਰਾਬਰੀਆਂ ਜਿਵੇਂ ਅਮੀਰ ਤੇ ਗ਼ਰੀਬ ਵਿਚਾਲੇ ਤੱਕ ਸੀਮਤ ਨਹੀਂ ਰਹੇਗਾ, ਬਲਕਿ ਵੱਖ-ਵੱਖ ਸੱਭਿਅਤਾਵਾਂ ਵਿਚਾਲੇ ਵੱਧ ਤੀਬਰ ਰੂਪ 'ਚ ਸਾਹਮਣੇ ਆਵੇਗਾ। ਇਹ ਇਤਿਹਾਸ ਦਾ ਇੱਕ ਬਹੁਤ ਪੇਚੀਦਾ ਤੇ ਚੁਣੌਤੀਪੂਰਨ ਦੌਰ ਹੋ ਸਕਦਾ ਹੈ। ਸੱਭਿਅਤਾਵਾਂ ਦੇ ਰੂਪ 'ਚ ਉਹ ਪੱਛਮੀ, ਦੱਖਣੀ ਅਮਰੀਕੀ, ਅਫਰੀਕੀ, ਇਸਲਾਮਿਕ, ਸਿਨਿਕ, ਹਿੰਦੂ, ਆਰਥੋਡਾਕਸ, ਬੋਧ ਤੇ ਜਾਪਾਨੀ ਸੱਭਿਅਤਾਵਾਂ ਦਾ ਜ਼ਿਕਰ ਕਰਦੇ ਹਨ।

ਅਮਰੀਕੀ ਸਿਆਸਤਦਾਨ ਹੈਨਰੀ ਕਿਸਿੰਜਰ ਨੇ ਇੱਕ ਵਾਰ ਕਿਹਾ ਸੀ ਕਿ 21ਵੀਂ ਸਦੀ 'ਚ ਛੇ ਵੱਡੀਆਂ ਤਾਕਤਾਂ ਹੋਣਗੀਆਂ, ਅਮਰੀਕਾ,ਯੂਰਪ, ਚੀਨ, ਜਾਪਾਨ, ਰੂਸ ਤੇ ਸੰਭਵ ਤੌਰ 'ਤੇ ਭਾਰਤ। ਉਥੇ ਸੈਮੂਅਲ ਹੰਟਿੰਗਟਨ ਨੇ ਚੀਨ, ਵੀਅਤਨਾਮ ਤੇ ਜਾਪਾਨ ਨੂੰ ਵੱਖ-ਵੱਖ ਸੱਭਿਅਤਾਵਾਂ ਦੇ ਰੂਪ 'ਚ ਦੇਖਿਆ। ਇਨ੍ਹਾਂ ਖੇਤਰਾਂ 'ਚ ਬੋਧ ਪਰੰਪਰਾ ਦਾ ਵੱਡਾ ਅਸਰ ਹੈ। ਇਸੇ ਤਰ੍ਹਾਂ ਅਫਰੀਕਾ 'ਚ ਮੁਸਲਮਾਨਾਂ ਤੇ ਈਸਾਈਆਂ ਦੀ ਵੱਡੀ ਆਬਾਦੀ ਹੈ, ਜਦਕਿ ਦੱਖਣੀ ਅਮਰੀਕਾ, ਉੱਤਰੀ ਅਮਰੀਕਾ, ਯੂਰਪ ਤੇ ਰੂਸ ਮੁੱਖ ਤੌਰ 'ਤੇ ਇਸਾਈ ਬਹੁ-ਗਿਣਤੀ ਖੇਤਰ ਹਨ।

ਹੰਟਿੰਗਟਨ ਦਾ ਮਤ ਹੈ ਕਿ ਸਿਨਿਕ (ਚੀਨੀ) ਤੇ ਜਾਪਾਨੀ ਸੱਭਿਅਤਾਵਾਂ ਨੇ ਆਪਣੇ ਆਪ ਨੂੰ ਆਰਥਿਕ ਆਧਾਰ 'ਤੇ ਆਧੁਨਿਕ ਬਣਾਇਆ ਹੈ, ਜਦਕਿ ਇਸਲਾਮਿਕ ਵਿਸ਼ਵ ਆਪਣੀ ਪਛਾਣ ਨੂੰ ਆਰਥਿਕ ਆਧਾਰ 'ਤੇ ਘੱਟ, ਬਲਕਿ ਸੱਭਿਆਚਾਰਕ ਤੇ ਪੰਥਕ ਆਧਾਰ 'ਤੇ ਵੱਧ ਮਜ਼ਬੂਤ ਕਰਦਾ ਹੈ। ਨਾਲ ਹੀ ਪੱਛਮੀ ਕਦਰਾਂ-ਕੀਮਤਾਂ ਦੇ ਪ੍ਰਤੀ ਉਨ੍ਹਾਂ ਦਾ ਆਲੋਚਨਾਤਮਕ ਨਜ਼ਰੀਆ ਵੀ ਅਕਸਰ ਸਾਹਮਣੇ ਆਉਂਦਾ ਹੈ।

ਹਾਲਾਂਕਿ ਇਹ ਵੀ ਇੱਕ ਤੱਥ ਹੈ ਕਿ ਪੂਰੇ ਵਿਸ਼ਵ 'ਚ ਪੱਛਮ ਵੱਲੋਂ ਵਿਕਸਤ ਅਨੇਕ ਤਕਨੀਕਾਂ ਤੇ ਉਤਪਾਦਾਂ ਦਾ ਵਿਆਪਕ ਉਪਯੋਗ ਹੁੰਦਾ ਹੈ। ਆਧੁਨਿਕ ਤਕਨੀਕ ਅਪਣਾਉਣ ਦੇ ਬਾਵਜੂਦ ਸਮਾਜ ਆਪਣੀ ਰਵਾਇਤੀ ਪਛਾਣ ਤੇ ਸੱਭਿਆਚਾਰਕ ਤੌਰ-ਤਰੀਕਿਆਂ ਨੂੰ ਵੀ ਬਣਾਈ ਰੱਖਣਾ ਚਾਹੁੰਦਾ ਹੈ। ਪੱਛਮੀ ਦੇਸ਼ਾਂ 'ਚ ਵੀ ਹੁਣ ਪੰਥ ਦੇ ਪ੍ਰਤੀ ਪਹਿਲਾਂ ਵਰਗਾ ਵਿਰੋਧ ਦਿਖਾਈ ਨਹੀਂ ਦਿੰਦਾ। ਕਈ ਸਥਾਨਾਂ 'ਤੇ ਐਤਵਾਰ ਨੂੰ ਵੱਡੀ ਗਿਣਤੀ 'ਚ ਲੋਕ ਚਰਚ ਜਾਂਦੇ ਹਨ। ਇਸ ਕਾਰਨ ਪੰਥ ਨੂੰ ਸਿਆਸਤ ਤੋਂ ਪੂਰੀ ਤਰ੍ਹਾਂ ਵੱਖ ਕਰਨ ਦੀ ਧਾਰਨਾ ਹੁਣ ਪਹਿਲਾਂ ਵਰਗੀ ਅਸਰਦਾਰ ਨਹੀਂ ਰਹਿ ਗਈ ਹੈ।

ਫਰਾਂਸੀਸੀ ਕ੍ਰਾਂਤੀ ਤੋਂ ਬਾਅਦ ਵਿਕਸਤ ਹੋਈਆਂ ਮਹੱਤਵਪੂਰਨ ਕਦਰਾਂ-ਕੀਮਤਾਂ ਜਿਵੇਂ-ਆਜ਼ਾਦੀ, ਭਾਈਚਾਰਾ ਤੇ ਬਰਾਬਰੀ ਅੱਜ ਚੁਣੌਤੀ ਦੇ ਦੌਰ 'ਚੋਂ ਗੁਜ਼ਰ ਰਹੀਆਂ ਹਨ। ਹੁਣ ਹਰੇਕ ਸਮਾਜ ਤੇ ਰਾਸ਼ਟਰ ਆਪਣੇ ਆਪ ਨੂੰ ਸਰਬੋਤਮ ਸਿੱਧ ਕਰਨ ਦੀ ਦੌੜ 'ਚ ਲੱਗਾ ਦਿਖਾਈ ਦੇ ਰਿਹਾ ਹੈ। ਆਪਣੇ ਸੱਭਿਆਚਾਰ, ਖਾਣ-ਪੀਣ ਤੇ ਜੀਵਨ ਸ਼ੈਲੀ ਨੂੰ ਸਰਬੋਤਮ ਦੱਸਣ ਦੀ ਬਿਰਤੀ ਵਧ ਰਹੀ ਹੈ, ਜਦਕਿ ਹੋਰਾਂ ਨੂੰ ਨੀਵਾਂ ਦਿਖਾਇਆ ਜਾ ਰਿਹਾ ਹੈ। ਮਜ਼ਹਬ ਦੇ ਆਧਾਰ 'ਤੇ ਨਵੇਂ-ਨਵੇਂ ਗਠਜੋੜਾਂ ਤੇ ਸਮਝੌਤਿਆਂ ਦੀ ਬਿਰਤੀ ਵੀ ਉੱਭਰ ਰਹੀ ਹੈ। ਨਾਟੋ 'ਚ ਤੁਰਕੀਏ ਨੂੰ ਛੱਡ ਕੇ ਜ਼ਿਆਦਾਤਰ ਦੇਸ਼ ਈਸਾਈ ਬਹੁ ਗਿਣਤੀ ਵਾਲੇ ਹਨ। ਇਸਲਾਮਿਕ ਦੇਸ਼ਾਂ 'ਚ ਵੀ ਸਮਾਨ ਬਿਰਤੀ ਦੇ ਗਠਜੋੜ ਦੀਆਂ ਚਰਚਾਵਾਂ ਉੱਠਦੀਆਂ ਰਹਿੰਦੀਆਂ ਹਨ। ਪਿਛਲੇ ਦਿਨੀਂ ਸਾਊਦੀ ਅਰਬ ਤੇ ਪਾਕਿਸਤਾਨ ਵਿਚਾਲੇ ਹੋਏ ਸਮਝੌਤੇ ਨੂੰ ਵੀ ਇਸੇ ਸੰਦਰਭ 'ਚ ਦੇਖਿਆ ਜਾ ਸਕਦਾ ਹੈ, ਜਿੱਥੇ ਇਕ 'ਤੇ ਹਮਲਾ ਦੂਜੇ 'ਤੇ ਹਮਲਾ ਮੰਨਿਆ ਜਾਵੇਗਾ।

ਜੇਕਰ ਦੁਨੀਆ ਦੇ ਸਾਰੇ ਇਸਾਈ, ਇਸਲਾਮਿਕ ਜਾਂ ਹੋਰ ਪੰਥਕ ਆਧਾਰ ਵਾਲੇ ਦੇਸ਼ ਇਸੇ ਤਰ੍ਹਾਂ ਇਕਜੁਟ ਹੋ ਕੇ ਫ਼ੌਜੀ ਜਾਂ ਸਿਆਸੀ ਮੋਰਚੇ ਬਣਾ ਲੈਣ ਤਾਂ ਵਿਸ਼ਵ ਪੱਧਰੀ ਹਾਲਾਤ ਬਹੁਤ ਪੇਚੀਦਾ ਤੇ ਅਸਥਿਰ ਹੋ ਸਕਦੇ ਹਨ। ਇਸ ਕਾਰਨ ਵਿਸ਼ਵ ਲਗਾਤਾਰ ਸੰਘਰਸ਼ਾਂ 'ਚ ਉਲਝਿਆ ਰਹਿ ਸਕਦਾ ਹੈ-ਕਦੀ ਮਜ਼ਹਬ, ਕਦੀ ਸਰਹੱਦਾਂ ਲਈ ਤਾਂ ਕਦੀ ਭਾਸ਼ਾ ਤੇ ਖੇਤਰੀ ਆਧਾਰ ਕਾਰਨ। ਇਕ ਦੇਸ਼ 'ਤੇ ਹਮਲਾ ਹੋਣ 'ਤੇ ਇਕੋ ਜਿਹੇ ਪੰਥ ਜਾਂ ਸੱਭਿਅਤਾ ਦੇ ਆਧਾਰ 'ਤੇ ਹੋਰ ਦੇਸ਼ ਵੀ ਸੰਘਰਸ਼ 'ਚ ਸ਼ਾਮਲ ਹੋ ਸਕਦੇ ਹਨ, ਜਿਸ ਨਾਲ ਆਲਮੀ ਤਣਾਅ ਹੋਰ ਵਧੇਗਾ।

ਇਹ ਇੱਕ ਚਿੰਤਾਜਨਕ ਤੇ ਡਰਾਉਣੇ ਹਾਲਾਤ ਵੱਲ ਸੰਕੇਤ ਕਰਦਾ ਹੈ। ਅਸੀਂ ਪੰਥ ਜਾਂ ਸੱਭਿਅਤਾ ਦੀ ਉੱਤਮਤਾ ਦਾ ਕਿੰਨਾ ਹੀ ਦਾਅਵਾ ਕਰੀਏ, ਜੀਵਨ ਦੇ ਮੁੱਢਲੇ ਆਧਾਰ ਜਿਵੇਂ-ਭੋਜਨ, ਰੋਜ਼ੀ-ਰੋਟੀ ਤੇ ਆਰਥਿਕ ਸਥਿਰਤਾ ਹੀ ਸਭ ਤੋਂ ਮਹੱਤਵਪੂਰਨ ਹਨ। ਇਸ ਲਈ ਜ਼ਰੂਰੀ ਹੈ ਕਿ ਵਿਸ਼ਵ ਪੰਥਕ ਜਾਂ ਸੱਭਿਆਚਾਰਕ ਪਛਾਣਾਂ ਦੇ ਆਧਾਰ 'ਤੇ ਵੰਡੇ ਜਾਣ ਦੀ ਥਾਂ ਆਰਥਿਕ ਵਿਕਾਸ ਤੇ ਸਹਿਯੋਗ ਨੂੰ ਤਰਜੀਹ ਦੇਵੇ। ਅਮੀਰ ਦੇਸ਼ਾਂ ਨੂੰ ਆਪਣੇ ਲਾਭ ਤੋਂ ਅੱਗੇ ਵਧ ਕੇ ਗ਼ਰੀਬ ਤੇ ਸਾਧਨਹੀਣ ਦੇਸ਼ਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਨਹੀਂ ਤਾਂ ਆਲਮੀ ਗ਼ੈਰ-ਬਰਾਬਰੀਆਂ ਤੇ ਸੰਘਰਸ਼ ਮਨੁੱਖਤਾ ਦੇ ਭਵਿੱਖ ਨੂੰ ਗ਼ੈਰਯਕੀਨੀ ਬਣਾ ਸਕਦੇ ਹਨ।

ਪੂਰੀ ਤਰ੍ਹਾਂ ਕਦੋਂ ਹੋਵੇਗੀ ਜੰਗਬੰਦੀ ?

ਇਰਾਨ ਦੇ ਵਿਦੇਸ਼ ਮੰਤਰੀ ਵੱਲੋਂ ਹੋਰਮੁਜ਼ ਸਮੁੰਦਰੀ ਮਾਰਗ ਖੋਲ੍ਹਣ ਦਾ ਐਲਾਨ ਕੀਤਾ ਗਿਆ ਸੀ ਪਰ ਇਸ ਐਲਾਨ ਦੇ 24 ਘੰਟੇ ਵੀ ਨਹੀਂ ਬੀਤੇ ਸਨ ਕਿ ਇਰਾਨੀ ਫ਼ੌਜ ਨੇ ਉਸ 'ਤੇ ਫਿਰ ਤੋਂ ਆਪਣਾ ਪਹਿਰਾ ਬਿਠਾਉਣ ਦਾ ਫ਼ੈਸਲਾ ਕਰ ਲਿਆ। ਉਸ ਨੇ ਇਸ ਕਾਰਨ ਹੋਰਮੁਜ਼ ਨੂੰ ਫਿਰ ਤੋਂ ਬੰਦ ਕਰਨ ਦਾ ਫ਼ੈਸਲਾ ਕੀਤਾ ਹੈ ਕਿਉਂਕਿ ਅਮਰੀਕਾ ਇਰਾਨੀ ਬੰਦਰਗਾਹਾਂ ਦੀ ਨਾਕਾਬੰਦੀ ਜਾਰੀ ਰੱਖਣ 'ਤੇ ਅੜਿਆ ਹੋਇਆ ਹੈ।

ਇਹ ਸਾਫ਼ ਹੈ ਕਿ ਪੱਛਮੀ ਏਸ਼ੀਆ ਦੇ ਸੰਕਟ ਦੇ ਮਾਮਲੇ ਵਿੱਚ ਕਦੇ ਇਰਾਨ ਆਪਣੀ ਅੜੀ 'ਤੇ ਅੜਿਆ ਰਹਿੰਦਾ ਹੈ ਤੇ ਕਦੇ ਅਮਰੀਕਾ। ਜਦੋਂ ਜੰਗਬੰਦੀ ਦੀਆਂ ਸ਼ਰਤਾਂ ਤਹਿਤ ਹੋਰਮੁਜ਼ ਖੋਲ੍ਹਣ 'ਤੇ ਸਹਿਮਤੀ ਬਣ ਗਈ ਸੀ ਅਤੇ ਉਸ ਦਾ ਦਾਇਰਾ ਲਿਬਨਾਨ ਤੱਕ ਪ੍ਰਭਾਵੀ ਹੋ ਗਿਆ ਸੀ ਤਾਂ ਇਰਾਨ ਨੇ ਇਸ ਸਮੁੰਦਰੀ ਮਾਰਗ ਨੂੰ ਪੂਰੀ ਤਰ੍ਹਾਂ ਖੋਲ੍ਹਣ ਦਾ ਐਲਾਨ ਕਰ ਦਿੱਤਾ ਸੀ ਤਾਂ ਫਿਰ ਅਮਰੀਕਾ ਨੂੰ ਵੀ ਇਰਾਨੀ ਬੰਦਰਗਾਹਾਂ ਦੀ ਨਾਕਾਬੰਦੀ ਕਰਨ ਦੇ ਆਪਣੇ ਫ਼ੈਸਲੇ ਤੋਂ ਪਿੱਛੇ ਹਟ ਜਾਣਾ ਚਾਹੀਦਾ ਸੀ। ਤਦ ਤਾਂ ਹੋਰ ਵੀ, ਜਦੋਂ ਅਮਰੀਕੀ ਰਾਸ਼ਟਰਪਤੀ ਨੇ ਇਰਾਨ ਦੇ ਫ਼ੈਸਲੇ ਦਾ ਸਵਾਗਤ ਕੀਤਾ ਅਤੇ ਦੋਵੇਂ ਦੇਸ਼ ਦੂਜੇ ਦੌਰ ਦੀ ਸ਼ਾਂਤੀ ਵਾਰਤਾ ਕਰਨ ਦੀ ਸੰਭਾਵਨਾਵਾਂ ਵੀ ਤਲਾਸ਼ ਰਹੇ ਹਨ।

ਇਹ ਅਮਰੀਕਾ ਅਤੇ ਇਰਾਨ ਦੇ ਨਾਲ-ਨਾਲ ਪੱਛਮੀ ਏਸ਼ੀਆ ਲਈ ਹੀ ਜ਼ਰੂਰੀ ਨਹੀਂ ਹੈ ਕਿ ਦੋ ਹਫ਼ਤਿਆਂ ਦੀ ਅਸਥਾਈ ਜੰਗਬੰਦੀ ਨੂੰ ਸਥਾਈ ਰੂਪ ਦਿੱਤਾ ਜਾਵੇ, ਬਲਕਿ ਆਲਮੀ ਭਾਈਚਾਰੇ ਲਈ ਵੀ ਜ਼ਰੂਰੀ ਹੈ ਕਿਉਂਕਿ ਹੋਰਮੁਜ਼ 'ਚ ਅੜਿੱਕਾ ਪੈਣ ਕਾਰਨ ਦੁਨੀਆ ਭਰ ਵਿੱਚ ਊਰਜਾ ਸੰਕਟ ਡੂੰਘਾ ਹੋ ਰਿਹਾ ਹੈ। ਉਂਜ ਤਾਂ ਇਸ ਸਮੁੰਦਰੀ ਮਾਰਗ 'ਚ ਰੁਕਾਵਟ ਪੈਣ ਨਾਲ ਸਭ ਤੋਂ ਵੱਧ ਭਾਰਤ ਅਤੇ ਹੋਰ ਏਸ਼ਿਆਈ ਮੁਲਕ ਪ੍ਰਭਾਵਿਤ ਹੁੰਦੇ ਹਨ ਪਰ ਇਸ ਮਾਰਗ ਤੋਂ ਤੇਲ ਅਤੇ ਗੈਸ ਦੀ ਸਪਲਾਈ ਵਿੱਚ ਕਮੀ ਆਉਣ ਦੇ ਨਤੀਜੇ ਵਜੋਂ ਉਨ੍ਹਾਂ ਦੇ ਭਾਅ ਵਧਣ ਦਾ ਪ੍ਰਭਾਵ ਪੂਰੀ ਦੁਨੀਆ 'ਤੇ ਪੈਂਦਾ ਹੈ।

ਇਹ ਸਹੀ ਹੈ ਕਿ ਅਮਰੀਕਾ ਨੇ ਰੂਸੀ ਤੇਲ ਖ਼ਰੀਦਣ ਦੀ ਆਗਿਆ ਇੱਕ ਮਹੀਨੇ ਲਈ ਹੋਰ ਵਧਾ ਦਿੱਤੀ ਹੈ ਪਰ ਆਖ਼ਰ ਉਹ ਇਹ ਤੈਅ ਕਰਨ ਵਾਲਾ ਕੌਣ ਹੁੰਦਾ ਹੈ ਕਿ ਕਿਸ ਦੇਸ਼ ਤੋਂ ਤੇਲ-ਗੈਸ ਖ਼ਰੀਦੇ ਜਾ ਸਕਦੇ ਹਨ ? ਅਮਰੀਕਾ ਆਪਣੇ ਸਵਾਰਥਾਂ ਕਾਰਨ ਕਿਸੇ ਨਾ ਕਿਸੇ ਊਰਜਾ ਸੰਪੰਨ ਮੁਲਕ 'ਤੇ ਪਾਬੰਦੀਆਂ ਲਗਾਉਂਦਾ ਰਹਿੰਦਾ ਹੈ। ਇਰਾਨ, ਵੈਨੇਜ਼ੁਏਲਾ ਅਤੇ ਰੂਸ ਇਸ ਦੀਆਂ ਉਦਾਹਰਨਾਂ ਹਨ। ਇਸ ਦੇ ਮਾੜੇ ਨਤੀਜੇ ਸਬੰਧਤ ਦੇਸ਼ ਦੇ ਨਾਲ-ਨਾਲ ਹੋਰ ਦੇਸ਼ ਵੀ ਭੋਗਦੇ ਹਨ। ਅਮਰੀਕਾ ਇਹ ਜੋ ਮਨਮਾਨੀ ਕਰਦਾ ਹੈ, ਉਸ ਨੂੰ ਚੁਣੌਤੀ ਦਿੱਤੀ ਜਾਣੀ ਜ਼ਰੂਰੀ ਹੈ।

ਇਹ ਚੰਗਾ ਹੈ ਕਿ ਭਾਰਤ ਰੂਸ ਤੋਂ ਤੇਲ ਖ਼ਰੀਦਣ ਦੇ ਮਾਮਲੇ ਵਿੱਚ ਅਮਰੀਕਾ ਦੇ ਰਵੱਈਏ ਦੀ ਪਰਵਾਹ ਨਹੀਂ ਕਰ ਰਿਹਾ ਹੈ। ਭਾਰਤ ਨੂੰ ਨਾ ਸਿਰਫ਼ ਆਪਣੇ ਊਰਜਾ ਹਿੱਤਾਂ ਦੀ ਰੱਖਿਆ ਲਈ ਹਰ ਸੰਭਵ ਕਦਮ ਚੁੱਕਣੇ ਚਾਹੀਦੇ ਹੈ, ਸਗੋਂ ਆਪਣੇ-ਆਪ ਨੂੰ ਆਰਥਿਕ ਤੌਰ 'ਤੇ ਇੰਨਾ ਸਮਰੱਥ ਵੀ ਬਣਾਉਣਾ ਚਾਹੀਦਾ ਹੈ ਕਿ ਅਮਰੀਕਾ ਕਿਸੇ ਵੀ ਤਰ੍ਹਾਂ ਦਾ ਅਣ-ਉਚਿਤ ਦਬਾਅ ਨਾ ਪਾ ਸਕੇ। ਅਮਰੀਕਾ ਅਤੇ ਇਰਾਨ ਵਿਚਕਾਰ ਲਾਗੂ ਅਸਥਾਈ ਜੰਗਬੰਦੀ ਦੀ ਮਿਆਦ ਜਿਵੇਂ-ਜਿਵੇਂ ਨੇੜੇ ਆ ਰਹੀ ਹੈ, ਉਸ ਦੇ ਸਥਾਈ ਹੋਣ 'ਤੇ ਖ਼ਦਸ਼ਾ ਵਧਦਾ ਜਾ ਰਿਹਾ ਹੈ।

ਇਸ ਨਾਜ਼ੁਕ ਜੰਗਬੰਦੀ ਨੂੰ ਦੇਖਦੇ ਹੋਏ ਭਾਰਤ ਨੂੰ ਆਪਣੀ ਊਰਜਾ ਸੁਰੱਖਿਆ ਲਈ ਹੋਰ ਜ਼ਿਆਦਾ ਸਰਗਰਮੀ ਦਿਖਾਉਣੀ ਹੋਵੇਗੀ। ਉਸ ਨੂੰ ਨਾ ਸਿਰਫ਼ ਊਰਜਾ ਦਰਾਮਦ ਦੇ ਨਵੇਂ ਬਦਲ ਤਲਾਸ਼ਣੇ ਹੋਣਗੇ ਸਗੋਂ ਇਸ ਦੇ ਲਈ ਵੀ ਉਪਾਅ ਕਰਨੇ ਹੋਣਗੇ ਕਿ ਦਰਾਮਦਸ਼ੁਦਾ ਊਰਜਾ 'ਤੇ ਨਿਰਭਰਤਾ ਕਿਵੇਂ ਘੱਟ ਹੋਵੇ।

ਕਿਉਂ ਅਸਫ਼ਲ ਹੋਈ ਅਮਰੀਕਾ-ਇਰਾਨ ਗੱਲਬਾਤ ?

ਹਰਸ਼ ਵੀ. ਪੰਤ
(ਲੇਖਕ ਅਬਜ਼ਰਵਰ ਰਿਸਰਚ ਫਾਊਂਡੇਸ਼ਨ ਦਾ ਉਪ ਮੁਖੀ ਹੈ)

ਇਸਲਾਮਾਬਾਦ ਵਿੱਚ ਅਮਰੀਕਾ-ਇਰਾਨ ਦੀ ਵਾਰਤਾ ’ਤੇ ਪੂਰੀ ਦੁਨੀਆ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਸਨ ਪਰ ਇਸ ਦੇ ਨਤੀਜੇ ਹਾਂ-ਪੱਖੀ ਨਹੀਂ ਰਹੇ। ਇਸ ਵਾਰਤਾ ਦਾ ਅਸਫਲ ਹੋਣਾ ਰਾਜਨੀਤਕ ਕੁਪ੍ਰਬੰਧਨ ਘੱਟ, ਬਲਕਿ ਉਸ ਬੁਨਿਆਦੀ ਠਹਿਰਾ ਨੂੰ ਜ਼ਿਆਦਾ ਉਜਾਗਰ ਕਰਦਾ ਹੈ ਜੋ ਅੱਜ ਵੀ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਪਰਿਭਾਸ਼ਤ ਕਰਦਾ ਹੈ। ਦੋਵਾਂ ਧਿਰਾਂ ਦੀ ਲੀਡਰਸ਼ਿਪ ਦੀ ਮੌਜੂਦਗੀ ਅਤੇ ਉੱਚ ਪੱਧਰੀ ਸੰਪਰਕ ਦਰਮਿਆਨ ਇਹ ਵਾਰਤਾ ਅੱਤ ਦੀਆਂ ਮੰਗਾਂ, ਡੂੰਘੀ ਬੇਭਰੋਸਗੀ ਅਤੇ ਗ਼ੈਰ-ਤਰਕਸੰਗਤ ਰਣਨੀਤਕ ਦ੍ਰਿਸ਼ਟੀਕੋਣ ਦੇ ਬੋਝ ਹੇਠ ਦੱਬੀ ਰਹੀ।

ਇਸਲਾਮਾਬਾਦ ਵਾਰਤਾ ਦਾ ਨਤੀਜਾ ਪ੍ਰਕਿਰਿਆ ਦੀ ਨਾਕਾਮੀ ਨਹੀਂ ਸਗੋਂ ਅੜਿੱਕੇ ਨਾਲ ਭਰੇ ਉਨ੍ਹਾਂ ਹਾਲਾਤ ਦਾ ਹੀ ਇੱਕ ਪੂਰਵ-ਅਨੁਮਾਨਤ ਨਤੀਜਾ ਰਹੀ ਜਿਨ੍ਹਾਂ ਹਾਲਾਤ ਨੂੰ ਬਦਲਣ ਲਈ ਦੋਵਾਂ ਹੀ ਧਿਰਾਂ ਵਿੱਚ ਨਾ ਤਾਂ ਕੋਈ ਸਮਰੱਥ ਦਿਸ ਰਿਹਾ ਸੀ ਅਤੇ ਨਾ ਹੀ ਇਸ ਵਾਸਤੇ ਤਿਆਰ। ਇਸ ਅੜਿੱਕੇ ਦਾ ਇਕ ਅਹਿਮ ਪਹਿਲੂ ਹੈ ਪਰਮਾਣੂ ਹਥਿਆਰਾਂ ਨੂੰ ਲੈ ਕੇ ਇਰਾਨ ਦਾ ਮੋਹ। ਸੁਭਾਵਕ ਹੈ ਕਿ ਇਰਾਨ ਇਹ ਮੋਹ ਛੱਡਣ ਲਈ ਤਿਆਰ ਨਹੀਂ ਹੈ।

ਓਥੇ ਹੀ ਅਮਰੀਕਾ ਦਾ ਸਪਸ਼ਟ ਰੁਖ਼ ਹੈ ਕਿ ਈਰਾਨ ਨੂੰ ਨਾ ਸਿਰਫ਼ ਪਰਮਾਣੂ ਮੋਰਚੇ ’ਤੇ ਹੋਈ ਤਰੱਕੀ ਨੂੰ ਪਿੱਛੇ ਛੱਡਣਾ ਹੋਵੇਗਾ ਸਗੋਂ ਉਸ ਤਕਨੀਕੀ ਸਮਰੱਥਾ ਤੋਂ ਵੀ ਵਿਰਵਾ ਹੋਣਾ ਪਵੇਗਾ ਜੋ ਭਵਿੱਖ ਵਿਚ ਉਸ ਨੂੰ ਪਰਮਾਣੂ ਸ਼ਕਤੀ ਨਾਲ ਸੰਪੰਨ ਕਰਨ ਵਿਚ ਮਦਦਗਾਰ ਬਣੇ। ਪਰਮਾਣੂ ਦੀ ਇਹ ਬੁਝਾਰਤ ਈਰਾਨ ਲਈ ਉਸ ਦੀ ਪ੍ਰਭੁਸੱਤਾ ਦਾ ਸਵਾਲ ਬਣ ਗਈ ਹੈ।

ਵਾਰਤਾ ਦੇ ਦਾਇਰੇ ਅਤੇ ਖ਼ਾਹਿਸ਼ਾਂ ਨੂੰ ਲੈ ਕੇ ਉਪਜੇ ਮਤਭੇਦਾਂ ਨੇ ਵੀ ਇਸ ਨੂੰ ਹੋਰ ਜਟਿਲ ਬਣਾ ਦਿੱਤਾ। ਅਮਰੀਕਾ ਜਿੱਥੇ ਪਰਮਾਣੂ ਪਾਬੰਦੀਆਂ ਅਤੇ ਹੋਰਮੁਜ਼ ਜਲ ਮਾਰਗ ਵਿਚ ਸੁਤੰਤਰ ਅਤੇ ਮੁਕਤ ਆਵਾਜਾਈ ਵਰਗੇ ਸੀਮਤ ਉਦੇਸ਼ਾਂ ਦੇ ਨਾਲ ਵਾਰਤਾ ਦੀ ਮੇਜ਼ ’ਤੇ ਆਇਆ, ਓਥੇ ਹੀ ਈਰਾਨ ਦਾ ਏਜੰਡਾ ਕਿਤੇ ਜ਼ਿਆਦਾ ਵਿਆਪਕ ਸੀ। ਇਰਾਨ ਸਿਰਫ਼ ਤਣਾਅ ਘਟਾਉਣ ਦੀ ਮੰਗ ਦੇ ਨਾਲ ਹੀ ਸਾਹਮਣੇ ਨਹੀਂ ਆਇਆ ਬਲਕਿ ਉਸ ਨੇ ਪੱਛਮ ਨਾਲ ਆਪਣੇ ਸਬੰਧਾਂ ਦੇ ਨਵੇਂ ਸਿਰੇ ਤੋਂ ਸੰਯੋਜਨ ਦੀ ਮੰਗ ਰੱਖੀ। ਇਸ ਪੁਨਰ-ਸੰਯੋਜਨ ਵਿਚ ਪਾਬੰਦੀਆਂ ਤੋਂ ਰਾਹਤ, ਜ਼ਬਤ ਕੀਤੇ ਹੋਏ ਅਸਾਸਿਆਂ ਤੱਕ ਬੇਰੋਕ-ਟੋਕ ਪਹੁੰਚ, ਹਾਲੀਆ ਫ਼ੌਜੀ ਹਮਲਿਆਂ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਅਤੇ ਇਕ ਵਿਆਪਕ ਖੇਤਰੀ ਜੰਗਬੰਦੀ ਸ਼ਾਮਲ ਸੀ ਜਿਸ ਵਿਚ ਹਿਜ਼ਬੁੱਲਾ ਵਰਗੇ ਸਹਿਯੋਗੀਆਂ ਵਿਰੁੱਧ ਇਜ਼ਰਾਇਲੀ ਫ਼ੌਜੀ ਕਾਰਵਾਈਆਂ ’ਤੇ ਰੋਕ ਵੀ ਸ਼ਾਮਲ ਸੀ।

ਵਾਰਤਾ ਦੇ ਇਸ ਢਾਂਚੇ ਵਿੱਚ ਮੌਜੂਦ ਤਰੁੱਟੀਆਂ ਨੇ ਪਹਿਲਾਂ ਤੋਂ ਹੀ ਯਕੀਨੀ ਕਰ ਦਿੱਤਾ ਸੀ ਕਿ ਗੱਲ ਨਹੀਂ ਬਣਨ ਵਾਲੀ। ਜਿੱਥੇ ਵਾਸ਼ਿੰਗਟਨ ਇਸ ਨੂੰ ਇਕ ਤਤਕਾਲੀ ਸੰਕਟ ਦੇ ਰੂਪ ਵਿਚ ਦੇਖਦੇ ਹੋਏ ਫ਼ੌਰੀ ਰਾਹਤ ’ਤੇ ਜ਼ੋਰ ਦੇ ਰਿਹਾ ਸੀ, ਓਥੇ ਹੀ ਤਹਿਰਾਨ ਨੂੰ ਇਹ ਆਪਣੇ ਸਮੀਕਰਨਾਂ ਨੂੰ ਨਵੇਂ ਸਿਰੇ ਤੋਂ ਤੈਅ ਕਰਨ ਦਾ ਮੌਕਾ ਮਹਿਸੂਸ ਹੋਇਆ। ਯਾਨੀ ਅਮਰੀਕਾ ਬਸ ਅੱਗ ਨੂੰ ਬੁਝਾਉਣਾ ਚਾਹੁੰਦਾ ਸੀ ਅਤੇ ਈਰਾਨ ਦੀ ਮਨਸ਼ਾ ਆਪਣੇ ਨੁਕਸਾਨੇ ਭਵਨਾਂ ਦੇ ਨਵੇਂ ਸਿਰੇ ਤੋਂ ਨਿਰਮਾਣ ਦੀ ਸੀ। ਦੋਵਾਂ ਧਿਰਾਂ ਵਿਚਾਲੇ ਹੋਰਮੁਜ਼ ਜਲ ਮਾਰਗ ਇੱਕ ਅਹਿਮ ਬਿੰਦੂ ਬਣ ਗਿਆ ਹੈ।



ਅਮਰੀਕਾ ਅਤੇ ਉਸ ਦੇ ਸਹਿਯੋਗੀਆਂ ਵਾਸਤੇ ਇਸ ਜਲ ਮਾਰਗ ਦੇ ਮਾਧਿਅਮ ਨਾਲ ਊਰਜਾ ਸਪਲਾਈ ਬੇਰੋਕ-ਟੋਕ ਯਕੀਨੀ ਬਣਾਉਣਾ ਇੱਕ ਰਣਨੀਤਕ ਜ਼ਰੂਰਤ ਹੈ। ਇਸੇ ਲਈ ਵਾਸ਼ਿੰਗਟਨ ਨੇ ਬੇਨਤੀ ਕੀਤੀ ਕਿ ਪਰਸਪਰ ਭਰੋਸੇ ਦੀ ਬਹਾਲੀ ਲਈ ਇਸ ਨੂੰ ਤੁਰੰਤ ਖੋਲ੍ਹਿਆ ਜਾਵੇ। ਜਦਕਿ ਤਹਿਰਾਨ ਦਾ ਜ਼ੋਰ ਵਿਆਪਕ ਸਮਝੌਤੇ ਨੂੰ ਅਮਲ ਵਿੱਚ ਲਿਆਉਣ ’ਤੇ ਸੀ। ਦੇਖਿਆ ਜਾਵੇ ਤਾਂ ਇਰਾਨ ਨੇ ਆਪਣੀ ਉਮੀਦ ਮੁਤਾਬਕ ਕਮਜ਼ੋਰ ਫ਼ੌਜੀ ਤਾਕਤ ਅਤੇ ਆਰਥਿਕ ਕਮਜ਼ੋਰੀਆਂ ਦੇ ਮੁਕਾਬਲੇ ਹੋਰਮੁਜ਼ ਦੀ ਭੂਗੋਲਿਕ ਸਥਿਤੀ ਨੂੰ ਆਪਣੀ ਰਣਨੀਤਕ ਢਾਲ ਦੇ ਰੂਪ ਵਿੱਚ ਇਸਤੇਮਾਲ ਕਰ ਕੇ ਇਸ ਸੰਘਰਸ਼ ਵਿੱਚ ਸੰਤੁਲਨ ਦਾ ਯਤਨ ਕੀਤਾ ਹੈ। ਉਸ ਦਾ ਸੰਦੇਸ਼ ਸਪਸ਼ਟ ਹੈ ਕਿ ਇਰਾਨ ਦੇ ਹਿੱਤਾਂ ਨੂੰ ਕੁਝ ਟੁਕੜਿਆਂ ਵਿੱਚ ਨਹੀਂ ਬਲਕਿ ਸਮੁੱਚੇ ਤੌਰ ’ਤੇ ਦੇਖਣਾ ਹੋਵੇਗਾ।

ਇਸ ਸਿਲਸਿਲੇ ਵਿੱਚ ਹੋਰਮੁਜ਼ ਜਲ ਮਾਰਗ ਇੱਕ ਸਮੁੰਦਰੀ ਆਵਾਜਾਈ ਅਤੇ ਢੋਆ-ਢੁਆਈ ਤੋਂ ਵੱਧ ਇੱਕ ਵੱਡੀ ਭੂ-ਰਾਜਨੀਤਕ ਸੌਦੇਬਾਜ਼ੀ ਦਾ ਔਜ਼ਾਰ ਬਣ ਗਿਆ ਹੈ।

ਇਸ ਦੇ ਬੰਦ ਹੋਣ ਕਾਰਨ ਦੁਨੀਆ ਵਿੱਚ ਤੇਲ ਸਪਲਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ ਜਿਸ ਦੇ ਆਲਮੀ ਅਰਥਚਾਰੇ ’ਤੇ ਬੁਰੇ ਅਸਰ ਪੈ ਰਹੇ ਹਨ। ਇਸ ਕਾਰਨ ਅਮਰੀਕਾ ’ਤੇ ਇਸ ਸਮੁੰਦਰੀ ਲਾਂਘੇ ਨੂੰ ਖੁਲ੍ਹਵਾਉਣ ਲਈ ਦਬਾਅ ਵਧਦਾ ਹੀ ਜਾ ਰਿਹਾ ਹੈ ਜਦਕਿ ਇਰਾਨ ਇਸ ਨੂੰ ਇੱਕ ਅਹਿਮ ਰਣਨੀਤਕ ਹਥਿਆਰ ਦੇ ਤੌਰ ’ਤੇ ਵਰਤ ਰਿਹਾ ਹੈ। ਉਹ ਹਰ ਹਾਲਤ ’ਚ ਇਸ ’ਤੇ ਆਪਣਾ ਕਬਜ਼ਾ ਬਰਕਰਾਰ ਰੱਖਣਾ ਚਾਹੁੰਦਾ ਹੈ ਤੇ ਇੱਥੋਂ ਲੰਘਣ ਵਾਲੇ ਸਮੁੰਦਰੀ ਜਹਾਜ਼ਾਂ ਤੋਂ ਫੀਸ ਵੀ ਲੈ ਰਿਹਾ ਹੈ।

ਗੱਲਬਾਤ ਦੀ ਨਾਕਾਮੀ ਤੋਂ ਬਾਅਦ ਦੋਵਾਂ ਮੁਲਕਾਂ ਵਿਚਾਲੇ ਇੱਕ-ਦੂਜੇ ’ਤੇ ਇਲਜ਼ਾਮ-ਤਰਾਸ਼ੀਆਂ ਦਾ ਦੌਰ ਸ਼ੁਰੂ ਹੋ ਗਿਆ ਹੈ। ਪਰਸਪਰ ਦੂਸ਼ਣਬਾਜ਼ੀ ਦਾ ਇਹ ਦੌਰ ਕਿਸੇ ਪੁਰਾਣੇ ਨਾਸੂਰ ਦਾ ਪ੍ਰਤੀਕ ਹੈ। ਜਿੱਥੇ ਅਮਰੀਕੀ ਅਧਿਕਾਰੀਆਂ ਨੇ ਇਰਾਨ ਦੇ ਪ੍ਰਸਤਾਵਾਂ ਨੂੰ ਨਾਕਾਫ਼ੀ ਅਤੇ ਗੰਭੀਰਤਾ ਦੀ ਘਾਟ ਤੋਂ ਗ੍ਰਸਤ ਦੱਸਿਆ ਤਾਂ ਇਰਾਨੀ ਪ੍ਰਤੀਨਿਧੀਆਂ ਨੇ ਵਾਸ਼ਿੰਗਟਨ ’ਤੇ ਭਲੀ ਮਨਸ਼ਾ ਦੇ ਬਿਨਾਂ ਹੱਦ ਤੋਂ ਜ਼ਿਆਦਾ ਅਤੇ ਨਾਜਾਇਜ਼ ਮੰਗਾਂ ਥੋਪਣ ਦਾ ਦੋਸ਼ ਲਗਾਇਆ ਹੈ।

ਇਹ ਦੋਸ਼ ਕਿਸੇ ਵਾਕ ਯੁੱਧ ਤੋਂ ਜ਼ਿਆਦਾ ਉਸ ਰੁਝਾਨ ਨੂੰ ਹੀ ਦਰਸਾਉਂਦੇ ਹਨ ਜਿਸ ਕਾਰਨ ਅਤੀਤ ਦੀਆਂ ਵਾਰਤਾਵਾਂ ਵੀ ਪਟੜੀ ਤੋਂ ਉਤਰਦੀਆਂ ਰਹੀਆਂ। ਇਸ ਵਿੱਚ 2025 ਤੇ 2026 ਵਿੱਚ ਓਮਾਨ ਦੀ ਵਿਚੋਲਗੀ ਵਿੱਚ ਨਾਕਾਮ ਵਾਰਤਾਵਾਂ ਦਾ ਦੌਰ ਵੀ ਸ਼ਾਮਲ ਹੈ। ਇਨ੍ਹਾਂ ਕੂਟਨੀਤਕ ਯਤਨਾਂ ’ਤੇ ਸ਼ੱਕ ਦੇ ਬੱਦਲ ਹੀ ਛਾਏ ਰਹੇ ਅਤੇ ਹਰ ਧਿਰ ਦੂਜੀ ’ਤੇ ਬੁਰੀ ਮਨਸ਼ਾ ਦਾ ਦੋਸ਼ ਮੜ੍ਹਦੀ ਰਹੀ ਕਿ ਇਹ ਸਭ ਧਿਆਨ ਭਟਕਾਉਣ ਜਾਂ ਨਿਰੰਤਰ ਰਿਆਇਤਾਂ ਮੰਗਣ ਲਈ ਹੋ ਰਿਹਾ ਹੈ।

ਇਸ ਨਾਲ ਭਰੋਸੇ ਦੀ ਪਰਤ ਇਸ ਤਰ੍ਹਾਂ ਪਿਘਲਦੀ ਗਈ ਕਿ ਨੇਕ ਇਰਾਦਿਆਂ ਦੇ ਨਾਲ ਕੀਤੀ ਜਾਣ ਵਾਲੀ ਕੋਈ ਸਾਰਥਕ ਪਹਿਲ ਵੀ ਨਾਕਾਮ ਹੋਣ ਲਈ ਸਰਾਪੀ ਜਿਹੀ ਹੋ ਗਈ ਹੈ। ਇਸਲਾਮਾਬਾਦ ਵਾਰਤਾ ਦੀ ਨਾਕਾਮੀ ਦੇ ਗੰਭੀਰ ਤਤਕਾਲੀ ਅਤੇ ਦੂਰਗਾਮੀ ਨਤੀਜਿਆਂ ਦਾ ਖ਼ਦਸ਼ਾ ਵਧ ਗਿਆ ਹੈ। ਹਾਲੇ ਜੋ ਜੰਗ ਰੁਕੀ ਹੋਈ ਦਿਸ ਰਹੀ ਹੈ, ਉਹ ਆਉਣ ਵਾਲੇ ਦਿਨਾਂ ਵਿੱਚ ਹੋਰ ਭਿਆਨਕ ਰੂਪ ਧਾਰ ਸਕਦੀ ਹੈ। ਇਸ ਦੇ ਆਰਥਿਕ ਨਤੀਜੇ ਵੀ ਬਹੁਤ ਘਾਤਕ ਹੋ ਸਕਦੇ ਹਨ। ਆਲਮੀ ਊਰਜਾ ਬਾਜ਼ਾਰ ਵਿੱਚ ਇੱਕ ਅਹਿਮ ਕਿਰਦਾਰ ਹੋਰਮੁਜ਼ ਜਲ ਮਾਰਗ ਵਿੱਚ ਰੁਕਾਵਟ ਪੈਣ ਕਾਰਨ ਆਲਮੀ ਅਰਥਚਾਰੇ ਦੀ ਸਿਹਤ ਵਿਗੜ ਸਕਦੀ ਹੈ। ਇਸ ਨਾਲ ਜਹਾਜ਼ਾਂ ਰਾਹੀਂ ਢੁਆਈ ਮਹਿੰਗੀ ਹੋਣ ਦੇ ਨਾਲ ਹੀ ਤੇਲ ਦੀਆਂ ਕੀਮਤਾਂ ਵਿੱਚ ਵੀ ਵਾਧਾ ਹੋਵੇਗਾ ਅਤੇ ਮਹਿੰਗਾਈ ਦਾ ਦਬਾਅ ਵੀ ਅਸਰ ਦਿਖਾਵੇਗਾ।

ਪਹਿਲਾਂ ਤੋਂ ਹੀ ਨਾਜ਼ੁਕ ਦੌਰ ’ਚੋਂ ਗੁਜ਼ਰ ਰਹੀ ਆਲਮੀ ਅਰਥ-ਵਿਵਸਥਾ ਲਈ ਇਹ ਹੋਰ ਵੱਡਾ ਝਟਕਾ ਹੋਵੇਗਾ। ਵਾਰਤਾ ਦੀ ਨਾਕਾਮੀ ਇਰਾਨ ਦੇ ਰਾਜਨੀਤਕ ਅਤੇ ਰਣਨੀਤਕ ਭਵਿੱਖ ਨੂੰ ਵੀ ਨਵਾਂ ਆਕਾਰ ਦੇ ਸਕਦੀ ਹੈ। ਪਾਬੰਦੀਆਂ ਤੋਂ ਰਾਹਤ ਨਾ ਮਿਲਣਾ ਇਰਾਨ ਦੀਆਂ ਆਰਥਿਕ ਚੁਣੌਤੀਆਂ ਨੂੰ ਹੋਰ ਵਧਾਵੇਗਾ ਜਿਸ ਨਾਲ ਘਰੇਲੂ ਸਥਿਰਤਾ ਬਣਾਈ ਰੱਖਣ ਦੀਆਂ ਮੌਜੂਦਾ ਸ਼ਾਸਨ ਦੀਆਂ ਸਮਰੱਥਾਵਾਂ ’ਤੇ ਭਾਰੀ ਦਬਾਅ ਪਵੇਗਾ।

ਇਹ ਕੂਟਨੀਤਕ ਅਸਫਲਤਾ ਇਰਾਨ ਵਿਚ ਕੱਟੜਪੰਥੀ ਤਾਕਤਾਂ ਨੂੰ ਹੋਰ ਮਜ਼ਬੂਤ ਕਰ ਸਕਦੀ ਹੈ ਜੋ ਇਹ ਦਲੀਲ ਦੁਹਰਾਉਣਗੇ ਕਿ ਪੱਛਮ ਨਾਲ ਜੁੜਨ ’ਤੇ ਕੋਈ ਹਕੀਕੀ ਲਾਭ ਸੰਭਵ ਨਹੀਂ ਹੈ। ਇਹ ਸਥਿਤੀ ਇਰਾਨ ਵਿੱਚ ਟਕਰਾਅ ਵਧਾਉਣ ਦਾ ਕੰਮ ਕਰੇਗੀ, ਜਿਸ ਵਿੱਚ ਉਸ ਦੀਆਂ ਪਰਮਾਣੂ ਕਾਬਲੀਅਤਾਂ ਨੂੰ ਲੈ ਕੇ ਯਤਨ ਵਧਣਗੇ ਅਤੇ ਕੌਮਾਂਤਰੀ ਨਿਗਰਾਨੀ ਤੰਤਰ ਨਾਲ ਸਹਿਯੋਗ ਘਟੇਗਾ। ਖੇਤਰੀ ਪੱਧਰ ’ਤੇ ਵੀ ਇਸ ਦੇ ਡੂੰਘੇ ਸਵਾਰਥ ਹੋਣਗੇ। ਇਸ ਵਿੱਚ ਇਹ ਖ਼ਦਸ਼ਾ ਹੈ ਕਿ ਹਿਜ਼ਬੁੱਲਾ ਵਰਗੇ ਨਵੇਂ ਸਹਿਯੋਗੀ ਸੰਗਠਨ ਸੰਘਰਸ਼ ਵਿੱਚ ਉਤਰ ਕੇ ਅਸਥਿਰਤਾ ਅਤੇ ਬਦਅਮਨੀ ਦਾ ਭੂਗੋਲਿਕ ਦਾਇਰਾ ਵਧਾ ਸਕਦੇ ਹਨ। ਕੁੱਲ ਮਿਲਾ ਕੇ, ਇਸਲਾਮਾਬਾਦ ਵਾਰਤਾ ਦੀ ਨਾਕਾਮੀ ਉਹੀ ਪੁਰਾਣੀ ਰਵਾਇਤ ਨੂੰ ਹੀ ਦੁਹਰਾਉਂਦੀ ਹੈ ਕਿ ਜਿੱਥੇ ਕੂਟਨੀਤੀ ਟਕਰਾਅ ਨੂੰ ਵਧਾਉਣ ਵਾਲੇ ਪਹਿਲੂਆਂ ਨਾਲ ਤਾਲਮੇਲ ਨਹੀਂ ਬਿਠਾ ਪਾਉਂਦੀ।

ਵਿਸ਼ਵ ਆਰਥਿਕਤਾ ਨੂੰ ਪ੍ਰਭਾਵਿਤ ਕਰਦਾ ਹੈ ‘ਬਾਬ ਅਲ-ਮੰਦਬ’ ਮਾਰਗ

ਗੁਰ ਕ੍ਰਿਪਾਲ ਸਿੰਘ ਅਸ਼ਕ

ਮੱਧ ਪੂਰਬ ਵਿੱਚ ਚੱਲ ਰਹੀ ਜੰਗ ਦੌਰਾਨ ਬਾਬ ਅਲ-ਮੰਦਬ ਮਾਰਗ ਸਭ ਤੋਂ ਵੱਧ ਚਰਚਾ ਦਾ ਮੁੱਦਾ ਬਣਿਆ ਹੋਇਆ ਹੈ। ਇਰਾਨ ਵੱਲੋਂ ਇਹ ਸੰਕੇਤ ਦਿੱਤੇ ਗਏ ਹਨ ਕਿ ਜੇਕਰ ਅਮਰੀਕਾ ਨਾਲ ਤਣਾਅ ਵਧਦਾ ਹੈ ਤਾਂ ਉਹ ਇਸ ਖੇਤਰ ਵਿੱਚ ਆਪਣੇ ਪ੍ਰਭਾਵ, ਖ਼ਾਸ ਕਰਕੇ ਹੂਤੀ ਅੰਦੋਲਨਕਾਰੀਆਂ ਜ਼ਰੀਏ ਵਿਸ਼ਵ ਵਪਾਰ ਅਤੇ ਊਰਜਾ ਸਪਲਾਈ ਵਿੱਚ ਰੁਕਾਵਟ ਖੜ੍ਹੀ ਕਰ ਸਕਦਾ ਹੈ। ਅੱਜ ਵਿਸ਼ਵ ਸ਼ਕਤੀਆਂ ਦੇ ਵਿਚਕਾਰ ‘ਸ਼ਤਰੰਜ ਦੀ ਬਾਜ਼ੀ’ ਦਾ ਕੇਂਦਰ ਬਣਿਆ ਹੋਇਆ ਇਹ ਮਾਰਗ ਦਰਸਾਉਂਦਾ ਹੈ ਕਿ ਕਿਵੇਂ ਇੱਕ ਛੋਟਾ ਜਿਹਾ ਸਮੁੰਦਰੀ ਰਸਤਾ ਪੂਰੀ ਦੁਨੀਆ ਦੀ ਸਿਆਸਤ ਤੇ ਆਰਥਿਕਤਾ ਨੂੰ ਪ੍ਰਭਾਵਿਤ ਕਰ ਸਕਦਾ ਹੈ। ਲਗਪਗ 10 ਤੋਂ 12% ਵਿਸ਼ਵ ਵਪਾਰ, ਖ਼ਾਸ ਤੌਰ ’ਤੇ ਸਵੇਜ਼ ਨਹਿਰ ਰਾਹੀਂ ਹੋਣ ਵਾਲਾ, ਇਸ ਲਾਂਘੇ ਨਾਲ ਜੁੜਿਆ ਹੋਇਆ ਹੈ। ਹਾਲਾਂਕਿ ਇਰਾਨ ਬਾਬ ਅਲ-ਮੰਦਬ ਦੀ ਸਰਹੱਦ ਨਾਲ ਨਹੀਂ ਲੱਗਦਾ ਪਰ ਇਲਾਕਾ ਹੂਤੀ ਅੰਦੋਲਨਕਾਰੀਆਂ ਦੇ ਪ੍ਰਭਾਵ ਹੇਠ ਹੈ ਜਿਨ੍ਹਾਂ ਨਾਲ ਇਰਾਨ ਦੇ ਗਹਿਰੇ ਸਬੰਧ ਹਨ।

ਇਸ ਤੋਂ ਇਲਾਵਾ ਇਹ ਇਲਾਕਾ ਸਿੱਧੇ ਤੌਰ ’ਤੇ ਇਰਾਨੀ ਮਿਜ਼ਾਈਲਾਂ ਦੀ ਮਾਰ ਹੇਠ ਹੈ। ਲਾਲ ਸਾਗਰ ਨੂੰ ਅਦਨ ਦੀ ਖਾੜੀ ਅਤੇ ਹਿੰਦ ਮਹਾਸਾਗਰ ਨਾਲ ਜੋੜਨ ਵਾਲਾ ਇਹ ਜਲ ਡਮਰੂ ਉੱਤਰ-ਪੂਰਬ ਵਿੱਚ ਯਮਨ (ਏਸ਼ੀਆ) ਅਤੇ ਦੱਖਣ-ਪੱਛਮ ਵਿੱਚ ਜਿਬੂਤੀ ਅਤੇ ਇਰੀਟ੍ਰੀਆ (ਅਫ਼ਰੀਕਾ) ਵਿਚਕਾਰ ਸਥਿਤ ਹੈ। ਇਸ ਜਲ ਡਮਰੂ ਦੀ ਚੌੜਾਈ ਸਭ ਤੋਂ ਤੰਗ ਬਿੰਦੂ ’ਤੇ ਲਗਪਗ 29 ਤੋਂ 32 ਕਿੱਲੋਮੀਟਰ ਮੰਨੀ ਜਾਂਦੀ ਹੈ। ਇਸ ਦੇ ਵਿਚਕਾਰ ਸਥਿਤ ‘ਪੇਰੀਮ ਟਾਪੂ’ ਇਸ ਨੂੰ ਦੋ ਹਿੱਸਿਆਂ ਵਿੱਚ ਵੰਡਦਾ ਹੈ। ਇਸ ਦਾ ਪੂਰਬੀ ਚੈਨਲ, ਬਾਬ ਲਗਪਗ 3 ਕਿੱਲੋਮੀਟਰ ਚੌੜਾ ਅਤੇ ਘੱਟ ਡੂੰਘਾ ਹੈ। ਇਸ ਦਾ ਪੱਛਮੀ ਚੈਨਲ ਜੋ ਡਾਕਟ-ਅਲ-ਮਾਯੂਨ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ, ਲਗਪਗ 25 ਤੋਂ 26 ਕਿੱਲੋਮੀਟਰ ਚੌੜਾ ਹੈ ਅਤੇ ਵੱਧ ਡੂੰਘਾ ਹੈ ਜਿਸ ਦੀ ਵਰਤੋਂ ਵੱਡੇ ਅੰਤਰਰਾਸ਼ਟਰੀ ਜਹਾਜ਼ ਕਰਦੇ ਹਨ। ਪੂਰੀ ਦੁਨੀਆ ਦੀ ਆਰਥਿਕਤਾ ਲਈ ਸੰਵੇਦਨਸ਼ੀਲ ਮੰਨੇ ਜਾਣ ਵਾਲੇ ‘ਬਾਬ ਅਲ-ਮੰਦਬ’ ਦਾ ਅਰਬੀ ਭਾਸ਼ਾ ਵਿੱਚ ਅਰਥ ਹੀ ‘ਹੰਝੂਆਂ ਦਾ ਦਰਵਾਜ਼ਾ’ ਜਾਂ ‘ਅਫ਼ਸੋਸ ਦਾ ਦਰਵਾਜ਼ਾ’ ਹੈ। ਪੁਰਾਣੇ ਸਮਿਆਂ ਵਿੱਚ, ਇਸ ਜਲ ਡਮਰੂ ਵਿੱਚੋਂ ਗੁਜ਼ਰਨਾ ਬਹੁਤ ਖ਼ਤਰਨਾਕ ਮੰਨਿਆ ਜਾਂਦਾ ਸੀ ਕਿਉਂਕਿ ਇੱਥੇ ਤੇਜ਼ ਸਮੁੰਦਰੀ ਕਰੰਟ ਅਤੇ ਪਾਣੀ ਦੇ ਅੰਦਰ ਚੱਟਾਨਾਂ ਅਤੇ ਰੇਤ ਦੇ ਟਿੱਲਿਆਂ ਕਾਰਨ ਜਹਾਜ਼ੀ ਹਾਦਸੇ ਵੀ ਹੁੰਦੇ ਰਹੇ ਹਨ। ਜਹਾਜ਼ ਡੁੱਬਣ ਕਾਰਨ ਹੋਣ ਵਾਲੀਆਂ ਮੌਤਾਂ ਅਤੇ ਨੁਕਸਾਨ ਨਾਲ ਜੋੜ ਕੇ ਇਸ ਨਾਂਅ ਦੀ ਵਿਆਖਿਆ ਕੀਤੀ ਜਾਂਦੀ ਹੈ। ਅਰਬੀ ਦੰਦ ਕਥਾਵਾਂ ਅਨੁਸਾਰ ਕਿਸੇ ਸਮੇਂ ਆਏ ਇੱਕ ਬਹੁਤ ਭਿਆਨਕ ਭੂਚਾਲ ਕਾਰਨ ਏਸ਼ੀਆ ਤੇ ਅਫ਼ਰੀਕਾ ਮਹਾਦੀਪ ਇੱਕ-ਦੂਜੇ ਤੋਂ ਵੱਖ ਹੋ ਗਏ ਸਨ। ਮੰਨਿਆ ਜਾਂਦਾ ਹੈ ਕਿ ਇਸ ਕੁਦਰਤੀ ਆਫ਼ਤ ਦੌਰਾਨ ਹਜ਼ਾਰਾਂ ਲੋਕ ਪਾਣੀ ਵਿੱਚ ਡੁੱਬ ਗਏ ਸਨ। ਉਨ੍ਹਾਂ ਮਰਨ ਵਾਲਿਆਂ ਦੇ ਪਰਿਵਾਰਾਂ ਦੇ ਰੋਣ ਅਤੇ ਹੰਝੂਆਂ ਕਾਰਨ ਇਸ ਥਾਂ ਦਾ ਨਾਂਅ ਇਹ ਪੈ ਗਿਆ। ਵਿਸ਼ਵ ਰਾਜਨੀਤੀ ਅਤੇ ਆਰਥਿਕਤਾ ਲਈ ਬਹੁਤ ਮਹੱਤਤਾ ਰੱਖਣ ਵਾਲਾ ਇਹ ਮਾਰਗ ਯੂਰਪ ਅਤੇ ਏਸ਼ੀਆ ਦੇ ਵਿਚਕਾਰ ਇੱਕ ਮਹੱਤਵਪੂਰਨ ਸਮੁੰਦਰੀ ਰਸਤਾ ਹੈ। ਸਵੇਜ਼ ਨਹਿਰ ਰਾਹੀਂ ਹੋਣ ਵਾਲਾ ਵੱਡਾ ਹਿੱਸਾ ਵਪਾਰ ਇਸੇ ਰਸਤੇ ਨਾਲ ਜੁੜਿਆ ਹੋਇਆ ਹੈ। ਕਿਹਾ ਜਾਂਦਾ ਹੈ ਕਿ ਜੇਕਰ ਸਵੇਜ਼ ਨਹਿਰ ਨੂੰ ਇੱਕ ‘ਦਰਵਾਜ਼ਾ’ ਮੰਨਿਆ ਜਾਵੇ, ਤਾਂ ਬਾਬ ਅਲ-ਮੰਦਬ ਉਸ ਦਰਵਾਜ਼ੇ ਤੱਕ ਪਹੁੰਚਣ ਵਾਲੀ ‘ਚਾਬੀ’ ਹੈ। ਇਸ ਤੋਂ ਬਿਨਾਂ ਭੂ-ਮੱਧ ਸਾਗਰ ਅਤੇ ਹਿੰਦ ਮਹਾਸਾਗਰ ਵਿਚਕਾਰ ਸਿੱਧਾ ਸਮੁੰਦਰੀ ਸੰਪਰਕ ਪ੍ਰਭਾਵਿਤ ਹੋ ਸਕਦਾ ਹੈ। ਖਾੜੀ ਦੇਸ਼ਾਂ ਤੋਂ ਯੂਰਪ ਅਤੇ ਅਮਰੀਕਾ ਜਾਣ ਵਾਲੇ ਕੱਚੇ ਤੇਲ ਅਤੇ ਪੈਟਰੋਲੀਅਮ ਉਤਪਾਦਾਂ ਦਾ ਵੱਡਾ ਹਿੱਸਾ ਇੱਥੋਂ ਹੀ ਲੰਘਦਾ ਹੈ। ਇਸ ਸਮੇਂ ਹੋਰਮੁਜ਼ ਦੇ ਹਾਲਾਤ ਕਾਰਨ ਵੀ ਇਸ ਮਾਰਗ ਦੀ ਅਹਿਮੀਅਤ ਹੋਰ ਵੱਧ ਚਰਚਾ ਵਿੱਚ ਰਹਿੰਦੀ ਹੈ।

ਇਸ ਦੀ ਸਥਿਤੀ ਅਜਿਹੀ ਹੈ ਕਿ ਜੇਕਰ ਕੋਈ ਦੇਸ਼ ਜਾਂ ਸੰਗਠਨ ਇਸ ਰਸਤੇ ਨੂੰ ਪੂਰੀ ਤਰ੍ਹਾਂ ਰੋਕ ਦੇਵੇ ਤਾਂ ਵਿਸ਼ਵ ਦੀ ਸਪਲਾਈ ਚੇਨ ਪ੍ਰਭਾਵਿਤ ਹੋ ਸਕਦੀ ਹੈ ਅਤੇ ਤੇਲ ਦੀਆਂ ਕੀਮਤਾਂ ਵਿੱਚ ਤੇਜ਼ ਉਤਰਾਅ-ਚੜ੍ਹਾਅ ਆ ਸਕਦਾ ਹੈ। ਸਮੁੰਦਰੀ ਡਾਕੂਆਂ ਅਤੇ ਖੇਤਰੀ ਯੁੱਧਾਂ, ਖ਼ਾਸ ਕਰਕੇ ਯਮਨ ਸੰਕਟ ਕਾਰਨ ਇਹ ਖੇਤਰ ਅੰਤਰਰਾਸ਼ਟਰੀ ਸੁਰੱਖਿਆ ਏਜੰਸੀਆਂ ਦੀ ਨਿਗਰਾਨੀ ਹੇਠ ਰਹਿੰਦਾ ਹੈ। ਹਰ ਸਾਲ ਇਸ ਰਸਤੇ ਰਾਹੀਂ ਲਗਪਗ 700 ਬਿਲੀਅਨ ਤੋਂ 1 ਟ੍ਰਿਲੀਅਨ ਡਾਲਰ ਤੱਕ ਦਾ ਸਾਮਾਨ ਗੁਜ਼ਰਦਾ ਮੰਨਿਆ ਜਾਂਦਾ ਹੈ। ਆਮ ਹਾਲਾਤ ਵਿਚ ਰੋਜ਼ਾਨਾ ਲਗਪਗ 50 ਤੋਂ 60 ਵੱਡੇ ਵਪਾਰਕ ਜਹਾਜ਼ ਇੱਥੋਂ ਗੁਜ਼ਰਦੇ ਹਨ ਅਤੇ ਸਾਲਾਨਾ ਲਗਪਗ 20,000 ਤੋਂ 22,000 ਜਹਾਜ਼ ਇਸ ਰਸਤੇ ਦੀ ਵਰਤੋਂ ਕਰਦੇ ਹਨ। ਹਾਲੀਆ ਸਾਲਾਂ ’ਚ ਲਾਲ ਸਾਗਰ ਵਿੱਚ ਵਧੇ ਤਣਾਅ ਅਤੇ ਹਮਲਿਆਂ ਕਾਰਨ ਕਈ ਵਾਰ ਜਹਾਜ਼ਾਂ ਦੀ ਗਿਣਤੀ ਵਿੱਚ ਕਾਫ਼ੀ ਕਮੀ ਦਰਜ ਕੀਤੀ ਗਈ ਹੈ ਤੇ ਕੁਝ ਸਮਿਆਂ ਵਿੱਚ ਇਹ ਗਿਣਤੀ ਘਟ ਕੇ ਲਗਪਗ 20 ਤੋਂ 30 ਜਹਾਜ਼ ਪ੍ਰਤੀ ਦਿਨ ਤੱਕ ਰਹਿ ਜਾਂਦੀ ਹੈ ਕਿਉਂਕਿ ਕਈ ਕੰਪਨੀਆਂ ਆਪਣੇ ਜਹਾਜ਼ਾਂ ਨੂੰ ਅਫ਼ਰੀਕਾ ਦੇ ਦੂਰਲੇ ਰਸਤੇ ਰਾਹੀਂ ਭੇਜ ਰਹੀਆਂ ਹਨ। ਇਸ ਰਸਤੇ ਤੋਂ ਰੋਜ਼ਾਨਾ ਲਗਪਗ 4.5 ਤੋਂ 5 ਮਿਲੀਅਨ ਬੈਰਲ ਤੇਲ ਅਤੇ ਹੋਰ ਪੈਟਰੋਲੀਅਮ ਉਤਪਾਦ ਲੰਘਦੇ ਹਨ। ਇਸ ਵਿੱਚ ਖਾੜੀ ਦੇਸ਼ਾਂ ਤੋਂ ਯੂਰਪ ਅਤੇ ਹੋਰ ਬਾਜ਼ਾਰਾਂ ਵੱਲ ਜਾਣ ਵਾਲਾ ਕੱਚਾ ਤੇਲ, ਡੀਜ਼ਲ, ਪੈਟਰੋਲ, ਜੈੱਟ ਫਿਊਲ ਅਤੇ ਤਰਲ ਕੁਦਰਤੀ ਗੈਸ ਸ਼ਾਮਲ ਹੁੰਦੇ ਹਨ। ਚੀਨ, ਜਾਪਾਨ, ਦੱਖਣੀ ਕੋਰੀਆ ਅਤੇ ਹੋਰ ਏਸ਼ਿਆਈ ਦੇਸ਼ਾਂ ਤੋਂ ਯੂਰਪ ਅਤੇ ਅਫ਼ਰੀਕਾ ਵੱਲ ਜਾਣ ਵਾਲਾ ਵੱਡਾ ਉਦਯੋਗਿਕ ਤੇ ਇਲੈਕਟ੍ਰਾਨਿਕ ਸਾਮਾਨ ਵੀ ਇਸੇ ਰਸਤੇ ਰਾਹੀਂ ਲੰਘਦਾ ਹੈ। ਇਹ ਰਸਤਾ ਵਿਸ਼ਵ ਦੀ ਭੋਜਨ ਸੁਰੱਖਿਆ ਲਈ ਵੀ ਕਾਫ਼ੀ ਅਹਿਮ ਹੈ। ਯੂਕਰੇਨ ਅਤੇ ਰੂਸ ਤੋਂ ਵੱਖ-ਵੱਖ ਖੇਤਰਾਂ ਵੱਲ ਜਾਣ ਵਾਲੇ ਅਨਾਜ, ਭਾਰਤ ਤੋਂ ਯੂਰਪ ਜਾਣ ਵਾਲੇ ਬਾਸਮਤੀ ਚੌਲ, ਚਾਹ, ਕੌਫ਼ੀ, ਮਸਾਲੇ ਅਤੇ ਹੋਰ ਦੇਸ਼ਾਂ ਤੋਂ ਆਉਣ ਵਾਲੀਆਂ ਖ਼ੁਰਾਕੀ ਵਸਤਾਂ ਦੀ ਆਵਾਜਾਈ ਲਈ ਇਹ ਮਹੱਤਵਪੂਰਨ ਮਾਰਗ ਹੈ। ਭਾਰਤ, ਬੰਗਲਾਦੇਸ਼ ਅਤੇ ਵੀਅਤਨਾਮ ਤੋਂ ਯੂਰਪੀ ਬਾਜ਼ਾਰਾਂ ਵੱਲ ਜਾਣ ਵਾਲਾ ਕੱਪੜਿਆਂ ਅਤੇ ਜੁੱਤੀਆਂ ਦਾ ਵੱਡਾ ਹਿੱਸਾ ਵੀ ਇਸੇ ਰਸਤੇ ਰਾਹੀਂ ਜਾਂਦਾ ਹੈ।

ਇਸ ਰਸਤੇ ਦੀ ਰਣਨੀਤਕ ਮਹੱਤਤਾ ਕਾਰਨ ਕਈ ਦੇਸ਼ਾਂ ਦੇ ਫ਼ੌਜੀ ਸਾਜ਼-ਸਾਮਾਨ ਦੀ ਆਵਾਜਾਈ ਵੀ ਇੱਥੋਂ ਹੁੰਦੀ ਰਹਿੰਦੀ ਹੈ। ਹੂਤੀ ਹਮਲਿਆਂ ਕਾਰਨ ਕੁਝ ਸਮਿਆਂ ਵਿਚ ਕੰਟੇਨਰ ਸ਼ਿਪਿੰਗ ਵਿਚ ਵੱਡੀ ਕਮੀ ਦਰਜ ਕੀਤੀ ਗਈ ਹੈ ਅਤੇ ਕਈ ਰਿਪੋਰਟਾਂ ਵਿਚ ਇਸ ਦਾ 50 ਤੋਂ 70 ਪ੍ਰਤੀਸ਼ਤ ਤੱਕ ਘਟਣਾ ਦੱਸਿਆ ਗਿਆ ਹੈ, ਹਾਲਾਂਕਿ ਇਹ ਸਥਿਤੀ ਸਮੇਂ ਦੇ ਨਾਲ ਬਦਲਦੀ ਰਹਿੰਦੀ ਹੈ।

(ਬਾਕੀ ਸਫ਼ਾ 27 ’ਤੇ)

ਬੇਸਿੱਟਾ ਵਾਰਤਾ ਮਗਰੋਂ ਅਮਰੀਕਾ ਵੱਲੋਂ ਇਰਾਨ ਦੀ ਨਾਕੇਬੰਦੀ



ਡਾ. ਸੁਰਿੰਦਰ ਮੰਡ

ਗੋਲੀਬੰਦੀ ਤੋਂ ਬਾਅਦ ਇਸਲਾਮਾਬਾਦ ਵਿੱਚ ਅਮਰੀਕਾ ਅਤੇ ਇਰਾਨ ਦਰਮਿਆਨ ਜੋ ਪਹਿਲੀ ਸਿੱਧੀ ਸਮਝੌਤਾ ਵਾਰਤਾ ਪਿਛਲੇ ਦਿਨੀਂ 21 ਘੰਟੇ ਚੱਲੀ, ਕਈ ਕਾਰਨਾਂ ਕਰਕੇ ਬੇਨਤੀਜਾ ਰਹੀ ਅਤੇ ਬਖੇੜਾ ਵਧ ਗਿਆ ਹੈ।

ਅਮਰੀਕਾ ਵੱਲੋਂ ਵਾਈਸ ਪ੍ਰੈਜ਼ੀਡੈਂਟ ਜੇ.ਡੀ.ਵੈਂਸ, ਟਰੰਪ ਦਾ ਜਵਾਈ ਜੇਰਾਲਡ ਕੁਸ਼ਨਰ ਅਤੇ ਟਰੰਪ ਦੇ ਵਿਸ਼ੇਸ਼ ਦੂਤ ਵਿਟਕੌਫ਼ ਨੇ ਅਗਵਾਈ ਕੀਤੀ। ਦੂਜੇ ਪਾਸੇ ਇਰਾਨ ਵੱਲੋਂ ਵਿਦੇਸ਼ ਮੰਤਰੀ ਅਰਾਗ਼ਚੀ, ਸੰਸਦ ਦੇ ਸਪੀਕਰ ਕਾਲੀਬਾਫ਼ ਸਮੇਤ 60 ਮੈਂਬਰੀ ਡੈਲੀਗੇਸ਼ਨ ਸੀ। ਅਮਰੀਕੀ ਡੈਲੀਗੇਸ਼ਨ ਪਲ ਪਲ ਦੀ ਜਾਣਕਾਰੀ ਟਰੰਪ ਨਾਲ ਸਾਂਝੀ ਕਰ ਰਿਹਾ ਸੀ। ਜਦਕਿ ਇਰਾਨੀ ਡੈਲੀਗੇਸ਼ਨ ਨੂੰ ਸਮਝੌਤਾ ਕਰਨ ਜਾਂ ਨਾ ਕਰਨ ਦੇ ਪੂਰੇ ਅਧਿਕਾਰ ਦੇ ਕੇ ਭੇਜਿਆ ਗਿਆ, ਤਾਂ ਕਿ ਵਾਰ ਵਾਰ ਫੋਨ ਤੋਂ ਲੋਕੇਸ਼ਨ ਲੱਭ ਕੇ ਅਮਰੀਕਾ ਇਜ਼ਰਾਇਲ ਮੁਜ਼ਤਬਾ ਖੁਮੇਨਾਈ ਉੱਤੇ ਹਮਲਾ ਨਾ ਕਰ ਦੇਣ। ਇਰਾਨ ਦਾ ਸਪੀਕਰ ਆਪਣੇ ਜਹਾਜ਼ ਦੀਆਂ 168 ਸੀਟਾਂ ਉੱਤੇ ਉਹਨਾਂ ਛੋਟੀਆਂ ਬੱਚੀਆਂ ਦੀਆਂ ਤਸਵੀਰਾਂ ਅਤੇ ਖ਼ੂਨ ਨਾਲ ਲਥਪਥ ਸਕੂਲ ਬੈਗ ਰੱਖ ਕੇ ਲਿਆਇਆ, ਜਿਨ੍ਹਾਂ ਨੂੰ ਹਮਲੇ ਦੇ ਪਹਿਲੇ ਦਿਨ ਹੀ ਮਾਰ ਦਿੱਤਾ ਗਿਆ ਸੀ।

ਇਰਾਨੀ ਡੈਲੀਗੇਸ਼ਨ ਨੇ ਆਪਣਾ ਨਾਮ ਉਹਨਾਂ ਬੱਚੀਆਂ ਦੇ ਸਕੂਲ 'ਮੀਨਾਬ' ਦੇ ਨਾਮ ਉੱਤੇ 'ਮੀਨਾਬ 168' ਰੱਖਿਆ।

ਗੱਲਬਾਤ ਇਰਾਨ ਵੱਲੋਂ ਰੱਖੀਆਂ ਦਸ ਸ਼ਰਤਾਂ ਉੱਤੇ ਹੋ ਰਹੀ ਸੀ। ਬਹੁਤੇ ਮੁੱਦਿਆਂ ਉੱਤੇ ਸਹਿਮਤੀ ਦੀਆਂ ਕਨਸੋਆਂ ਸਨ। ਪਰ ਅਖੀਰੀ ਗੱਲਬਾਤ ਅਸਫ਼ਲ ਰਹੀ।

ਵਾਪਸੀ ਉੱਤੇ ਵੈਂਸ ਨੇ ਆਖਿਆ ਕਿ ਇਰਾਨ ਨੇ ਸਾਡੀਆਂ ਸ਼ਰਤਾਂ ਨਹੀਂ ਮੰਨੀਆਂ। ਬੁਰਾ ਹੋਇਆ, ਲੇਕਿਨ ਇਹ ਇਰਾਨ ਲਈ ਜ਼ਿਆਦਾ ਬੁਰਾ ਹੋਵੇਗਾ। ਇਹ ਧਮਕੀ ਸੀ। ਇਰਾਨੀ ਵਿਦੇਸ਼ ਮੰਤਰੀ ਅਰਾਗ਼ਚੀ ਨੇ ਆਖਿਆ ਕਿ ਅਮਰੀਕਾ ਜੋ ਸਾਡੇ ਕੋਲੋਂ ਹਮਲਾ ਕਰਕੇ ਨਹੀਂ ਖੋਹ ਸਕਿਆ, ਉਹ ਗੱਲਬਾਤ ਨਾਲ ਖੋਹਣਾ ਚਾਹੁੰਦਾ ਸੀ। ਇਸ ਪਹਿਲੀ ਮੀਟਿੰਗ ਵਿੱਚ ਦੋਵਾਂ ਨੇ ਇੱਕ ਦੂਜੇ ਨੂੰ ਟੋਹਿਆ ਹੈ। ਵਿਗੜੀ ਗੱਲਬਾਤ ਤੋਂ ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨਨੇਤਨਯਾਹੂ ਪੂਰਾ ਖੁਸ਼ ਹੈ।

ਜਿਨ੍ਹਾਂ ਮੁੱਦਿਆਂ ਉੱਤੇ ਗੱਲਬਾਤ ਟੁੱਟੀ, ਪਹਿਲਾ ਸੀ 'ਹਾਰਮੂਜ਼ ਸਮੁੰਦਰੀ ਲਾਂਘਾ'। ਅਮਰੀਕਾ ਤੁਰੰਤ ਪੂਰੀ ਤਰ੍ਹਾਂ ਲਾਂਘਾ ਖੁਲ੍ਹਵਾਉਣਾ ਚਾਹੁੰਦਾ ਸੀ, ਆਪਣੇ ਜੰਗੀ ਬੇੜਿਆਂ ਸਮੇਤ। ਪਰ ਇਰਾਨ ਏਨੇ ਕੋਲ ਆਪਣੀ ਸੁਰੱਖਿਆ ਦਾ ਹਵਾਲਾ ਦੇ ਕੇ ਓਥੇ ਆਪਣਾ ਮੁਕੰਮਲ ਕੰਟਰੋਲ ਚਾਹੁੰਦਾ ਅਤੇ ਓਮਾਨ ਨਾਲ ਮਿਲ ਕੇ ਟੋਲ ਵਸੂਲੀ ਸਮੇਤ ਆਪਣੀਆਂ ਸ਼ਰਤਾਂ ਉੱਤੇ ਲਾਂਘਾ ਖੋਲ੍ਹਣ ਨੂੰ ਆਪਣਾ ਹੱਕ ਸਮਝਦਾ। ਵੈਸੇ ਵੀ ਲਾਂਘਾ ਤਾਂ ਖੁੱਲ੍ਹਾ ਸੀ, ਇਰਾਨ ਨੇ ਅਮਰੀਕੀ ਹਮਲੇ ਤੋਂ ਬਾਅਦ ਬੰਦ ਕੀਤਾ। ਇਰਾਨ ਦਾ ਕਹਿਣਾ ਹੈ ਕਿ ਫਿਲਹਾਲ ਦੁਸ਼ਮਣ ਦੇਸ਼ਾਂ ਅਤੇ ਉਹਨਾਂ ਦੇ ਹਮਾਇਤੀਆਂ ਨੂੰ ਛੱਡ ਕੇ ਹੋਰ ਸਭਨਾਂ ਦੇ ਵਪਾਰ ਲਈ ਹਾਰਮੂਜ਼ ਖੁੱਲ੍ਹਾ ਹੈ। ਲੇਕਿਨ ਇਸ ਜੰਗੀ ਮਾਹੌਲ ਵਿੱਚ ਕਿਸੇ ਅਮਰੀਕੀ ਯੁੱਧਪੋਤ ਨੂੰ ਹਾਰਮੂਜ਼(ਜੋ ਇਰਾਨੀ ਹੱਦ ਹੈ) ਦੇ ਨੇੜੇ ਆਉਣ ਦੀ ਇਜਾਜ਼ਤ ਨਹੀਂ ਦੇਵੇਗਾ।

ਇਰਾਨ ਪ੍ਰਮਾਣੂ ਬੰਬ ਨਾ ਬਣਾਵੇ, ਇਸ ਮੁੱਦੇ ਉੱਤੇ ਸਮਝੌਤਾ ਤਾਂ ਪਿਛਲੀ ਜੂਨ ਵਾਲੀ ਗੱਲਬਾਤ ਵਿੱਚ ਵੀ ਸੰਭਵ ਸੀ। ਇੱਕ ਤਾਂ ਇਰਾਨ ਨੇ 'ਪ੍ਰਮਾਣੂ ਅਪਸਾਰ ਸੰਧੀ' ਉੱਤੇ ਪਹਿਲਾਂ ਤੋਂ ਹੀ ਦਸਤਖ਼ਤ ਕੀਤੇ ਹੋਏ ਹਨ। ਦੂਜਾ ਇਸ ਬਾਰੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਦੇ ਕਹਿਣ ਮੁਤਾਬਕ ਉਹ ਪਿਛਲੀ ਗੱਲਬਾਤ ਵਿੱਚ ਵੀ ਸਹਿਮਤ ਸੀ। ਪਰ ਸ਼ਾਂਤਮਈ ਮਕਸਦ ਲਈ ਪ੍ਰਮਾਣੂ ਖੋਜ ਵਿਕਾਸ ਦਾ ਤਾਂ ਹਰ ਅਜ਼ਾਦ ਮੁਲਕ ਨੂੰ ਅਧਿਕਾਰ ਹੈ। ਆਪਣੇ ਪ੍ਰਮਾਣੂ ਸੰਸਥਾਨਾਂ ਉੱਤੇ 'ਇੰਟਰਨੈਸ਼ਨਲ ਅਟੌਮਿਕ ਐਨਰਜ਼ੀ ਏਜੰਸੀ' ਦੀ ਨਿਗਰਾਨੀ ਰੱਖਣ ਨੂੰ ਵੀ ਇਰਾਨ ਤਿਆਰ ਸੀ। ਐਪਰ ਅਮਰੀਕਾ ਨੇ ਇਸਲਾਮਾਬਾਦ ਵਿੱਚ ਸ਼ਰਤ ਰੱਖੀ ਕਿ ਸਾਰਾ ਸੋਧਿਆ ਪ੍ਰਮਾਣੂ ਯੂਰੇਨੀਅਮ ਇਰਾਨ ਅਮਰੀਕਾ ਨੂੰ ਸੌਂਪ ਦੇਵੇ, ਅਤੇ ਪ੍ਰਮਾਣੂ ਵਿਕਾਸ ਪ੍ਰੋਗਰਾਮ ਪੂਰੀ ਤਰ੍ਹਾਂ ਬੰਦ ਕਰੇ, ਜਿਸ ਨੂੰ ਇਰਾਨ ਨੇ ਨਹੀਂ ਮੰਨਿਆਂ।

ਮੇਰੀ ਜਾਚੇ ਪ੍ਰਮਾਣੂ ਬੰਬ ਦਾ ਮੁੱਦਾ ਇਰਾਨ ਉੱਤੇ ਹਮਲਾ ਕਰਨ ਦਾ ਮਹਿਜ਼ ਬਹਾਨਾ ਹੈ। ਇਰਾਕ, ਲਿਬੀਆ, ਸੀਰੀਆ, ਵੀਅਤਨਾਮ, ਅਫ਼ਗਾਨਿਸਤਾਨ ਕੋਲ ਤਾਂ ਐਟਮ ਬੰਬ ਨਹੀਂ ਸੀ, ਫਿਰ ਕਿਉਂ ਅਮਰੀਕਾ ਨੇ ਬਰਬਾਦ ਕੀਤੇ ?

ਕਿਊਬਾ, ਗਰੀਨਲੈਂਡ, ਕੈਨੇਡਾ, ਮੈਕਸੀਕੋ, ਕੋਲੰਬੀਆ ਕੋਲ ਕਿਹੜਾ ਐਟਮ ਬੰਬ, ਜਿਨ੍ਹਾਂ ਉੱਤੇ ਅਮਰੀਕਾ ਕਬਜ਼ਾ ਕਰਨ ਨੂੰ ਫਿਰਦਾ ? ਕੀ ਫ਼ਲਸਤੀਨ ਕੋਲ ਐਟਮ ਬੰਬ ਸੀ ? ਵੈਸੇ ਵੀ ਜੇ ਢਾਈ ਸੌ ਸਾਲ ਪਹਿਲਾਂ ਹੋਂਦ ਵਿੱਚ ਆਏ ਅਮਰੀਕਾ

ਇਜ਼ਰਾਇਲ ਵਰਗੇ ਪ੍ਰਮਾਣੂ ਸੰਪੰਨ ਦੁਸ਼ਮਣ ਦੇਸ਼, ਹਜ਼ਾਰਾਂ ਸਾਲ ਪੁਰਾਣੀ ਸਭਿਅਤਾ ਵਾਲੇ ਇਰਾਨ ਦੁਆਲੇ 17 ਫ਼ੌਜੀ ਅੱਡੇ ਬਣਾ ਕੇ ਘੇਰਾ ਪਾਉਣ, ਤਾਂ ਅੱਗੋਂ ਬਰਾਬਰ ਦੇ ਹਥਿਆਰ ਨਾਲ ਬਚਾਅ ਕਰਨ ਤੋਂ ਸਿਵਾ ਉਸ ਕੋਲ ਚਾਰਾ ਵੀ ਕੀ ਹੈ ? ਅਸਲ ਕਹਾਣੀ ਸਾਮਰਾਜੀ ਧੌਂਸ, ਵਿਸਥਾਰ ਅਤੇ ਦੂਜਿਆਂ ਦੀ ਦੌਲਤ ਉੱਤੇ ਕਬਜ਼ਾ ਕਰਨ ਦੀ ਹੈ।

ਗੱਲਬਾਤ ਦੌਰਾਨ ਲਿਬਨਾਨ ਉੱਤੇ ਇਜ਼ਰਾਇਲੀ ਹਮਲਾ ਬੰਦ ਕਰਨ ਨੂੰ ਅਮਰੀਕਾ ਨੇ ਇਹ ਆਖ ਕੇ ਖਾਰਜ ਕੀਤਾ ਕਿ ਗੋਲੀਬੰਦੀ ਵਿੱਚ ਲਿਬਨਾਨ ਦਾ ਜ਼ਿਕਰ ਨਹੀਂ ਹੈ। ਅਸਲ ਵਿੱਚ ਇਸ ਜੰਗ ਦੀ ਆੜ ਵਿੱਚ ਇਜ਼ਰਾਇਲ ਦਾ 'ਗਰੇਟਰ ਇਜ਼ਰਾਇਲ' ਯੋਜਨਾ ਤਹਿਤ ਲਿਬਨਾਨ ਦੇ ਲਿਤਾਨੀ ਦਰਿਆ ਤਕ ਕਬਜ਼ਾ ਕਰਨ ਦਾ ਮਨਸੂਬਾ ਹੈ। ਇਸੇ ਲਈ ਟਰੰਪ ਦੇ ਯਹੂਦੀ ਜਵਾਈ ਕੁਸ਼ਨਰ ਨੇ ਗੱਲਬਾਤ ਦੌਰਾਨ ਨੇਤਨਯਾਹੂ ਨਾਲ ਸਲਾਹ ਕਰਕੇ ਜ਼ਿੱਦ ਫੜੀ ਰੱਖੀ ਕਿ ਲਿਬਨਾਨ ਉੱਤੇ ਹਮਲਾ ਤਾਂ ਜਾਰੀ ਰਹੇਗਾ। ਇਹ ਵੀ ਖ਼ਬਰਾਂ ਹਨ ਕਿ ਜਿੱਦਣ ਜੰਗ ਰੁਕੀ, ਓਸੇ ਦਿਨ ਨੇਤਨਯਾਹੂ ਉੱਤੇ ਕੁਰੱਪਸ਼ਨ ਵਾਲਾ ਮੁਕੱਦਮਾ ਸ਼ੁਰੂ ਹੋ ਜਾਣਾ। ਜਦਕਿ ਇਰਾਨ ਇਕੱਲੀ ਆਪਣੀ ਨਹੀਂ, ਖਿੱਤੇ ਵਿੱਚ ਸੰਪੂਰਨ ਜੰਗਬੰਦੀ, ਸ਼ਾਂਤੀ ਲਈ ਅੜਿਆ ਸੀ। ਗੱਲਬਾਤ ਟੁੱਟਣ ਦੀ ਇਹ ਵੀ ਵੱਡੀ ਵਜਾਹ ਰਹੀ। ਲੈਬਨਾਨੀ ਹਿਜ਼ਬੁੱਲਾ ਨੂੰ ਥੱਲੇ ਲਾਉਣ ਲਈ ਅਮਰੀਕਾ ਇਜ਼ਰਾਇਲ ਲਿਬਨਾਨ ਸਰਕਾਰ ਦਰਮਿਆਨ ਵਾਸ਼ਿੰਗਟਨ ਵਿੱਚ ਅਲੱਗ ਵਾਰਤਾ ਸ਼ੁਰੂ ਵੀ ਹੋ ਗਈ ਹੈ।

ਵਾਰਤਾ ਦੌਰਾਨ ਇਰਾਨ ਦੇ ਫਰੀਜ਼ ਕੀਤੇ ਕਈ ਲੱਖ ਕਰੋੜ ਡਾਲਰਾਂ ਦੇ ਅਸਾਸੇ ਮੋੜਨ ਨੂੰ ਅਮਰੀਕਾ ਨੇ ਪੂਰਨ ਸਮਝੌਤਾ ਹੋ ਜਾਣ ਨਾਲ ਜੋੜਿਆ। ਇਰਾਨ ਨੇ ਨਿਹੱਥਾ ਹੋਣ (ਲੰਮੀ ਦੂਰੀ ਤਕ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਨਾ ਬਣਾਉਣ) ਵਰਗੀ ਕੋਈ ਗ਼ੈਰ ਕਾਨੂੰਨੀ ਸ਼ਰਤ ਨਹੀਂ ਸੀ ਮੰਨਣੀ।

ਇਸਲਾਮਾਬਾਦ ਤੋਂ ਵਾਪਿਸ ਪਹੁੰਚ ਕੇ ਇਰਾਨ ਨੇ ਆਖਿਆ ਹੈ ਕਿ ਸਮਝੌਤਾ ਹੋਣ ਹੀ ਵਾਲਾ ਸੀ, ਅਮਰੀਕਾ ਨੇ ਜਾਣਬੁੱਝ ਕੇ ਨਵੀਆਂ ਸ਼ਰਤਾਂ ਲਾ ਕੇ ਸਾਬੋਤਾਜ ਕੀਤਾ। ਅਮਰੀਕੀ ਧਿਰ ਉੱਤੇ ਇਜ਼ਰਾਇਲ ਦਾ ਦਬਾਅ ਵੀ ਸੀ ਜੋ ਅਮਰੀਕਾ ਨੂੰ ਹਰ ਹਾਲਤ ਵਿੱਚ ਇਰਾਨ ਨਾਲ ਲੜਾਈ ਰੱਖਣਾ ਚਾਹੁੰਦਾ।

ਇੰਝ ਟਰੰਪ ਨੇ ਇਰਾਨ ਦੀ ਮੁਕੰਮਲ ਸਮੁੰਦਰੀ ਨਾਕਾਬੰਦੀ ਕਰ ਦਿੱਤੀ ਹੈ। ਕਿਹਾ ਕਿ ਇਰਾਨੀ ਬੰਦਰਗਾਹਾਂ ਤੋਂ ਜਾਂ ਟੋਲ ਦੇ ਕੇ ਆਉਣ ਜਾਣ ਵਾਲੇ ਕਿਸੇ ਜਹਾਜ਼ ਨੂੰ ਫਾਰਸ,ਉਮਾਨ ਜਾਂ ਅਰਬ ਸਾਗਰ ਤੋਂ ਨਹੀਂ ਲੰਘਣ ਦਿੱਤਾ ਜਾਵੇਗਾ। ਟਰੰਪ ਦਾ ਫੁਰਮਾਨ ਹੈ ਕਿ ਨਾਕਾਬੰਦੀ ਦਾ ਉਲ਼ੰਘਣ ਕਰਨ ਵਾਲੇ ਜਹਾਜ਼ ਉੱਤੇ ਅਮਰੀਕਾ ਹਮਲਾ ਕਰੇਗਾ। ਇਸ ਨਾਲ ਜੰਗ ਦਾ ਦਾਇਰਾ ਵਧਣ ਦੀ ਸੰਭਾਵਨਾ ਬਣ ਗਈ ਹੈ। ਇਉਂ ਚੀਨ ਨਾਲ ਵੀ ਉਲਝਣ ਦੇ ਅਸਾਰ ਹਨ। ਰੂਸ ਨੇ ਤੀਜੀ ਸੰਸਾਰ ਜੰਗ ਲੱਗ ਜਾਣ ਦਾ ਖ਼ਦਸ਼ਾ ਪ੍ਰਗਟ ਕੀਤਾ ਹੈ। ਅਮਰੀਕਾ ਦੀਆਂ ਬੇਨਤੀਆਂ ਦੇ ਬਾਵਜੂਦ ਇਜ਼ਰਾਇਲ ਤੋਂ ਸਿਵਾ ਕਿਸੇ ਮੁਲਕ ਨੇ ਨਾਕਾਬੰਦੀ ਦੀ ਹਮਾਇਤ ਨਹੀਂ ਕੀਤੀ।

ਇਰਾਨ ਅਤੇ ਯਮਨ ਦੇ ਹੂਤੀ ਨੇ ਇਸ ਨਾਕੇਬੰਦੀ ਵਿਰੁੱਧ ਜਵਾਬੀ ਕਾਰਵਾਈ ਕਰਨ ਦਾ ਐਲਾਨ ਕੀਤਾ ਹੈ। ਹੋ ਸਕਦਾ ਇਸ ਵਧੇ ਬਖੇੜੇ ਵਿੱਚ ਯਮਨ ਦੇ ਕੋਲ 'ਬਾਬ ਅਲ ਮੰਦੇਬ' ਸਮੁੰਦਰੀ ਲਾਂਘਾ ਵੀ ਬੰਦ ਹੋ ਜਾਵੇ। ਦਸ ਫੀਸਦੀ ਤੇਲ ਦਾ ਇਹ ਲਾਂਘਾ ਸੁਏਜ਼ ਨਹਿਰ ਰਾਹੀਂ ਲਾਲ ਸਾਗਰ ਨੂੰ ਅਰਬ ਸਾਗਰ ਨਾਲ ਜੋੜਦਾ ਹੈ।

ਦੁਨੀਆਂ ਭਰ ਤੋਂ ਜੰਗ ਰੋਕਣ ਦੀਆਂ ਅਵਾਜ਼ਾਂ ਉੱਠ ਰਹੀਆਂ ਹਨ। ਇਸ ਵਿੱਚ ਪੋਪ ਦੀ ਆਵਾਜ਼ ਵੀ ਸ਼ਾਮਿਲ ਹੈ, ਜੋ ਟਰੰਪ ਹੋਰਾਂ ਦੇ ਹੰਕਾਰ ਨੂੰ ਦੋਸ਼ੀ ਠਹਿਰਾ ਰਿਹਾ।

ਨੇਤਨਯਾਹੂ ਨੇ ਤਾਂ ਇਰਾਨ, ਇਰਾਕ, ਯਮਨ, ਲਿਬਨਾਨ, ਸੀਰੀਆ ਨੂੰ ਆਪਣੇ ਦੁਸ਼ਮਣ ਦੇਸ਼ ਐਲਾਨਦਿਆਂ ਇਹਨਾਂ ਪ੍ਰਤੀ ਹੋਰ ਹਮਲਾਵਰ ਹੋਣ ਦਾ ਅਹਿਦ ਦੁਹਰਾਇਆ ਹੈ। ਟਕਰਾਅ ਸਿਖ਼ਰ ਤੇ ਹੈ। ਇੱਕ ਪਾਸੇ ਦੋ ਫ਼ੌਜੀ ਮਹਾਂਸ਼ਕਤੀਆਂ ਹਨ ਤੇ ਦੂਜੇ ਪਾਸੇ ਇਰਾਨ।

(ਬਾਕੀ ਸਫ਼ਾ 27 'ਤੇ)

ਹੋਰਮੁਜ਼ ਦਾ ਸੰਕਟ: ਡਗਮਗਾਉਂਦੀ ਵਿਸ਼ਵ ਆਰਥਿਕਤਾ

ਡਾ. ਕ੍ਰਿਸ਼ਨ ਲਾਲ

ਹਰਮੁਜ਼ ਦੀ ਖਾੜੀ ਵਿਸ਼ਵ ਦਾ ਸਭ ਤੋਂ ਰਣਨੀਤਕ ਅਤੇ ਮਹੱਤਵਪੂਰਨ ਸਮੁੰਦਰੀ ਮਾਰਗ ਹੈ, ਜੋ ਫਾਰਸ ਦੀ ਖਾੜੀ ਨੂੰ ਓਮਾਨ ਦੀ ਖਾੜੀ ਅਤੇ ਅਰਬ ਸਾਗਰ ਨਾਲ ਜੋੜਦਾ ਹੈ। ਭੂਗੋਲਿਕ ਤੌਰ 'ਤੇ ਇਹ ਰਸਤਾ ਕਾਫ਼ੀ ਤੰਗ ਹੈ। ਇਸਦੀ ਚੌੜਾਈ ਕੁਝ ਸਥਾਨਾਂ 'ਤੇ ਮਹਿਜ਼ 33 ਕਿਲੋਮੀਟਰ ਰਹਿ ਜਾਂਦੀ ਹੈ। ਇਸਦੇ ਬਾਵਜੂਦ ਦੁਨੀਆ ਦਾ ਲਗਭਗ 20% ਤੋਂ 25% ਕੱਚਾ ਤੇਲ ਅਤੇ ਤਰਲ ਕੁਦਰਤੀ ਗੈਸ ਦਾ ਵੱਡਾ ਹਿੱਸਾ ਇਸੇ ਰਸਤੇ ਰਾਹੀਂ ਸਪਲਾਈ ਹੁੰਦਾ ਹੈ। ਆਪਣੀ ਇਸੇ ਅਹਿਮੀਅਤ ਕਾਰਨ ਇਸ ਨੂੰ ਵਿਸ਼ਵ ਦੀ 'ਊਰਜਾ ਸ਼ਾਹ ਰਗ' ਮੰਨਿਆ ਜਾਂਦਾ ਹੈ। ਜੇਕਰ ਕਿਸੇ ਕਾਰਨ ਇਹ ਰਸਤਾ ਬੰਦ ਹੁੰਦਾ ਹੈ ਤਾਂ ਇਹ ਨਾ ਸਿਰਫ ਤੇਲ ਦੀਆਂ ਕੀਮਤਾਂ ਨੂੰ ਅਸਮਾਨੀ ਪਹੁੰਚਾਏਗਾ, ਸਗੋਂ ਸਮੁੱਚੀ ਵਿਸ਼ਵ ਆਰਥਿਕਤਾ ਦੀ ਰਫਤਾਰ ਨੂੰ ਵੀ ਠੱਪ ਕਰ ਸਕਦਾ ਹੈ।

ਪਿਛਲੇ ਦਿਨ ਵਿਸ਼ਵ ਪੱਧਰ 'ਤੇ ਉਸ ਵੇਲੇ ਇੱਕ ਬੇਹੱਦ ਗੰਭੀਰ ਸਥਿਤੀ ਪੈਦਾ ਹੋ ਗਈ ਜਦੋਂ ਅਮਰੀਕੀ ਸੈਂਟਰਲ ਕਮਾਂਡ ਨੇ ਰਾਸ਼ਟਰਪਤੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਇਰਾਨੀ ਬੰਦਰਗਾਹਾਂ ਦੀ ਜਲ ਸੈਨਾ ਰਾਹੀਂ ਸਖ਼ਤ ਨਾਕਾਬੰਦੀ ਸ਼ੁਰੂ ਕਰ ਦਿੱਤੀ। ਅਮਰੀਕਾ ਨੇ ਐਲਾਨ ਕੀਤਾ ਹੈ ਕਿ ਉਹ ਹੋਰਮੁਜ਼ ਦੇ ਰਣਨੀਤਕ ਜਲ-ਮਾਰਗ ਰਾਹੀਂ ਹੋਣ ਵਾਲੀ ਹਰ ਉਸ ਸਮੁੰਦਰੀ ਆਵਾਜਾਈ ਨੂੰ ਰੋਕ ਦੇਵੇਗਾ ਜੋ ਇਰਾਨ ਨੂੰ ਟੈਕਸ ਜਾਂ ਟੋਲ ਅਦਾ ਕਰਦੀ ਹੈ। ਇਸ ਕਾਰਵਾਈ ਨੇ ਖੇਤਰ ਨੂੰ ਇੱਕ ਸਰਗਰਮ ਜੰਗੀ ਜ਼ੋਨ ਵਿੱਚ ਤਬਦੀਲ ਕਰ ਦਿੱਤਾ ਹੈ ਕਿਉਂਕਿ ਅਮਰੀਕਾ ਨੇ ਕਿਸੇ ਵੀ ਦਖ਼ਲਅੰਦਾਜ਼ੀ ਦੀ ਸੂਰਤ ਵਿੱਚ ਸਖ਼ਤ ਫ਼ੌਜੀ ਕਾਰਵਾਈ ਦੀ ਚਿਤਾਵਣੀ ਦਿੱਤੀ ਹੈ। ਦੂਜੇ ਪਾਸੇ ਇਰਾਨ ਨੇ ਵੀ ਹੋਰਮੁਜ਼ ਦੀ ਖਾੜੀ ਵਿੱਚ ਸਮੁੰਦਰੀ ਸੁਰੰਗਾਂ ਵਿਛਾਉਣ ਅਤੇ ਡਰੋਨ ਹਮਲਿਆਂ ਦਾ ਡਰਾਵਾ ਦੇ ਕੇ ਜਵਾਬੀ ਕਾਰਵਾਈ ਦੇ ਸੰਕੇਤ ਦਿੱਤੇ ਹਨ। ਇਹ ਤਣਾਅ ਸਿਰਫ ਫ਼ੌਜੀ ਟਕਰਾਅ ਤਕ ਸੀਮਿਤ ਨਹੀਂ ਰਿਹਾ, ਅਮਰੀਕਾ ਨੇ ਚੀਨ ਨੂੰ ਵੀ ਸਪਸ਼ਟ ਚਿਤਾਵਣੀ ਦਿੱਤੀ ਹੈ ਕਿ ਜੇਕਰ ਉਸਨੇ ਇਰਾਨ ਦੀ ਫ਼ੌਜੀ ਮਦਦ ਕੀਤੀ ਤਾਂ ਉਸ ਉੱਤੇ 50 ਫ਼ੀਸਦੀ ਤਕ ਟੈਰਿਫ ਲਾ ਦਿੱਤੇ ਜਾਣਗੇ। ਇਸਲਾਮਾਬਾਦ ਵਿੱਚ ਹੋਈ ਸ਼ਾਂਤੀ ਵਾਰਤਾ ਦੀ ਨਾਕਾਮੀ ਤੋਂ ਬਾਅਦ ਪੈਦਾ ਹੋਇਆ ਇਹ ਸੰਕਟ ਹੁਣ ਸਮੁੱਚੀ ਵਿਸ਼ਵ ਆਰਥਿਕਤਾ ਅਤੇ ਊਰਜਾ ਸਪਲਾਈ ਲਈ ਇੱਕ ਵੱਡਾ ਖ਼ਤਰਾ ਬਣ ਗਿਆ ਹੈ।

ਅਮਰੀਕਾ ਵੱਲੋਂ ਕੀਤੀ ਗਈ ਨਾਕਾਬੰਦੀ ਦੇ ਜਵਾਬ ਵਿੱਚ ਇਰਾਨ ਨੇ ਬੇਹੱਦ ਸਖ਼ਤ ਰੁਖ਼ ਇਖਤਿਆਰ ਕਰਦਿਆਂ ਚਿਤਾਵਨੀ ਦਿੱਤੀ ਹੈ ਕਿ ਜੇਕਰ ਹੋਰਮੁਜ਼ ਦੀ ਖਾੜੀ ਨੂੰ ਰੋਕਿਆ ਗਿਆ ਤਾਂ ਉਹ ਖਾੜੀ ਖੇਤਰ ਦੀ ਹਰੇਕ ਬੰਦਰਗਾਹ ਨੂੰ ਨਿਸ਼ਾਨਾ ਬਣਾਉਣਗੇ। ਇਰਾਨ ਦੀ ਇਸ ਧਮਕੀ ਨੇ ਫਾਰਸ ਅਤੇ ਓਮਾਨ ਦੀ ਖਾੜੀ ਵਿੱਚ ਸਥਿਤ ਤਮਾਮ ਵਪਾਰਕ ਕੇਂਦਰਾਂ ਲਈ ਖ਼ਤਰਾ ਪੈਦਾ ਕਰ ਦਿੱਤਾ ਹੈ। ਇਸ ਨਾਜ਼ਕ ਮੋੜ 'ਤੇ ਪੱਛਮੀ ਦੇਸ਼ਾਂ ਵਿੱਚ ਵੀ ਮੱਤਭੇਦ ਉੱਭਰ ਕੇ ਸਾਹਮਣੇ ਆਏ ਹਨ। ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਸਾਫ ਕਰ ਦਿੱਤਾ ਹੈ ਕਿ ਉਨ੍ਹਾਂ ਦਾ ਦੇਸ਼ ਇਸ ਅਮਰੀਕੀ ਨਾਕਾਬੰਦੀ ਦਾ ਹਿੱਸਾ ਨਹੀਂ ਬਣੇਗਾ। ਦੂਜੇ ਪਾਸੇ ਭਾਰਤ ਵਿੱਚ ਇਰਾਨ ਦੇ ਰਾਜਦੂਤ ਮੁਹੰਮਦ ਫਤਹਲੀ ਨੇ ਤਹਿਰਾਨ ਅਤੇ ਨਵੀਂ ਦਿੱਲੀ ਵਿਚਕਾਰ ਉਸਾਰੂ ਗੱਲਬਾਤ ਜਾਰੀ ਹੋਣ ਦੀ ਪੁਸ਼ਟੀ ਕੀਤੀ ਹੈ। ਇਸ ਦੌਰਾਨ ਅਮਰੀਕੀ ਸੈਂਟਰਲ ਕਮਾਂਡ ਨੇ ਸਥਿਤੀ ਨੂੰ ਸਪਸ਼ਟ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਦੀ ਕਾਰਵਾਈ ਸਿਰਫ ਇਰਾਨੀ ਹਿਤਾਂ ਤਕ ਸੀਮਿਤ ਹੈ ਅਤੇ ਸਾਊਦੀ ਅਰਬ, ਯੂ.ਏ.ਈ., ਕਤਰ, ਕੁਵੈਤ ਅਤੇ ਇਰਾਕ ਵਰਗੇ ਹੋਰ ਖਾੜੀ ਦੇਸ਼ਾਂ ਦੇ ਸਮੁੰਦਰੀ ਵਪਾਰ ਵਿੱਚ ਕੋਈ ਰੁਕਾਵਟ ਨਹੀਂ ਪਾਈ ਜਾਵੇਗੀ। ਅਮਰੀਕਾ ਦਾ ਇਹ ਬਿਆਨ ਸੰਕੇਤ ਦਿੰਦਾ ਹੈ ਕਿ ਉਹ ਇਰਾਨ ਨੂੰ ਆਰਥਿਕ ਤੌਰ 'ਤੇ ਅਲੱਗ-ਥਲੱਗ ਕਰਨ ਦੀ ਰਣਨੀਤੀ 'ਤੇ ਕੰਮ ਕਰ ਰਿਹਾ ਹੈ, ਜਦੋਂ ਕਿ ਖੇਤਰ ਦੇ ਹੋਰ ਦੇਸ਼ਾਂ ਦੇ ਵਪਾਰਕ ਹਿਤਾਂ ਨੂੰ ਸੁਰੱਖਿਅਤ ਰੱਖਣ ਦਾ ਦਾਅਵਾ ਕਰ ਰਿਹਾ ਹੈ।

ਹੋਰਮੁਜ਼ ਦੀ ਖਾੜੀ ਵਿੱਚ ਪੈਦਾ ਹੋਏ ਇਸ ਫ਼ੌਜੀ ਤਣਾਅ ਨੇ ਅੰਤਰਰਾਸ਼ਟਰੀ ਬਜ਼ਾਰ ਵਿੱਚ ਹਲਚਲ ਮਚਾ ਦਿੱਤੀ ਹੈ, ਜਿਸ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਦੇਖਣ ਨੂੰ ਮਿਲ ਰਿਹਾ ਹੈ। ਬ੍ਰੈਂਟ ਕਰੂਡ ਦੀ ਕੀਮਤ ਪਹਿਲਾਂ ਹੀ 100 ਡਾਲਰ ਪ੍ਰਤੀ ਬੈਰਲ ਦੇ ਅੰਕੜੇ ਨੂੰ ਪਾਰ ਕਰ ਚੁੱਕੀ ਹੈ, ਅਤੇ ਆਰਥਿਕ ਮਾਹਿਰਾਂ ਨੇ ਚਿਤਾਵਣੀ ਦਿੱਤੀ ਹੈ ਕਿ ਜੇਕਰ ਇਹ ਨਾਕਾਬੰਦੀ ਪੂਰਨ ਬੰਦੀ ਵਿੱਚ ਬਦਲਦੀ ਹੈ ਤਾਂ ਤੇਲ ਦੀਆਂ ਕੀਮਤਾਂ 150 ਤੋਂ 200 ਡਾਲਰ ਪ੍ਰਤੀ ਬੈਰਲ ਤਕ ਪਹੁੰਚ ਸਕਦੀਆਂ ਹਨ। ਸੁਰੱਖਿਆ ਖ਼ਤਰਿਆਂ ਦੇ ਮੱਦੇਨਜ਼ਰ ਵੱਡੀਆਂ ਸ਼ਿੱਪਿੰਗ ਕੰਪਨੀਆਂ ਨੇ ਆਪਣੇ ਜਹਾਜ਼ਾਂ ਦੇ ਰਸਤੇ ਬਦਲ ਦਿੱਤੇ ਹਨ, ਜਿਸ ਨਾਲ ਸਮੁੰਦਰੀ ਢੋਆ-ਢੁਆਈ ਦਾ ਖਰਚਾ ਅਤੇ ਸਮਾਂ ਦੋਵੇਂ ਵਧ ਗਏ ਹਨ। ਇਸ ਸੰਕਟ ਦਾ ਸਿੱਧਾ ਅਤੇ ਮਾਰੂ ਅਸਰ ਆਮ ਜਨਤਾ 'ਤੇ ਪੈਣਾ ਸ਼ੁਰੂ ਹੋ ਗਿਆ ਹੈ। ਪੈਟਰੋਲ ਅਤੇ ਡੀਜ਼ਲ ਦੀਆਂ ਵਧਦੀਆਂ ਕੀਮਤਾਂ ਨੇ ਨਾ ਸਿਰਫ ਆਵਾਜਾਈ ਮਹਿੰਗੀ ਕਰ ਦਿੱਤੀ ਹੈ, ਸਗੋਂ ਰੋਜ਼ਾਨਾ ਵਰਤੋਂ ਦੀਆਂ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਨੂੰ ਵੀ ਅਸਮਾਨੀ ਪਹੁੰਚਾ ਦਿੱਤਾ ਹੈ ਜਿਸ ਨਾਲ ਵਿਸ਼ਵ ਪੱਧਰ 'ਤੇ ਮਹਿੰਗਾਈ ਦਾ ਇੱਕ ਨਵਾਂ ਦੌਰ ਸ਼ੁਰੂ ਹੋਣ ਦਾ ਡਰ ਬਣ ਗਿਆ ਹੈ।

ਖਾੜੀ ਖੇਤਰ ਵਿੱਚ ਪੈਦਾ ਹੋਈ ਜੰਗ ਵਰਗੀ ਸਥਿਤੀ ਨੇ ਭਾਰਤ ਲਈ ਇੱਕ ਵੱਡਾ ਸੰਕਟ ਖੜ੍ਹਾ ਕਰ ਦਿੱਤਾ ਹੈ, ਕਿਉਂਕਿ ਭਾਰਤ ਆਪਣੀ ਊਰਜਾ ਲੋੜਾਂ ਦੀ ਪੂਰਤੀ ਲਈ ਵੱਡੇ ਪੱਧਰ 'ਤੇ ਇਨ੍ਹਾਂ ਦੇਸ਼ਾਂ 'ਤੇ ਨਿਰਭਰ ਹੈ। ਆਪਣੀ ਊਰਜਾ ਸੁਰੱਖਿਆ ਅਤੇ ਵਪਾਰਕ ਹਿਤਾਂ ਦੀ ਰਾਖੀ ਲਈ ਭਾਰਤੀ ਜਲ ਸੈਨਾ ਨੇ 'ਆਪ੍ਰੇਸ਼ਨ ਸੰਕਲਪ' ਨੂੰ ਹੋਰ ਤੇਜ਼ ਕਰ ਦਿੱਤਾ ਹੈ, ਤਾਂ ਜੋ ਸਮੁੰਦਰੀ ਮਾਰਗਾਂ ਵਿੱਚ ਭਾਰਤੀ ਜਹਾਜ਼ਾਂ ਦੀ ਸੁਰੱਖਿਅਤ ਆਵਾਜਾਈ ਯਕੀਨੀ ਬਣਾਈ ਜਾ ਸਕੇ। ਕੌਮਾਂਤਰੀ ਪੱਧਰ 'ਤੇ ਭਾਰਤ ਨੇ ਹਮੇਸ਼ਾ ਹੀ ਸਮੁੰਦਰੀ ਆਵਾਜਾਈ ਦੀ ਅਜ਼ਾਦੀ ਦੀ ਪੁਰਜ਼ੋਰ ਵਕਾਲਤ ਕੀਤੀ ਹੈ ਅਤੇ ਮੌਜੂਦਾ ਤਣਾਅ ਨੂੰ ਦੇਖਦਿਆਂ ਦੋਵਾਂ ਧਿਰਾਂ ਨੂੰ ਸੰਜਮ ਵਰਤਣ ਦੀ ਅਪੀਲ ਕੀਤੀ ਹੈ। ਭਾਰਤ ਲਈ ਇਹ ਸਥਿਤੀ ਇਸ ਲਈ ਵੀ ਚਿੰਤਾਜਨਕ ਹੈ ਕਿਉਂਕਿ ਤੇਲ ਦੀਆਂ ਵਧਦੀਆਂ ਕੀਮਤਾਂ ਨਾ ਸਿਰਫ ਭਾਰਤੀ ਰੁਪਏ ਦੀ ਕੀਮਤ ਨੂੰ ਘਟਾ ਸਕਦੀਆਂ ਹਨ, ਸਗੋਂ ਦੇਸ਼ ਦੇ ਵਿੱਤੀ ਘਾਟੇ ਨੂੰ ਵਧਾ ਕੇ ਸਮੁੱਚੀ ਅਰਥਵਿਵਸਥਾ ਲਈ ਘਾਤਕ ਸਿੱਧ ਹੋ ਸਕਦੀਆਂ ਹਨ।

ਮੌਜੂਦਾ ਹਾਲਾਤ ਇਸ ਗੱਲ ਵੱਲ ਇਸ਼ਾਰਾ ਕਰ ਰਹੇ ਹਨ ਕਿ ਜੇਕਰ ਸੰਯੁਕਤ ਰਾਸ਼ਟਰ ਜਾਂ ਪ੍ਰਭਾਵਸ਼ਾਲੀ ਵਿਸ਼ਵ ਸ਼ਕਤੀਆਂ ਨੇ ਤੁਰੰਤ ਵਿਚੋਲਗੀ ਕਰਕੇ ਮਾਮਲਾ ਨਾ ਸੁਲਝਾਇਆ ਤਾਂ ਇਹ 'ਤੇਲ ਯੁੱਧ' ਇੱਕ ਭਿਆਨਕ ਖੇਤਰੀ ਟਕਰਾਅ ਦਾ ਰੂਪ ਧਾਰਨ ਕਰ ਸਕਦਾ ਹੈ। ਇਰਾਨ ਲਈ ਹੋਰਮੁਜ਼ ਦੀ ਖਾੜੀ ਨੂੰ ਬੰਦ ਕਰਨਾ ਇੱਕ ਆਖਰੀ ਹਥਿਆਰ ਵਾਂਗ ਹੈ, ਪਰ ਇਹ ਕਦਮ ਖ਼ੁਦ ਉਸ ਲਈ ਅਤੇ ਸਮੁੱਚੀ ਮਨੁੱਖਤਾ ਲਈ ਵਿਨਾਸ਼ਕਾਰੀ ਸਾਬਤ ਹੋਵੇਗਾ। ਦੁਨੀਆ ਹੁਣ ਇੱਕ ਅਜਿਹੇ ਮੋੜ 'ਤੇ ਖੜ੍ਹੀ ਹੈ ਜਿੱਥੇ ਆਉਣ ਵਾਲੇ ਕੁਝ ਹਫਤੇ ਇਹ ਤੈਅ ਕਰਨਗੇ ਕਿ ਕੀ ਕੌਮਾਂਤਰੀ ਕੂਟਨੀਤੀ ਇਸ 'ਖੌਲਦੇ ਸਮੁੰਦਰ' ਨੂੰ ਸ਼ਾਂਤ ਕਰਨ ਵਿੱਚ ਸਫਲ ਹੁੰਦੀ ਹੈ, ਜਾਂ ਫਿਰ ਵਿਸ਼ਵ ਇੱਕ ਨਵੀਂ ਅਤੇ ਲੰਮੇ ਸਮੇਂ ਤਕ ਚੱਲਣ ਵਾਲੀ ਆਰਥਿਕ ਮੰਦੀ ਦੀ ਦਲਦਲ ਵਿੱਚ ਫਸ ਜਾਵੇਗਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਦਬ ਸਤਿਕਾਰ ਤੇ ਕਾਨੂੰਨੀ ਸੀਮਾਵਾਂ

ਤਲਵਿੰਦਰ ਸਿੰਘ

ਪੰਜਾਬ ਸਰਕਾਰ ਵੱਲੋਂ ਵਿਸਾਖੀ ਮੌਕੇ 13 ਅਪ੍ਰੈਲ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਖ਼ਿਲਾਫ਼ ਸਖ਼ਤ ਕਾਨੂੰਨ ਬਣਾਉਣ ਦਾ ਐਲਾਨ ਕੀਤਾ ਗਿਆ ਹੈ, ਜਿਸ ਤੋਂ ਬਾਅਦ ਸਿੱਖ ਪੰਥ ਦੇ ਧਾਰਮਿਕ, ਦਾਰਸ਼ਨਿਕ ਅਤੇ ਬੌਧਿਕ ਹਲਕਿਆਂ ਵਿੱਚ ਇੱਕ ਨਵੀਂ ਬਹਿਸ ਛਿੜੀ ਹੋਈ ਹੈ।ਦੁਨੀਆ ਵਿੱਚ ਹਰੇਕ ਮਤ ਦੇ ਲੋਕ ਆਪਣੇ ਪਾਵਨ ਗ੍ਰੰਥਾਂ ਦਾ ਸਤਿਕਾਰ ਕਰਦੇ ਹਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇਵਲ ਸਿੱਖਾਂ ਦੇ ਧਰਮ ਗ੍ਰੰਥ ਹੀ ਨਹੀਂ, ਬਲਕਿ ਸਿੱਖ ਵਿਸ਼ਵਾਸ ਵਿੱਚ ਹਾਜ਼ਰ-ਨਾਜ਼ਰ, ਜਾਗਤ ਜੋਤਿ, ਚਵਰ ਤਖ਼ਤ ਦੇ ਮਾਲਕ ਅਤੇ ਪ੍ਰਤੱਖ ਗੁਰੂ ਹਨ। ਪਿਛਲੇ ਇੱਕ ਦਹਾਕੇ ਤੋਂ, ਖ਼ਾਸ ਕਰਕੇ ਬਰਗਾੜੀ ਵਿਖੇ 2015 ਵਿੱਚ ਸਾਜਿਸ਼ ਤਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਤੋਂ ਬਾਅਦ ਬੇਰੋਕ ਹੋਈਆਂ ਅਜਿਹੀਆਂ ਹਿਰਦੇਵੇਦਕ ਘਟਨਾਵਾਂ ਕਾਰਨ ਸਿੱਖ ਮਾਨਸਿਕਤਾ ਅਸਹਿ ਪੀੜਾ ਵਿਚੋਂ ਗੁਜ਼ਰ ਰਹੀ ਹੈ। ਹੁਣ ਸਿੱਖਾਂ ਦੇ ਇਕ ਵਰਗ ਨੂੰ ਬੇਅਦਬੀਆਂ ਦਾ ਅਸਲ ਹੱਲ ਕੇਵਲ ਕਾਨੂੰਨ ਵਿਚ ਦਿਖਾਈ ਦੇਣ ਲੱਗਾ ਹੈ।ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਨੇ 15 ਜੁਲਾਈ 2025 ਨੂੰ 'ਪੰਜਾਬ ਪ੍ਰੀਵੈਨਸ਼ਨ ਆਫ਼ ਅਫੈਂਸਿਜ਼ ਅਗੇਂਸਟ ਹੋਲੀ ਸੈਕਰੀਪਚਰ (ਜ਼) ਬਿੱਲ-2025' ਨੂੰ ਕੈਬਨਿਟ ਵਿੱਚ ਪਾਸ ਕਰ ਕੇ ਵਿਧਾਨ ਸਭਾ ਵਿੱਚ ਵਿਰੋਧੀ ਧਿਰਾਂ ਦੇ ਕਈ ਇਤਰਾਜ਼ਾਂ ਨੂੰ ਵੇਖਦੇ ਹੋਏ ਇਸ ਬਿੱਲ ਨੂੰ ਸਿਲੈਕਟ ਕਮੇਟੀ ਕੋਲ ਭੇਜਿਆ ਸੀ, ਤਾਂ ਜੋ ਮਾਹਿਰਾਂ ਅਤੇ ਆਮ ਲੋਕਾਂ ਦੀ ਰਾਇ ਲੈਣ ਤੋਂ ਬਾਅਦ ਇਸ ਬਿੱਲ ਦੀਆਂ ਖ਼ਾਮੀਆਂ ਦੂਰ ਕਰ ਕੇ 6 ਮਹੀਨਿਆਂ ਵਿੱਚ ਰਿਪੋਰਟ ਹਾਸਲ ਕੀਤੀ ਜਾ ਸਕੇ। ਇਸ ਨੂੰ ਵਿਚਾਲੇ ਛੱਡਦਿਆਂ ਲੰਘੀ 21 ਮਾਰਚ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੰਮ੍ਰਿਤਸਰ ਵਿੱਚ ਐਲਾਨ ਕਰ ਦਿੱਤਾ ਕਿ ਵਿਸਾਖੀ ਵਾਲੇ ਦਿਨ 'ਜਾਗਤ-ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ-2008' ਵਿੱਚ ਸੋਧ ਕਰ ਕੇ ਬੇਅਦਬੀਆਂ ਦੇ ਖ਼ਿਲਾਫ਼ ਸਖ਼ਤ ਸਜ਼ਾ ਵਾਲਾ ਕਾਨੂੰਨ ਬਣਾਇਆ ਜਾਵੇਗਾ।ਮੂਲ ਰੂਪ ਵਿੱਚ ਇਹ ਐਕਟ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰਬਾਣੀ ਦੀ ਛਪਾਈ ਸਬੰਧੀ 9 ਅਪ੍ਰੈਲ 1998 ਦੇ ਹੁਕਮਨਾਮੇ ਤੋਂ ਪ੍ਰੇਰਿਤ ਸੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਬੀੜਾਂ ਦੀ ਛਪਾਈ, ਪ੍ਰਕਾਸ਼ਨ ਅਤੇ ਵੰਡ ਦੇ ਸਬੰਧ ਵਿਚ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਕਾਲੀ ਸਰਕਾਰ ਨੇ ਜੂਨ 2008 ਵਿੱਚ ਬਣਾਇਆ ਸੀ।ਮੌਜੂਦਾ ਸਰਕਾਰ ਇਸੇ ਰਾਜ ਐਕਟ ਨੂੰ ਸੋਧ ਕੇ ਬੇਅਦਬੀਆਂ ਦੇ ਦੋਸ਼ੀਆਂ ਲਈ ਇਸ ਵਿੱਚ ਸਖ਼ਤ ਸਜ਼ਾ ਦੀ ਵਿਵਸਥਾ ਕਰਨ ਦੀ ਗੱਲ ਆਖ ਰਹੀ ਹੈ, ਤਾਂ ਜੋ ਕੋਈ ਨਵਾਂ ਐਕਟ ਬਣਾ ਕੇ ਮਨਜ਼ੂਰੀ ਲਈ ਕੇਂਦਰ ਕੋਲ ਨਾ ਭੇਜਣਾ ਪਵੇ।

ਪੰਜਾਬ ਸਰਕਾਰ ਦੀਆਂ ਇਹ ਕੋਸ਼ਿਸ਼ਾਂ ਕਈ ਕਾਨੂੰਨੀ ਦੁਬਿਧਾਵਾਂ ਵੀ ਪੈਦਾ ਕਰਦੀਆਂ ਹਨ, ਜਿਨ੍ਹਾਂ ਵਿੱਚ ਸਤਿਕਾਰ

ਐਕਟ ਨੂੰ ਬੇਅਦਬੀ ਐਕਟ ਵਿੱਚ ਤਬਦੀਲ ਕਰਨ ਦੇ ਨਾਲ 2008 ਦੇ ਕਾਨੂੰਨ ਦੇ ਮੂਲ ਸਰੂਪ ਤੇ ਭਾਵਨਾ ਵਿੱਚ ਫ਼ਰਕ ਪੈਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਅਤੇ ਮਰਿਆਦਾ ਨੂੰ ਕਾਨੂੰਨੀ ਢਾਂਚੇ ਵਿੱਚ ਪਰਿਭਾਸ਼ਿਤ ਕਰਨ ਦੇ ਨਾਲ ਅਨੇਕਾਂ ਭਵਿੱਖੀ ਜਟਿਲ ਕਾਨੂੰਨੀ ਉਲਝਣਾਂ ਪੈਦਾ ਹੋਣ ਦੇ ਖ਼ਦਸ਼ੇ ਪ੍ਰਮੁੱਖ ਹਨ। ਸਿੱਖਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਾਲੇ ਰਿਸ਼ਤਾ ਰੂਹਾਨੀ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਸਿੱਖਾਂ ਦੀ ਆਸਥਾ, ਸ਼ਰਧਾ ਅਤੇ ਸਮਰਪਣ ਨਿਵੇਕਲਾ ਹੈ ਅਤੇ ਇਹ ਸਤਿਕਾਰ ਮਨ, ਬਚਨ ਅਤੇ ਕਰਮ ਕਰ ਕੇ ਪ੍ਰਗਟਾਇਆ ਜਾਂਦਾ ਹੈ। ਅੰਮ੍ਰਿਤ ਵੇਲੇ ਪ੍ਰਕਾਸ਼ ਕਰਨਾ, ਤਾਬਿਆ ਬੈਠਣਾ, ਚੌਰ ਕਰਨਾ, ਗੁਰਬਾਣੀ ਪੜ੍ਹਨਾ, ਸੁਖ-ਆਸਨ ਕਰਨਾ, ਸਿਰ ਢੱਕ ਕੇ ਅਤੇ ਨੰਗੇ ਪੈਰੀਂ ਸਾਫ਼-ਸੁਥਰੇ ਹੋ ਕੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਜਾਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਲੈ ਕੇ ਜਾਣ ਲਈ ਘੱਟੋ-ਘੱਟ ਪੰਜ ਸਿੱਖਾਂ ਦਾ ਹਾਜ਼ਰ ਹੋਣਾ; ਇਹ ਸਭ 'ਜਾਗਤ-ਜੋਤਿ' ਸ਼ਬਦ ਗੁਰੂ ਪ੍ਰਤੀ ਸ਼ਰਧਾ ਤੇ ਸਤਿਕਾਰ ਤੋਂ ਸੁੱਤੇ ਸਿਧ ਤੇ ਸਹਿਜ ਭਾਵ ਵਿਚ ਉਤਪੰਨ ਹੋਈਆਂ ਪਰੰਪਰਾਵਾਂ ਹਨ। ਇਨ੍ਹਾਂ ਰਵਾਇਤਾਂ ਦੇ ਕੇਂਦਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਾਨਵ ਜਾਤੀ ਨੂੰ ਸੰਸਾਰੀ ਤੇ ਆਤਮਿਕ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਨ ਵਾਲਾ 'ਬ੍ਰਹਮ ਆਵੇਸ਼' ਹੈ, ਜੋ ਮਨੁੱਖ ਨੂੰ ਸਚਿਆਰ ਮਨੁੱਖ ਬਣਾਉਂਦਾ ਹੈ ਅਤੇ ਸੱਚਾਈ, ਨੇਕੀ, ਪ੍ਰੇਮ, ਨਿਮਰਤਾ ਅਤੇ ਧਰਮ ਦੇ ਰਾਹ 'ਤੇ ਚੱਲਣ ਦੀ ਪ੍ਰੇਰਨਾ ਦਿੰਦਾ ਹੈ। ਇਸੇ ਕਾਰਨ ਹੀ ਸ੍ਰੀ ਗੁਰੂ ਰਾਮਦਾਸ ਜੀ ਗੁਰਬਾਣੀ ਦਾ ਅਸਲ ਸਤਿਕਾਰ ਇਸ ਵਿਚ ਅੰਕਿਤ ਉਪਦੇਸ਼ਾਂ ਨੂੰ ਮੰਨਣ ਵਿਚ ਦੱਸਦੇ ਹਨ।

ਸੇਵਕ ਸਿਖ ਪੂਜਣ ਸਭਿ ਆਵਹਿ
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥੧॥ (ਅੰਗ : 669)

ਹੁਣ ਕੀ ਕੋਈ ਦੁਨਿਆਵੀ ਕਾਨੂੰਨ ਬੇਅਦਬੀ ਦੇ ਜੁਰਮ ਨੂੰ ਪਰਿਭਾਸ਼ਿਤ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਦੀ ਇਸ ਕੇਂਦਰੀ ਰੂਹਾਨੀ, ਨੈਤਿਕ, ਅਧਿਆਤਮਕ ਅਤੇ ਬ੍ਰਹਮ ਅਵਸਥਾ ਦੇ ਤਲ 'ਤੇ ਮੁਕੰਮਲ ਵਿਆਖਿਆ ਕਰ ਸਕੇਗਾ? ਜੇ ਅਸੀਂ 'ਸ਼ਬਦ ਗੁਰੂ' ਦੇ ਦੈਵੀ ਉਪਦੇਸ਼ਾਂ ਨੂੰ ਪਾਸੇ ਰੱਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਹਿਜ਼ ਇੱਕ ਅਜਿਹੇ ਰੂਪ ਜਾਂ ਆਕਾਰ ਵਜੋਂ ਵੇਖਣਾ ਸ਼ੁਰੂ ਕਰ ਦੇਈਏ, ਜਿਸ ਨੂੰ ਕਾਨੂੰਨੀ ਸੁਰੱਖਿਆ ਚਾਹੀਦੀ ਹੋਵੇ ਤਾਂ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਸਮਾਦੀ ਪ੍ਰਸੰਗ ਨੂੰ ਨਜ਼ਰਅੰਦਾਜ਼ ਕਰਨ ਵਾਲੀ ਗੱਲ ਹੋਵੇਗੀ। ਇਹ ਠੀਕ ਹੈ ਕਿ ਜਦੋਂ ਕੋਈ ਸ਼ੈਤਾਨੀ ਸੋਚ ਵਾਲਾ ਮਨੁੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਸਿੱਖਾਂ ਦੇ 'ਅਦਬ' ਨੂੰ ਠੇਸ ਪਹੁੰਚਾਉਂਦਿਆਂ 'ਸ਼ਬਦ ਗੁਰੂ' ਦੀ 'ਬੇਅਦਬੀ' ਕਰਦਾ ਹੈ ਤਾਂ ਇਸ ਦੇ ਨਾਲ ਸਿੱਖ ਦੀ ਰੂਹ 'ਤੇ ਕੀ ਬੀਤਦੀ ਹੈ, ਇਹ ਇੱਕ ਸਿੱਖ ਹੀ ਜਾਣਦਾ ਹੈ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਦਾ ਗਿਆਨ-ਸਰੂਪ ਹਨ, ਜਿਸ ਕਰਕੇ ਨਾ ਤਾਂ ਕੋਈ ਇਸ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਨਾ ਹੀ ਇਸ ਨੂੰ ਖ਼ਤਮ ਕਰ ਸਕਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ:

ਗੁਰ ਕਾ ਬਚਨੁ ਬਸੈ ਜੀਅ ਨਾਲੇ॥
ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ॥੧॥ਰਹਾਉ॥ (ਅੰਗ : 679

ਅਮਰੀਕਾ 'ਚ ਸਿੱਖਾਂ ਖ਼ਿਲਾ.ਫ ਨ.ਫਰਤੀ ਹਿੰਸਾ ਕਿਉਂ ?

ਸਤਨਾਮ ਸਿੰਘ ਚਹਿਲ

ਅਮਰੀਕਾ ਵਿੱਚ ਰਹਿੰਦੇ ਸਿੱਖ ਨ਼ਫ਼ਰਤੀ ਅਪਰਾਧਾਂ ਦਾ ਸਾਹਮਣਾ ਕਰ ਰਹੇ ਹਨ। ਸੰਘੀ ਅੰਕੜਿਆਂ, ਜਨਤਕ ਬਿਆਨਾਂ ਅਤੇ ਵਿਧਾਨਕ ਰਿਕਾਰਡਾਂ ਦੇ ਅਨੁਸਾਰ ਅਮਰੀਕੀ ਸਿੱਖਾਂ ਦੀ ਰਾਸ਼ਟਰੀ ਆਬਾਦੀ ਵਿੱਚ ਇੱਕ ਪ੍ਰਤੀਸ਼ਤ ਤੋਂ ਵੀ ਘੱਟ ਪ੍ਰਤੀਨਿਧਤਾ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਬਹੁਤ ਜ਼ਿਆਦਾ ਨਿਸ਼ਾਨਾ ਬਣਾਇਆ ਜਾਂਦਾ ਹੈ।ਪੰਜ ਅਗਸਤ 2025 ਨੂੰ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ਨੇ ਆਪਣੇ 2024 ਦੇ ਨ਼ਫ਼ਰਤੀ ਅਪਰਾਧ ਦੇ ਅੰਕੜੇ ਜਾਰੀ ਕੀਤੇ, ਜਿਸ ਤੋਂ ਪਤਾ ਚੱਲਦਾ ਹੈ ਕਿ ਸਿੱਖ ਅਮਰੀਕਾ ਵਿੱਚ ਤੀਜਾ ਸਭ ਤੋਂ ਵੱਧ ਨਿਸ਼ਾਨਾ ਬਣਾਇਆ ਜਾਣ ਵਾਲਾ ਧਾਰਮਿਕ ਸਮੂਹ ਸੀ। ਪਹਿਲੇ ਨੰਬਰ 'ਤੇ ਯਹੂਦੀ ਅਤੇ ਦੂਜੇ 'ਤੇ ਮੁਸਲਿਮ ਭਾਈਚਾਰਾ ਆਉਂਦਾ ਹੈ।ਇਕੱਲੇ 2024 ਵਿੱਚ ਸਿੱਖਾਂ ਵਿਰੁੱਧ ਨ਼ਫ਼ਰਤੀ ਅਪਰਾਧਾਂ ਦੇ 153 ਮਾਮਲੇ ਦਰਜ ਕੀਤੇ ਗਏ, ਜਿਨ੍ਹਾਂ ਵਿੱਚੋਂ 142 ਨਿੱਜੀ ਘਟਨਾਵਾਂ ਐੱਫ.ਬੀ.ਆਈ. ਨੂੰ ਰਿਪੋਰਟ ਕੀਤੀਆਂ ਗਈਆਂ ਸਨ। ਇਹ ਅੰਕੜੇ ਅਮਰੀਕਨ ਸਿੱਖਾਂ ਦੀ ਕਮਜ਼ੋਰੀ ਨੂੰ ਉਜਾਗਰ ਕਰਦੇ ਹਨ। ਫਿਰ ਵੀ ਸਰਕਾਰੀ ਅਧਿਕਾਰੀ ਸਵੀਕਾਰ ਕਰਦੇ ਹਨ ਕਿ ਉਹ ਪੱਖਪਾਤ ਪ੍ਰੇਰਿਤ ਹਿੰਸਾ ਦੇ ਅਸਲ ਪੈਮਾਨੇ ਦੇ ਸਿਰਫ਼ ਇੱਕ ਛੋਟੇ ਜਿਹੇ ਹਿੱਸੇ ਨੂੰ ਦਰਸਾਉਂਦੇ ਹਨ।

ਐੱਫ.ਬੀ.ਆਈ. ਦੇ ਸਾਬਕਾ ਡਾਇਰੈਕਟਰ ਨੇ 15 ਨਵੰਬਰ 2023 ਨੂੰ ਕਾਂਗਰਸ ਦੇ ਸਾਹਮਣੇ ਗਵਾਹੀ

ਦਿੱਤੀ।ਉਸ ਨੇ ਇਹ ਸਵੀਕਾਰ ਕੀਤਾ ਕਿ ਅਮਰੀਕਨ ਸਿੱਖਾਂ ਵਿਰੁੱਧ ਨ਼ਫ਼ਰਤੀ ਅਪਰਾਧ 'ਲੰਬੇ ਸਮੇਂ ਤੋਂ ਘੱਟ ਰਿਪੋਰਟ ਕੀਤੇ ਗਏ' ਹਨ ਕਿਉਂਕਿ ਰਿਪੋਰਟਿੰਗ ਸਵੈਇੱਛਕ ਹੈ। ਬਹੁਤ ਸਾਰੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਜ਼ੀਰੋ ਘਟਨਾਵਾਂ ਦਰਜ ਕਰਦੀਆਂ ਹਨ। ਇਹ ਇੱਕ ਅਜਿਹਾ ਅੰਕੜਾ ਹੈ ਜੋ ਨ਼ਫ਼ਰਤੀ ਅਪਰਾਧਾਂ ਦੀ ਅਸਲ ਗ਼ੈਰ ਹਾਜ਼ਰੀ ਦੀ ਬਜਾਏ ਪ੍ਰਣਾਲੀਗਤ ਘੱਟਗਿਣਤੀ ਨੂੰ ਦਰਸਾਉਂਦਾ ਹੈ। ਇਸ ਮਾਨਤਾ ਨੂੰ 2026 ਦੇ ਅਮਰੀਕਨ ਸਿੱਖ ਭੇਦਭਾਵ ਵਿਰੋਧੀ ਐਕਟ ਐੱਚ.ਆਰ. 7100 ਰਾਹੀਂ ਸੰਘੀ ਕਾਨੂੰਨ ਵਿੱਚ ਕੋਡਬੱਧ ਕੀਤਾ ਗਿਆ ਹੈ ਜੋ ਸਿੱਧੇ ਤੌਰ 'ਤੇ ਡਾਇਰੈਕਟਰ ਦੀ ਗਵਾਹੀ ਦਾ ਹਵਾਲਾ ਦਿੰਦਾ ਹੈ ਅਤੇ ਸੰਘੀ ਏਜੰਸੀਆਂ ਨੂੰ ਸਿੱਖਾਂ ਵਿਰੋਧੀ ਪੱਖਪਾਤ ਪ੍ਰਤੀ ਆਪਣੀ ਪ੍ਰਤੀਕਿਰਿਆ ਨੂੰ ਮਜ਼ਬੂਤ ਕਰਨ ਲਈ ਨਿਰਦੇਸ਼ ਦਿੰਦਾ ਹੈ।ਨਿਆਂ ਵਿਭਾਗ ਨੇ ਨ਼ਫ਼ਰਤ ਭੜਕਾਉਣ ਵਾਲੀਆਂ ਧਮਕੀਆਂ ਵਿਰੁੱਧ ਸਖ਼ਤ ਰੁਖ਼ ਅਪਣਾਇਆ ਹੈ। ਇਹ ਰੁਖ਼ 2025 ਵਿੱਚ ਟੈਕਸਾਸ ਦੇ ਇੱਕ ਵਿਅਕਤੀ ਨੂੰ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਅਪਣਾਇਆ ਗਿਆ, ਜਿਸ ਨੇ ਇੱਕ ਅਮਰੀਕੀ ਸਿੱਖ ਵਕਾਲਤ ਸਮੂਹ ਦੇ ਕਰਮਚਾਰੀਆਂ ਨੂੰ ਨਿਸ਼ਾਨਾ ਬਣਾਇਆ ਸੀ। ਸਹਾਇਕ ਅਟਾਰਨੀ ਜਨਰਲ ਹਰਮੀਤ ਕੌਰ ਢਿੱਲੋਂ ਨੇ ਜਨਤਕ ਤੌਰ 'ਤੇ ਕਿਹਾ ਕਿ ਨਿਆਂ ਵਿਭਾਗ 'ਸਾਡੇ ਦੇਸ਼ ਵਿੱਚ ਹਿੰਸਾ ਦੀਆਂ ਨ਼ਫ਼ਰਤ-ਭੜਕਾਉਣ ਵਾਲੀਆਂ ਧਮਕੀਆਂ ਲਈ ਕੋਈ ਸਹਿਣਸ਼ੀਲਤਾ ਨਹੀਂ ਰੱਖਦਾ।'' ਵਿਭਾਗ ਸਿੱਖ ਭਾਈਚਾਰੇ ਦੇ ਆਗੂਆਂ ਨਾਲ ਤਿਮਾਹੀ ਅੰਤਰ-ਏਜੰਸੀ ਮੀਟਿੰਗਾਂ ਵੀ ਕਰਦਾ ਹੈ ਤਾਂ ਜੋ ਚੱਲ ਰਹੇ ਖ਼ਤਰਿਆਂ ਅਤੇ ਸੁਰੱਖਿਆ ਉਪਾਵਾਂ 'ਤੇ ਚਰਚਾ ਕੀਤੀ ਜਾ ਸਕੇ। ਸਾਲ 2023 ਅਤੇ 2024 ਵਿੱਚ ਇੱਕ ਅਮਰੀਕੀ ਸਿੱਖ ਨੂੰ ਨਿਸ਼ਾਨਾ ਬਣਾ ਕੇ ਵਿਦੇਸ਼ ਸਮਰਥਿਤ ਕਤਲ ਦੀ ਸਾਜ਼ਿਸ਼ ਨਾਲ ਸਬੰਧਿਤ ਸੰਘੀ ਦੋਸ਼ ਖ਼ਤਰੇ ਦੀ ਗੰਭੀਰਤਾ ਅਤੇ ਸਰਗਰਮ ਸੰਘੀ ਕਾਰਵਾਈ ਦੀ ਜ਼ਰੂਰਤ ਨੂੰ ਹੋਰ ਵੀ ਉਜਾਗਰ ਕਰਦੇ ਹਨ।

ਕਾਂਗਰਸ ਦੇ ਆਗੂਆਂ ਨੇ ਅਮਰੀਕੀ ਸਿੱਖਾਂ ਦੀ ਸੁਰੱਖਿਆ ਅਤੇ ਨ਼ਫ਼ਰਤੀ ਅਪਰਾਧ ਦੀ ਰਿਪੋਰਟਿੰਗ ਨੂੰ ਬਿਹਤਰ ਬਣਾਉਣ ਦੀ ਮਹੱਤਤਾ 'ਤੇ ਵਾਰ-ਵਾਰ ਜ਼ੋਰ ਦਿੱਤਾ ਹੈ।ਅਮਰੀਕੀ ਸਿੱਖ ਕਾਂਗਰਸ ਦੇ ਕਾਕਸ ਦੇ ਮੈਂਬਰਾਂ ਜਿਨ੍ਹਾਂ ਵਿੱਚ ਕਾਂਗਰਸਮੈਨ ਜੌਨ ਗੈਰਾਮੇਂਡੀ, ਕਾਂਗਰਸਮੈਨ ਡੇਵਿਡ ਵਾਲਾਦਾਓ, ਕਾਂਗਰਸਵੂਮੈਨ ਜੂਡੀ ਚੂ ਅਤੇ ਕਾਂਗਰਸਮੈਨ ਜੋਸ਼ ਗੋਥਾਈਮਰ ਸ਼ਾਮਲ ਹਨ, ਨੇ ਸਿੱਖ ਵਿਰੋਧੀ ਪੱਖਪਾਤ ਦਾ ਮੁਕਾਬਲਾ ਕਰਨ ਲਈ ਸਹੀ ਡੇਟਾ, ਮਜ਼ਬੂਤ ਕਾਨੂੰਨ ਲਾਗੂ ਕਰਨ ਵਾਲੀ ਪ੍ਰਤੀਕਿਰਿਆ ਅਤੇ ਰਾਸ਼ਟਰੀ ਤਾਲਮੇਲ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਹੈ।ਉਨ੍ਹਾਂ ਦੇ ਬਿਆਨ ਇਸ ਦੋ-ਪੱਖੀ ਮਾਨਤਾ ਨੂੰ ਰੇਖਾਂਕਿਤ ਕਰਦੇ ਹਨ ਕਿ ਅਮਰੀਕੀ ਸਿੱਖਾਂ ਦੀ ਸੁਰੱਖਿਆ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

ਵ੍ਹਾਈਟ ਹਾਊਸ ਨੇ ਵੀ ਇਸ ਮੁੱਦੇ ਦੀ ਜ਼ਰੂਰਤ ਨੂੰ ਸੰਬੋਧਨ ਕਰਨ ਦੀ ਮਾਨਤਾ ਦਿੱਤੀ ਹੈ। ਦਸੰਬਰ 2024 ਵਿੱਚ ਇਸ ਨੇ ਇਸਲਾਮੋਫੋਬੀਆ ਦਾ ਮੁਕਾਬਲਾ ਕਰਨ ਲਈ ਅਮਰੀਕੀ ਰਾਸ਼ਟਰੀ ਰਣਨੀਤੀ ਜਾਰੀ ਕੀਤੀ, ਜਿਸ ਵਿੱਚ ਸਪੱਸ਼ਟ ਤੌਰ 'ਤੇ ਅਮਰੀਕੀ ਸਿੱਖਾਂ ਨੂੰ ਸੰਘੀ ਸੁਰੱਖਿਆ ਦੀ ਲੋੜ ਵਾਲੇ ਭਾਈਚਾਰੇ ਵਜੋਂ ਦਰਜ ਦਿੱਤਾ ਗਿਆ। ਇਹ ਮਾਨਤਾ ਸਰਕਾਰ ਦੀ ਉੱਚ ਪੱਧਰ 'ਤੇ ਵਧ ਰਹੀ ਸਮਝ ਨੂੰ ਦਰਸਾਉਂਦੀ ਹੈ ਕਿ ਸਿੱਖ ਇੱਕ ਛੋਟੀ ਜਿਹੀ ਘੱਟ ਗਿਣਤੀ ਹੋਣ ਦੇ ਬਾਵਜੂਦ ਲਗਾਤਾਰ ਖ਼ਤਰੇ ਅਤੇ ਵਿਤਕਰੇ ਦਾ ਸਾਹਮਣਾ ਕਰਦੀ ਹੈ ਜੋ ਯੋਜਨਾਬੱਧ ਦਖਲ ਦੀ ਮੰਗ ਕਰਦੀ ਹੈ।

ਐੱਚ.ਆਰ. 7100 ਅਮਰੀਕੀ ਇਤਿਹਾਸ ਦੇ ਸਭ ਤੋਂ ਘਾਤਕ ਸਿੱਖ ਵਿਰੋਧੀ ਹਮਲਿਆਂ ਵਿੱਚੋਂ ਇੱਕ ਨੂੰ ਰਸਮੀ ਤੌਰ 'ਤੇ ਦਰਜ ਕਰਦਾ ਹੈ: 2012 ਦੀ ਓਕ ਕਰੀਕ ਗੁਰਦੁਆਰੇ ਦੀ ਗੋਲੀਬਾਰੀ ਵਿੱਚ ਇੱਕ ਗੋਰੇ ਨੇ ਛੇ ਸ਼ਰਧਾਲੂਆਂ ਨੂੰ ਮਾਰ ਦਿੱਤਾ ਸੀ। ਇਹ ਸਵੀਕ੍ਰਿਤੀ ਹੋਰ ਸੰਘੀ ਪਹਿਲਕਦਮੀਆਂ ਨਾਲ ਜੋੜੀ ਗਈ ਹੈ ਜਿਵੇਂ ਕਿ ਨ਼ਫ਼ਰਤੀ ਅਪਰਾਧਾਂ ਨੂੰ ਰੋਕਣ ਲਈ ਸੁਧਾਰ ਰਿਪੋਰਟਿੰਗ ਐਕਟ, ਜੋ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਸਹੀ ਡੇਟਾ ਜਮ੍ਹਾਂ ਕਰਾਉਣ ਅਤੇ ਨ਼ਫ਼ਰਤੀ ਅਪਰਾਧਾਂ ਦੀ ਪਛਾਣ ਕਰਨ ਅਤੇ ਰਿਪੋਰਟ ਕਰਨ ਲਈ ਸਿਖਲਾਈ ਲਈ ਫੰਡ ਦੇਣ ਲਈ ਮਜਬੂਰ ਕਰਦਾ ਹੈ। ਸਮੂਹਿਕ ਤੌਰ 'ਤੇ ਇਹ ਉਪਾਅ ਸਿੱਖ ਵਿਰੋਧੀ ਹਿੰਸਾ ਨੂੰ ਵਿਆਪਕ ਤੌਰ 'ਤੇ ਹੱਲ ਕਰਨ ਲਈ ਇੱਕ ਰਾਸ਼ਟਰੀ ਯਤਨ ਨੂੰ ਦਰਸਾਉਂਦੇ ਹਨ।

ਐੱਫ.ਬੀ.ਆਈ. ਅੰਕੜੇ, ਨਿਆਂ ਵਿਭਾਗ ਦੇ ਬਿਆਨ, ਕਾਂਗਰਸ ਦੀ ਗਵਾਹੀ ਅਤੇ ਵ੍ਹਾਈਟ ਹਾਊਸ ਦੀਆਂ ਰਣਨੀਤੀਆਂ ਦਰਸਾਉਂਦੀਆਂ ਹਨ ਕਿ ਅਮਰੀਕਨ ਸਿੱਖ ਸੰਯੁਕਤ ਰਾਜ ਵਿੱਚ ਸਭ ਤੋਂ ਵੱਧ ਨਿਸ਼ਾਨਾ ਬਣਾਈਆਂ ਗਈਆਂ ਧਾਰਮਿਕ ਘੱਟ ਗਿਣਤੀਆਂ ਵਿੱਚੋਂ ਇੱਕ ਹਨ। ਹਿੰਸਾ ਅਤੇ ਵਿਤਕਰੇ ਦੀ ਅਸਲ ਹੱਦ ਸੰਭਾਵਿਤ ਤੌਰ 'ਤੇ ਅਧਿਕਾਰਤ ਅੰਕੜਿਆਂ ਤੋਂ ਕਿਤੇ ਜ਼ਿਆਦਾ ਹੈ।ਸੰਘੀ ਏਜੰਸੀਆਂ, ਕਾਨੂੰਨ ਨਿਰਮਾਤਾ ਅਤੇ ਸਿੱਖ ਭਾਈਚਾਰੇ ਦੇ ਨੇਤਾ ਇਸ ਕਮਜ਼ੋਰ ਭਾਈਚਾਰੇ ਦੀ ਰੱਖਿਆ ਲਈ ਤੁਰੰਤ ਤਾਲਮੇਲ ਵਾਲੀ ਕਾਰਵਾਈ ਦੀ ਮੰਗ ਕਰਦੇ ਰਹਿੰਦੇ ਹਨ ਅਤੇ ਇਹ ਯਕੀਨੀ ਬਣਾਉਂਦੇ ਹਨ ਕਿ ਅਮਰੀਕੀ ਸਮਾਜ ਵਿੱਚ ਨ਼ਫ਼ਰਤ ਦੀ ਕੋਈ ਜਗ੍ਹਾ ਨਹੀਂ ਹੈ।

ਪਹਿਲਾਂ 'ਧਰਤੀ' ਨੂੰ ਤਾਂ ਸਾਂਭ ਲਓ...

ਨਾਸਾ ਵੱਲੋਂ 'ਚੰਦ' 'ਤੇ ਮਨੁੱਖੀ ਬਸਤੀਆਂ ਵਸਾਉਣ ਦੀ ਤਿਆਰੀ

ਮੰਗਲ ਗ੍ਰਹਿ 'ਤੇ ਵੀ ਮਨੁੱਖ ਦੀਆਂ ਪੈੜਾਂ ਪਾਉਣਾ ਚਾਹੁੰਦੇ ਨੇ ਵਿਗਿਆਨੀ

ਜਗਮੋਹਨ ਸਿੰਘ 'ਲੱਕੀ'
9463819174

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਤੀ ਨੂੰ ਮਾਂ ਦਾ ਦਰਜਾ ਦੇ ਕੇ ਨਿਵਾਜ਼ਿਆ ਹੈ। ਗੁਰੂ ਜੀ ਨੇ ਸਦੀਆਂ ਪਹਿਲਾਂ ਹੀ ਇਸ ਧਰਤੀ ਦੀ ਮਹੱਤਤਾ ਅਤੇ ਇਸ ਨੂੰ ਬਚਾਉਣ ਦੀ ਲੋੜ ਨੂੰ ਸਮਝ ਲਿਆ ਸੀ ਪਰ ਇਸ ਧਰਤੀ ਦੇ ਬਾਸ਼ਿੰਦਿਆਂ ਦੀਆਂ ਮਨਮਾਨੀਆਂ ਕਾਰਨ ਅੱਜ ਧਰਤੀ ਮਾਂ ਦੀ ਹੋਂਦ ਖਤਰੇ 'ਚ ਪੈ ਚੁੱਕੀ ਹੈ। ਮਨੁੱਖ ਵੱਲੋਂ ਵਿਕਾਸ ਦੇ ਨਾਂਅ 'ਤੇ ਫੈਲਾਏ ਜਾ ਰਹੇ ਪ੍ਰਦੂਸ਼ਣ ਦਾ ਢਹਿੰਦਾ ਕਹਿਰ ਤੇ ਪਾਣੀ ਦੀ ਬੇਅਦਬੀ ਨੇ ਧਰਤੀ ਮਾਂ ਨੂੰ ਕਮਜ਼ੋਰ ਕਰ ਕੇ ਰੱਖ ਦਿੱਤਾ ਹੈ। ਕੁਦਰਤ ਦੀ ਅਨਮੋਲ ਦਾਤ ਕੁਦਰਤੀ ਸੋਮਿਆਂ ਦਾ ਮਨੁੱਖ ਵੱਲੋਂ ਘਾਣ ਕੀਤਾ ਜਾ ਰਿਹਾ ਹੈ, ਜੋ ਕਿ ਮਨੁੱਖ ਲਈ ਹੀ ਨੁਕਸਾਨਦੇਹ ਹੈ।

ਆਪਣੇ ਜਨਮ ਤੋਂ ਲੈ ਕੇ ਹੁਣ ਤੱਕ ਅਨੇਕਾਂ ਇਤਿਹਾਸ ਬਣਾ ਚੁੱਕੀ ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਹੁਣ ਇੱਕ ਵਾਰ ਫੇਰ ਵੱਡਾ ਇਤਿਹਾਸ ਸਿਰਜਣ ਦੀ ਤਿਆਰੀ ਕਰ ਲਈ ਹੈ। ਨਾਸਾ ਦੀ ਅਗਵਾਈ ਵਿੱਚ ਲਗਭਗ 50 ਸਾਲਾਂ ਬਾਅਦ ਮਨੁੱਖ ਮੁੜ ਚੰਦਰਮਾ ਵੱਲ ਕਦਮ ਵਧਾ ਰਿਹਾ ਹੈ, ਪਰ ਇਸ ਵਾਰ ਮਕਸਦ ਸਿਰਫ਼ ਉੱਥੇ ਪਹੁੰਚਣਾ ਨਹੀਂ, ਸਗੋਂ ਉੱਥੇ ਰਹਿਣਾ ਅਤੇ ਕੰਮ ਕਰਨਾ ਹੈ। ਨਾਸਾ ਦੇ 'ਆਰਟੈਮਿਸ ਪ੍ਰੋਗਰਾਮ' ਤਹਿਤ ਚੰਦਰਮਾ 'ਤੇ ਪੱਕੇ ਤੌਰ 'ਤੇ ਬੇਸ ਬਣਾਉਣ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ।

ਇਸ ਮਿਸ਼ਨ ਦੇ ਤਹਿਤ ਨਾਸਾ ਨੇ ਆਪਣੇ ਸ਼ਕਤੀਸ਼ਾਲੀ ਐਸ.ਐਲ.ਐਸ. ਰੌਕੇਟ ਰਾਹੀਂ ਚਾਰ ਪੁਲਾੜ ਯਾਤਰੀਆਂ 'ਰੀਡ ਵਾਈਜ਼ਮੈਨ, ਵਿਕਟਰ ਗਲੋਵਰ, ਕ੍ਰਿਸਟੀਨਾ ਕੋਚ ਅਤੇ ਜੇਰੇਮੀ ਹੈਨਸਨ' ਨੂੰ ਚੰਦਰਮਾ ਦੇ ਚੱਕਰ ਲਗਾਉਣ ਲਈ ਭੇਜਿਆ ਹੈ। ਇਹ 10 ਦਿਨਾਂ ਦਾ ਮਿਸ਼ਨ ਹੈ, ਜੋ ਚੰਦਰਮਾ ਦੇ ਨੇੜੇ ਜਾ ਕੇ ਵਾਪਸ ਆਵੇਗਾ। ਇਸ ਦਾ ਮੁੱਖ ਮਕਸਦ ਓਰੀਅਨ ਕੈਪਸੂਲ ਦੇ ਲਾਈਫ਼ ਸਪੋਰਟ ਸਿਸਟਮ ਅਤੇ ਨੇਵੀਗੇਸ਼ਨ ਦੀ ਜਾਂਚ ਕਰਨਾ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ ਚੰਦਰਮਾ ਭਵਿੱਖ ਵਿੱਚ ਮੰਗਲ ਗ੍ਰਹਿ ਤੱਕ ਪਹੁੰਚਣ ਲਈ ਇੱਕ 'ਲਾਂਚਪੈਡ' ਵਜੋਂ ਕੰਮ ਕਰੇਗਾ।

ਨਾਸਾ ਨੇ ਚੰਦ 'ਤੇ ਮਨੁੱਖੀ ਬਸਤੀਆਂ ਵਸਾਉਣ ਲਈ ਜੋ ਉਪਰਾਲੇ ਕੀਤੇ ਹਨ, ਉਸ ਦੀ ਪੂਰੇ ਵਿਸ਼ਵ ਵਿੱਚ ਸ਼ਲਾਘਾ ਕੀਤੀ ਜਾ ਰਹੀ ਹੈ ਪਰ ਸਾਡਾ ਖ਼ਿਆਲ ਹੈ ਕਿ ਨਾਸਾ ਦੇ ਵਿਗਿਆਨੀਆਂ ਨੂੰ ਚੰਦ 'ਤੇ ਮਨੁੱਖ ਬਸਤੀਆਂ ਵਸਾਉਣ ਤੋਂ ਪਹਿਲਾਂ ਮੌਜੂਦਾ ਧਰਤੀ, ਜਿਸ 'ਤੇ ਅਸੀਂ ਰਹਿ ਰਹੇ ਹਾਂ, ਨੂੰ ਬਚਾਉਣ ਅਤੇ ਸਾਂਭਣ ਲਈ ਵੱਡੇ ਉਪਰਾਲੇ ਕਰਨ ਦੀ ਲੋੜ ਹੈ। ਧਰਤੀ ਨੂੰ ਬਚਾਉਣ ਦੀ ਕਵਾਇਦ ਦੇ ਨਾਲ ਚੰਦ 'ਤੇ ਵੀ ਰੈਣ ਬਸੇਰਾ ਬਣਾਉਣ ਲਈ ਯਤਨ ਕੀਤੇ ਜਾ ਸਕਦੇ ਹਨ ਪਰ ਸਭ ਤੋਂ ਪਹਿਲਾਂ ਸਾਡੀ ਧਰਤੀ ਨੂੰ ਬਚਾਉਣਾ ਬਹੁਤ ਜ਼ਰੂਰੀ ਹੈ।

ਵਿਗਿਆਨੀ ਖੁਦ ਵੱਖ- ਵੱਖ ਸਮੇਂ ਇਹ ਦਾਅਵਾ ਕਰਦੇ ਹਨ ਕਿ ਸਾਡੀ ਧਰਤੀ 'ਤੇ ਹਰ ਤਰ੍ਹਾਂ ਦਾ ਪ੍ਰਦੂਸ਼ਣ ਹੱਦਾਂ ਪਾਰ ਤੱਕ ਵੱਧ ਰਿਹਾ ਹੈ, ਜਿਸ ਕਾਰਨ ਧਰਤੀ ਦਾ ਤਾਪਮਾਨ ਬਹੁਤ ਜ਼ਿਆਦਾ ਵਧਦਾ ਜਾ ਰਿਹਾ ਹੈ। ਇਸ ਵਧੇ ਹੋਏ ਤਾਪਮਾਨ ਕਾਰਨ ਧਰਤੀ 'ਅੱਗ ਦਾ ਗੋਲਾ' ਬਣਦੀ ਜਾ ਰਹੀ ਹੈ। ਪ੍ਰਦੂਸ਼ਣ ਕਾਰਨ ਜੇ ਇਸੇ ਤਰ੍ਹਾਂ ਧਰਤੀ ਦਾ ਤਾਪਮਾਨ ਵਧਦਾ ਗਿਆ ਤਾਂ ਸਾਡੀ ਇਹ ਧਰਤੀ ਸੱਚਮੁੱਚ ਇੱਕ ਦਿਨ ਅੱਗ ਦਾ ਗੋਲਾ ਬਣ ਜਾਵੇਗੀ ਅਤੇ ਇਸ 'ਤੇ ਮੌਜੂਦ ਮਨੁੱਖ ਸਮੇਤ ਸਭ ਕੁਝ ਸਵਾਹ ਹੋ ਜਾਵੇਗਾ। ਵਿਗਿਆਨੀ ਖੁਦ ਕਹਿੰਦੇ ਹਨ ਕਿ ਪ੍ਰਦੂਸ਼ਣ ਕਾਰਨ ਓਜ਼ੋਨ ਪਰਤ ਵਿੱਚ ਕਈ ਛੇਦ ਹੋ ਚੁੱਕੇ ਹਨ, ਜਿਸ ਕਾਰਨ ਸੂਰਜ ਦੀਆਂ ਪਰਾਬੈਂਗਣੀ ਕਿਰਨਾਂ ਸਿੱਧੀਆਂ ਧਰਤੀ 'ਤੇ ਪੈਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਇਹ ਕਿਰਨਾਂ ਮਨੁੱਖੀ ਜੀਵਨ ਲਈ ਖ਼ਤਰਨਾਕ ਹਨ।

ਵਿਗਿਆਨੀ ਤਾਂ ਇਹ ਵੀ ਕਹਿ ਰਹੇ ਹਨ ਕਿ ਕੁਦਰਤੀ ਆਫ਼ਤਾਂ ਨਾਲ ਭਾਰਤ ਦੀ ਜ਼ਮੀਨ ਸੱਚਮੁੱਚ ਦੋ ਹਿੱਸਿਆਂ ਵਿੱਚ ਵੰਡੀ ਜਾ ਸਕਦੀ ਹੈ। ਸਾਡੇ ਸ਼ਹਿਰ, ਨਦੀਆਂ ਅਤੇ ਪਹਾੜ ਭਵਿੱਖ ਵਿੱਚ ਇੱਕੋ ਜਿਹੇ ਨਹੀਂ ਰਹਿਣਗੇ। ਸਟੈਨਫੋਰਡ ਯੂਨੀਵਰਸਿਟੀ ਦੇ ਭੂ-ਭੌਤਿਕ ਵਿਗਿਆਨੀ ਸਾਈਮਨ ਕਲੋਂਪਰਰ ਅਤੇ ਉਨ੍ਹਾਂ ਦੀ ਟੀਮ ਨੇ ਇੱਕ ਹੈਰਾਨੀਜਨਕ ਪ੍ਰਕਿਰਿਆ ਦੀ ਪਛਾਣ ਕੀਤੀ ਹੈ ਜਿਸ ਨੂੰ ਉਨ੍ਹਾਂ ਨੇ 'ਡੀਲੇਮੀਨੇਸ਼ਨ' ਦਾ ਨਾਮ ਦਿੱਤਾ ਹੈ। ਇਸ ਦਾ ਮਤਲਬ ਹੈ ਕਿ ਭਾਰਤੀ ਟੈਕਟੋਨਿਕ ਪਲੇਟ ਦਾ ਭਾਰੀ, ਸੰਘਣਾ ਹਿੱਸਾ ਹੁਣ ਹੌਲੀ-ਹੌਲੀ ਟੁੱਟ ਰਿਹਾ ਹੈ ਅਤੇ ਧਰਤੀ ਦੀਆਂ ਡੂੰਘਾਈਆਂ ਵਿੱਚ ਡੁੱਬ ਰਿਹਾ ਹੈ।

ਵਿਗਿਆਨੀਆਂ ਅਨੁਸਾਰ, ਭਾਰਤ ਜਿਸ ਟੈਕਟੋਨਿਕ ਪਲੇਟ 'ਤੇ ਟਿਕਿਆ ਹੈ, ਉਹ ਅੰਦਰੋਂ ਟੁੱਟਣ ਲੱਗੀ ਹੈ। ਇਸ ਦਾ ਪ੍ਰਭਾਵ ਆਉਣ ਵਾਲੇ ਸਾਲਾਂ ਵਿੱਚ ਵਿਨਾਸ਼ਕਾਰੀ ਭੂਚਾਲ, ਮੌਸਮ ਵਿੱਚ ਬਦਲਾਅ ਅਤੇ ਜ਼ਮੀਨ ਦੇ ਨਕਸ਼ੇ ਵਿੱਚ ਵੱਡੇ ਬਦਲਾਅ ਲਿਆ ਸਕਦਾ ਹੈ।

ਇਹ ਇਸ ਤਰ੍ਹਾਂ ਹੈ ਜਿਵੇਂ ਸਾਡੀ ਧਰਤੀ ਦਾ ਇੱਕ ਹਿੱਸਾ ਚੁੱਪ-ਚਾਪ ਧਰਤੀ ਦੇ ਅੰਦਰ ਖਿਸਕ ਰਿਹਾ ਹੋਵੇ। ਅਮਰੀਕਨ ਜੀਓਫਿਜ਼ੀਕਲ ਯੂਨੀਅਨ ਦੇ ਇੱਕ ਨਵੇਂ ਅਧਿਐਨ ਦੇ ਅਨੁਸਾਰ, ਭਾਰਤੀ ਪਲੇਟ ਪਿਛਲੇ 60 ਮਿਲੀਅਨ ਸਾਲਾਂ ਤੋਂ ਉੱਤਰ ਵੱਲ ਖਿਸਕ ਰਹੀ ਹੈ। ਹਿਮਾਲਿਆ ਵਰਗੇ ਪਹਾੜ ਇਸ ਟੱਕਰ ਕਾਰਨ ਬਣੇ ਸਨ, ਪਰ ਹੁਣ ਇਹ ਟੱਕਰ ਇੱਕ ਖ਼ਤਰਨਾਕ ਮੋੜ ਲੈ ਰਹੀ ਹੈ।

ਜੇਕਰ ਪਲੇਟਾਂ ਦੇ ਟੁੱਟਣ ਦਾ ਇਹ ਦੌਰ ਤੇਜ਼ ਹੁੰਦਾ ਹੈ, ਤਾਂ ਉੱਤਰੀ ਭਾਰਤ, ਨੇਪਾਲ, ਤਿੱਬਤ ਅਤੇ ਉੱਤਰ-ਪੂਰਬੀ ਭਾਰਤ ਵਿੱਚ ਭੂਚਾਲਾਂ ਦੀ ਤੀਬਰਤਾ ਅਤੇ ਬਾਰੰਬਾਰਤਾ ਵਧ ਸਕਦੀ ਹੈ। ਪਲੇਟਾਂ ਦੇ ਟੁੱਟਣ ਨਾਲ ਜ਼ਮੀਨ ਦੀ ਸ਼ਕਲ, ਦਰਿਆਵਾਂ ਦੀ ਦਿਸ਼ਾ ਅਤੇ ਪਹਾੜਾਂ ਦੀ ਸਥਿਤੀ ਵੀ ਬਦਲ ਸਕਦੀ ਹੈ। ਜ਼ਮੀਨ ਦੀ ਉਚਾਈ ਅਤੇ ਬਣਤਰ ਵਿੱਚ ਬਦਲਾਅ ਮਾਨਸੂਨ ਅਤੇ ਜਲਵਾਯੂ ਚੱਕਰ ਨੂੰ ਵੀ ਪ੍ਰਭਾਵਿਤ ਕਰ ਸਕਦੇ ਹਨ।

ਵਿਗਿਆਨੀਆਂ ਦਾ ਮੰਨਣਾ ਹੈ ਕਿ ਇਹ ਪ੍ਰਕਿਰਿਆ ਆਪਣੇ ਸ਼ੁਰੂਆਤੀ ਪੜਾਅ ਵਿੱਚ ਹੈ। ਇਸ ਦਾ ਮਤਲਬ ਹੈ ਕਿ ਸਮਾਂ ਬੀਤ ਰਿਹਾ ਹੈ ਪਰ ਇਸ ਸੰਬੰਧੀ ਕਾਰਵਾਈ ਜ਼ਰੂਰੀ ਹੈ। ਭਾਰਤ ਨੂੰ ਨਿਰੰਤਰ ਨਿਗਰਾਨੀ ਦੀ ਲੋੜ ਹੈ। ਇਸ ਦੇ ਨਾਲ ਹੀ, ਭੂਚਾਲ ਸੁਰੱਖਿਆ ਮਾਪਦੰਡਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਲੋੜ ਹੈ। ਇਸ ਦੇ ਨਾਲ, ਜਨਤਾ ਨੂੰ ਵੀ ਇਸ ਸਥਿਤੀ ਲਈ ਤਿਆਰ ਰਹਿਣ ਦੀ ਲੋੜ ਹੈ।

ਭਾਰਤ ਖਾਸ ਕਰਕੇ ਪੰਜਾਬ ਸਮੇਤ ਉੱਤਰੀ ਭਾਰਤ ਵਿੱਚ ਰੁੱਤਾਂ ਦਾ ਸਮਾਂ ਬਦਲ ਰਿਹਾ ਹੈ। ਹੁਣ ਅਪ੍ਰੈਲ ਮਹੀਨੇ ਵੀ ਬਰਸਾਤ, ਮੈਦਾਨੀ ਇਲਾਕਿਆਂ ਵਿੱਚ ਗੜ੍ਹੇਮਾਰੀ, ਪਹਾੜਾਂ ਵਿੱਚ ਬਰਫ਼ ਅਤੇ ਠੰਡ ਪੈਣ ਨਾਲ ਨਵੰਬਰ ਮਹੀਨੇ ਵਰਗਾ ਅਹਿਸਾਸ ਹੁੰਦਾ ਹੈ। ਮਨੁੱਖੀ ਜ਼ਿੰਦਗੀ ਲਈ ਜ਼ਰੂਰੀ ਹਵਾ ਦਿਨੋਂ ਦਿਨ ਦੂਸ਼ਿਤ ਹੋ ਰਹੀ ਹੈ, ਜਿਸ ਨਾਲ ਆਮ ਲੋਕਾਂ ਨੂੰ ਸਾਹ ਲੈਣਾ ਔਖਾ ਹੁੰਦਾ ਜਾ ਰਿਹਾ ਹੈ। ਖੇਤੀ ਅਤੇ ਜੰਗਲਾਤ ਹੇਠ ਰਕਬਾ ਘੱਟ ਰਿਹਾ ਹੈ, ਹਰ ਪਾਸੇ ਕੰਕਰੀਟ ਦੇ ਜੰਗਲ ਦਿਖਾਈ ਦੇ ਰਹੇ ਹਨ, ਜਿਸ ਕਾਰਨ ਧਰਤੀ ਦਾ ਤਾਪਮਾਨ ਵਧਦਾ ਜਾ ਰਿਹਾ ਹੈ।

ਸਾਡੀ ਧਰਤੀ ਤੋਂ ਪੰਛੀਆਂ, ਜਨੌਰਾਂ, ਜਾਨਵਰਾਂ ਦੀਆਂ ਅਨੇਕਾਂ ਕਿਸਮਾਂ ਅਲੋਪ ਹੋ ਚੁੱਕੀਆਂ ਹਨ। ਜੇ ਮਨੁੱਖ ਹੁਣ ਵੀ ਨਾ ਸੰਭਲਿਆ ਤਾਂ ਮਨੁੱਖ ਵੀ ਅਲੋਪ ਹੋ ਸਕਦਾ ਹੈ। ਇਸ ਲਈ ਸਭ ਤੋਂ ਪਹਿਲਾਂ ਸਾਡੀ ਧਰਤੀ ਅਤੇ ਇਸ ਦੇ ਹਰੇ ਭਰੇ ਵਾਤਾਵਰਣ ਨੂੰ ਬਚਾਉਣ ਦੀ ਲੋੜ ਹੈ ਤਾਂ ਕਿ ਇਹ ਧਰਤੀ ਅੱਗ ਦਾ ਗੋਲਾ ਨਾ ਬਣ ਸਕੇ। ਨਾਸਾ ਦੇ ਵਿਗਿਆਨੀਆਂ ਨੂੰ ਚਾਹੀਦਾ ਹੈ ਕਿ ਉਹ ਚੰਦ ਅਤੇ ਮੰਗਲ ਗ੍ਰਹਿ 'ਤੇ ਮਨੁੱਖੀ ਬਸਤੀਆਂ ਵਸਾਉਣ ਦੀ ਆਪਣੀ ਮੁਹਿੰਮ ਜਾਰੀ ਰੱਖਣ ਪਰ ਉਸ ਤੋਂ ਪਹਿਲਾਂ ਸਾਡੀ ਧਰਤੀ ਨੂੰ ਬਚਾਉਣ ਲਈ ਵੱਡੇ ਉਪਰਾਲੇ ਕਰਨੇ ਚਾਹੀਦੇ ਹਨ। ਇਹ ਅੱਜ ਦੇ ਸਮੇਂ ਦੀ ਵੱਡੀ ਲੋੜ ਵੀ ਹੈ ਅਤੇ ਸਾਡਾ ਫ਼ਰਜ਼ ਵੀ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE

FLEET/ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

ਅਗਲੀ ਸਦੀ ਦਾ ਇਨਸਾਨ: ਪੁਲਾੜ ਦਾ ਮੁਸਾਫ਼ਿਰ ਜਾਂ ਮਸ਼ੀਨਾਂ ਦਾ ਗ਼ੁਲਾਮ

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

ਅਜੋਕਾ ਯੁੱਗ ਵਿਗਿਆਨਕ ਪ੍ਰਾਪਤੀਆਂ ਦਾ ਸਿਖਰ ਮੰਨਿਆ ਜਾ ਰਿਹਾ ਹੈ। ਵਿਗਿਆਨ ਦਾ ਮੌਜੂਦਾ ਨਤੀਜਾ ਇਹ ਹੈ: 'ਅਸੀਂ ਅਜੇ ਤੱਕ ਕੁਝ ਲੱਭ ਨਹੀਂ ਸਕੇ, ਪਰ ਅਸੀਂ ਇਕੱਲੇ ਹੋਈਏ, ਇਸ ਦੀ ਸੰਭਾਵਨਾ ਬਹੁਤ ਘੱਟ ਹੈ।' ਜਿਵੇਂ ਕਿ ਮਸ਼ਹੂਰ ਵਿਗਿਆਨੀ ਕਾਰਲ ਸੇਗਨ ਨੇ ਕਿਹਾ ਸੀ— 'ਜੇਕਰ ਅਸੀਂ ਇਸ ਅਨੰਤ ਬ੍ਰਹਿਮੰਡ ਵਿੱਚ ਇਕੱਲੇ ਹਾਂ, ਤਾਂ ਇਹ ਜਗ੍ਹਾ ਦੀ ਬਹੁਤ ਵੱਡੀ ਬਰਬਾਦੀ ਦੇ ਜ਼ਿੰਮੇਵਾਰ ਅਸੀਂ ਹੋਵਾਂਗੇ।' ਅਜੇ ਤੱਕ ਏਲੀਅਨਜ਼ ਸਿਰਫ਼ ਇੱਕ ਮਜ਼ਬੂਤ ਵਿਗਿਆਨਕ ਕਲਪਨਾ ਹਨ, ਹਕੀਕਤ ਬਣਨ ਲਈ ਸਾਨੂੰ ਇੱਕ ਠੋਸ ਸਬੂਤ ਦੀ ਉਡੀਕ ਹੈ। ਚਾਹੇ ਬ੍ਰਹਿਮੰਡ ਵਿੱਚ ਕਿਤੇ ਹੋਰ ਜੀਵ ਹੋਣ ਜਾਂ ਨਾ ਹੋਣ, ਪਰ 'ਮਨੁੱਖੀ ਬਿਰਤੀ' (ਜਿਗਿਆਸਾ ਅਤੇ ਮੁਕਾਬਲੇਬਾਜ਼ੀ) ਹੀ ਉਹ ਦੌੜ ਹੈ ਜਿਸ ਨੇ ਸਾਨੂੰ ਧਰਤੀ ਤੋਂ ਚੰਦਰਮਾ ਤੱਕ ਪਹੁੰਚਾਇਆ ਹੈ। ਉਸ ਨੂੰ ਉਮੀਦ ਹੈ ਕਿ ਭਵਿੱਖ ਵਿੱਚ ਅਸੀਂ ਇਹ ਜਾਣ ਸਕਾਂਗੇ ਕਿ ਕੀ ਕੋਈ ਹੋਰ 'ਵਿਚਿੱਤਰ ਗ੍ਰਹਿ' ਵੀ ਸਾਡੀ ਧਰਤੀ ਵਾਂਗ ਹੋਂਦ ਵਿੱਚ ਹੈ। ਮਨੁੱਖ ਚੰਨ 'ਤੇ ਬਸਤੀਆਂ ਵਸਾਉਣ ਅਤੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਰਾਹੀਂ ਬ੍ਰਹਿਮੰਡ ਨੂੰ ਮੁੱਠੀ ਵਿੱਚ ਕਰਨ ਦੇ ਸੁਪਨੇ ਦੇਖ ਰਿਹਾ ਹੈ। ਪਰ ਗੁਰਮਤਿ ਦੇ ਦਾਰਸ਼ਨਿਕ ਨਜ਼ਰੀਏ ਤੋਂ ਜਦੋਂ ਅਸੀਂ ਇਹਨਾਂ ਪ੍ਰਾਪਤੀਆਂ ਨੂੰ ਦੇਖਦੇ ਹਾਂ, ਤਾਂ ਇੱਕ ਬੁਨਿਆਦੀ ਸਵਾਲ ਸਾਹਮਣੇ ਆਉਂਦਾ ਹੈ ਕਿ ਕੀ ਮਨੁੱਖ ਬਾਹਰੀ ਬ੍ਰਹਿਮੰਡ ਨੂੰ ਜਿੱਤਣ ਦੀ ਦੌੜ ਵਿੱਚ ਆਪਣੇ ਅੰਦਰਲੇ ਬ੍ਰਹਿਮੰਡ ਅਤੇ 'ਕਰਤਾਰ' ਦੀ ਹੋਂਦ ਨੂੰ ਵਿਸਾਰ ਰਿਹਾ ਹੈ?

ਗੁਰਬਾਣੀ ਦਾ ਫ਼ੁਰਮਾਨ ਹੈ—

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥

ਜਪੁਜੀ ਸਾਹਿਬ ਦੀ ਇਹ 22ਵੀਂ ਪੌੜੀ ਗੁਰਮਤਿ ਦੇ ਉਸ ਵਿਰਾਟ ਦਾਰਸ਼ਨਿਕ ਪੱਖ ਨੂੰ ਉਜਾਗਰ ਕਰਦੀ ਹੈ, ਜਿੱਥੇ ਵਿਗਿਆਨਕ ਖੋਜਾਂ ਦੀਆਂ ਸੀਮਾਵਾਂ ਖ਼ਤਮ ਹੁੰਦੀਆਂ ਹਨ ਅਤੇ ਮਨ ਵਿੱਚ ਵਿਸਮਾਦ ਸ਼ੁਰੂ ਹੁੰਦਾ ਹੈ।

ਗੁਰੂ ਸਾਹਿਬ ਸਦੀਆਂ ਪਹਿਲਾਂ ਇਹ ਸਪੱਸ਼ਟ ਕਰ ਗਏ ਸਨ ਕਿ ਬ੍ਰਹਿਮੰਡ ਦੀ ਕੋਈ ਸੀਮਾ ਨਹੀਂ ਹੈ। ਇਸ ਦਾ ਅੰਤ ਨਹੀਂ ਪਾਇਆ ਜਾ ਸਕਦਾ। ਰਬੀ ਰਚਨਾ ਮਹਾਨ ਹੈ। ਅੱਜ ਦਾ ਵਿਗਿਆਨ ਜਿੰਨੀਆਂ ਵੀ ਗਲੈਕਸੀਆਂ ਜਾਂ ਗ੍ਰਹਿ ਲੱਭ ਲਵੇ, ਉਹ 'ਬੇਅੰਤ' ਦਾ ਇੱਕ ਛੋਟਾ ਜਿਹਾ ਹਿੱਸਾ ਹੀ ਹੋਵੇਗਾ। ਦਾਰਸ਼ਨਿਕ ਪੱਖ ਇਹ ਹੈ ਕਿ ਮਨੁੱਖੀ ਬੁੱਧੀ ਬ੍ਰਹਿਮੰਡ ਨੂੰ ਮਾਪ ਨਹੀਂ ਸਕਦੀ; ਇਹ ਲੱਖਾਂ ਪਾਤਾਲਾਂ ਅਤੇ ਅਕਾਸ਼ਾਂ ਦਾ ਇੱਕ ਅਜਿਹਾ ਪਸਾਰਾ ਹੈ ਜੋ ਸਾਡੀ ਸੋਚ ਤੋਂ ਪਰੇ ਹੈ।

ਮਨੁੱਖ ਨੇ ਹਮੇਸ਼ਾ ਕੁਦਰਤ ਦਾ ਅੰਤ (ਓੜਕ) ਲੱਭਣ ਦੀ ਕੋਸ਼ਿਸ਼ ਕੀਤੀ ਹੈ। ਵੇਦਾਂ ਅਤੇ ਧਾਰਮਿਕ ਗ੍ਰੰਥਾਂ ਨੇ ਵੀ ਬਹੁਤ ਖੋਜ ਕੀਤੀ, ਪਰ ਅੰਤ ਵਿੱਚ ਉਨ੍ਹਾਂ ਨੇ ਵੀ ਇਹੀ ਕਿਹਾ ਕਿ 'ਉਹ ਬੇਅੰਤ ਹੈ।' ਜਦੋਂ ਮਨੁੱਖ ਖੋਜ ਕਰਦਾ-ਕਰਦਾ ਥੱਕ ਜਾਂਦਾ ਹੈ, ਤਾਂ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਸਾਰੀ ਸ੍ਰਿਸ਼ਟੀ ਨੂੰ ਜਾਣਨਾ ਮਨੁੱਖੀ ਸਮਰੱਥਾ ਤੋਂ ਬਾਹਰ ਹੈ।

ਭਾਵੇਂ ਪੁਰਾਣ 18,000 ਆਲਮ (ਜਹਾਨ) ਕਹਿਣ ਜਾਂ ਵੱਖ-ਵੱਖ ਧਰਮਾਂ ਦੀਆਂ ਕਿਤਾਬਾਂ ਵੱਖ-ਵੱਖ ਅੰਕੜੇ ਦੇਣ, ਪਰ ਸਾਰਿਆਂ ਦਾ 'ਮੂਲ' (ਧਾਤੁ) ਇੱਕ ਹੀ ਹੈ। ਦਾਰਸ਼ਨਿਕ ਤੌਰ 'ਤੇ ਇਹ 'ਅਦਵੈਤਵਾਦ' ਦੀ ਗੱਲ ਹੈ—ਕਿ ਸਾਰੀ ਕਾਇਨਾਤ ਇੱਕੋ ਪਰਮ-ਤੱਤ (ਵਾਹਿਗੁਰੂ,ਬ੍ਰਹਮ, ਨਿੰਰਕਾਰ) ਵਿੱਚੋਂ ਨਿਕਲੀ ਹੈ। ਭਾਵੇਂ ਰੂਪ ਅਨੇਕ ਹਨ, ਪਰ ਉਹ ਸਾਰੇ ਇੱਕੋ ਊਰਜਾ ਜਾਂ ਪ੍ਰਕਾਸ਼ ਨਾਲ ਜੁੜੇ ਹੋਏ ਹਨ।

ਜੇਕਰ ਬ੍ਰਹਮ ਦੀ ਕੁਦਰਤ ਦਾ ਕੋਈ ਹਿਸਾਬ-ਕਿਤਾਬ (ਲੇਖਾ) ਹੋ ਸਕਦਾ ਹੁੰਦਾ, ਤਾਂ ਮਨੁੱਖ ਜ਼ਰੂਰ ਲਿਖ ਲੈਂਦਾ। ਪਰ ਉਸ ਦਾ ਵਿਸਥਾਰ ਇੰਨਾ ਵੱਡਾ ਹੈ ਕਿ ਹਿਸਾਬ ਲਗਾਉਂਦੇ-ਲਗਾਉਂਦੇ ਲੇਖਾ ਕਰਨ ਵਾਲਾ ਖ਼ੁਦ ਹੀ ਖ਼ਤਮ ਹੋ ਜਾਂਦਾ ਹੈ, ਪਰ ਲੇਖਾ ਪੂਰਾ ਨਹੀਂ ਹੁੰਦਾ। ਇਹ ਮਨੁੱਖੀ ਹਉਮੈ 'ਤੇ ਸਿੱਧੀ ਚੋਟ ਹੈ ਕਿ ਤੂੰ ਆਪਣੀ ਗਣਿਤ ਜਾਂ ਵਿਗਿਆਨ ਨਾਲ ਉਸ ਅਕਾਲ ਪੁਰਖ ਦੀ ਹੋਂਦ ਤੇ ਬ੍ਰਹਿਮੰਡ ਨੂੰ ਨਹੀਂ ਮਾਪ ਸਕਦਾ।

ਅਖੀਰ ਵਿੱਚ ਸਤਿਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਉਹ ਅਕਾਲ ਪੁਰਖ ਹੀ ਜਾਣਦਾ ਹੈ ਕਿ ਉਸਦੀ ਰਚਨਾ ਕਿੱਡੀ ਵਿਸ਼ਾਲ ਹੈ ,ਜਿਸ ਵਿਚ ਉਹ ਸਮਾਇਆ ਹੋਇਆ ਹੈ। ਮਨੁੱਖ ਦਾ ਕੰਮ ਬ੍ਰਹਮ ਨੂੰ 'ਵੱਡਾ' ਕਹਿ ਕੇ ਉਸ ਦੀ ਵਡਿਆਈ ਕਰਨਾ ਹੈ। ਕਹਿਣ ਤੋਂ ਭਾਵ ਜਦੋਂ ਵਿਗਿਆਨਕ ਤਰਕ ਰੁਕ ਜਾਂਦਾ ਹੈ, ਉੱਥੇ 'ਸ਼ਰਧਾ' ਅਤੇ 'ਵਿਸਮਾਦ' ਪੈਦਾ ਹੁੰਦਾ ਹੈ। ਅਸਲ ਗਿਆਨ ਇਹੀ ਹੈ ਕਿ ਅਸੀਂ ਇਹ ਮੰਨ ਲਈਏ ਕਿ ਅਸੀਂ ਕੁਝ ਨਹੀਂ ਜਾਣਦੇ, ਸਭ ਕੁਝ ਉਹ 'ਆਪ' ਹੀ ਜਾਣਦਾ ਹੈ।

ਇਹ ਵਿਚਾਰ ਸਾਨੂੰ ਸਿਖਾਉਂਦਾ ਹੈ ਕਿ ਮਨੁੱਖੀ ਗਿਆਨ ਦਾ ਅਹੰਕਾਰ ਤੁੱਛ ਹੈ। ਜਿੰਨਾ ਜ਼ਿਆਦਾ ਅਸੀਂ ਬ੍ਰਹਿਮੰਡ ਨੂੰ ਜਾਣਦੇ ਹਾਂ, ਓਨਾ ਹੀ ਸਾਨੂੰ ਉਸ ਦੀ ਵਿਸ਼ਾਲਤਾ ਦਾ ਅਹਿਸਾਸ ਹੁੰਦਾ ਹੈ। ਇਹ ਸਾਨੂੰ ਕੁਦਰਤ ਅੱਗੇ ਨਿਮਰ ਹੋਣਾ ਸਿਖਾਉਂਦੀ ਹੈ—ਇਹੀ ਗੁਰਮਤਿ ਦਾ ਅਸਲ ਵਿਗਿਆਨਕ ਅਤੇ ਅਧਿਆਤਮਿਕ ਦਰਸ਼ਨ ਹੈ।

ਮਨੁੱਖ ਅੱਜ ਜਿਨ੍ਹਾਂ ਗਲੈਕਸੀਆਂ ਅਤੇ ਪੁਲਾੜੀ ਦੂਰੀਆਂ ਨੂੰ ਮਾਪ ਰਿਹਾ ਹੈ, ਗੁਰਮਤਿ ਨੇ ਸਦੀਆਂ ਪਹਿਲਾਂ ਉਹਨਾਂ ਨੂੰ 'ਬੇਅੰਤ' ਕਹਿ ਕੇ ਵਡਿਆਇਆ ਸੀ। ਚੰਦਰਮਾ ਤੱਕ ਪਹੁੰਚਣਾ ਮਨੁੱਖੀ ਜਿਗਿਆਸਾ ਦੀ ਵੱਡੀ ਜਿੱਤ ਹੋ ਸਕਦੀ ਹੈ, ਪਰ ਅਧਿਆਤਮਿਕ ਪੱਖੋਂ ਇਹ 'ਕੁਦਰਤ' ਦੇ ਵਿਸਥਾਰ ਦਾ ਇੱਕ ਨਿੱਕਾ ਜਿਹਾ ਅੰਸ਼ ਮਾਤਰ ਹੈ। ਵਿਗਿਆਨ ਸਿਰਫ਼ ਵਾਹਿਗੁਰੂ ਦੀ 'ਕਿਰਤ' ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹੈ, ਜਦਕਿ ਗੁਰਮਤਿ 'ਕਰਤਾਰ' ਦੀ ਪਛਾਣ 'ਤੇ ਜ਼ੋਰ ਦਿੰਦੀ ਹੈ।

ਮਨੁੱਖ ਦੇ ਅੰਦਰਲੇ 'ਦੈਵੀ ਗੁਣਾਂ' ਅਤੇ 'ਹਉਮੈ' ਦਾ ਟਕਰਾਅ ਹੈ। ਮਨੁੱਖੀ ਹੰਕਾਰ ਅੱਜ ਦੀ ਤਕਨੀਕੀ ਹੋੜ ਵਿੱਚ ਵੀ ਨਜ਼ਰ ਆਉਂਦਾ ਹੈ, ਜਿੱਥੇ ਇੱਕ ਮੁਲਕ ਦੂਜੇ 'ਤੇ ਗਲਬਾ ਪਾਉਣ ਲਈ ਪੁਲਾੜ ਨੂੰ ਇੱਕ ਹਥਿਆਰ ਵਜੋਂ ਵਰਤਣਾ ਚਾਹੁੰਦਾ ਹੈ। ਗੁਰਮਤਿ ਵਿੱਚ 'ਹਉਮੈ ਦੀਰਘ ਰੋਗੁ ਕਿਹਾ ਹੈ'। ਜੇਕਰ ਮਨੁੱਖ ਚੰਦ 'ਤੇ ਤਾਂ ਪਹੁੰਚ ਗਿਆ ਪਰ ਆਪਣੇ ਅੰਦਰਲੇ ਹੰਕਾਰ, ਈਰਖਾ, ਭਰਮ ਨੂੰ ਨਾ ਜਿੱਤ ਸਕਿਆ, ਤਾਂ ਇਹ ਵਿਕਾਸ ਅਧੂਰਾ ਹੈ। ਨਿਰਮਾਣ ਅਤੇ ਵਿਨਾਸ਼ ਦਾ ਨਾਲ-ਨਾਲ ਚੱਲਣਾ ਇਸੇ 'ਹਉਮੈ' ਦੀ ਉਪਜ ਹੈ, ਜਿੱਥੇ ਮਨੁੱਖ ਰੌਕੇਟ ਵੀ ਬਣਾਉਂਦਾ ਹੈ ਅਤੇ ਦੂਜੇ ਨੂੰ ਮਿਟਾਉਣ ਲਈ ਐਟਮ ਬੰਬ ਵੀ ਬਣਾਉਂਦਾ ਹੈ। ਦੂਜਿਆਂ ਦੇ ਕੁਦਰਤੀ ਭੰਡਾਰਾਂ ਉਪਰ ਕਬਜ਼ਾ ਕਰਨ ਲਈ ਜੰਗਾਂ ਨੂੰ ਜਨਮ ਦੇਕੇ ਹੈਵਾਨ ਬਣਦਾ ਹੈ ਤੇ ਮਨੁੱਖਤਾ ਦੇ ਵਿਨਾਸ਼ ਦਾ ਕਾਰਣ ਬਣਦਾ ਹੈ।

ਭਵਿੱਖ ਵਿੱਚ ਮਸ਼ੀਨਾਂ ਅਤੇ ਏ.ਆਈ. ਰਾਹੀਂ ਪੁਲਾੜੀ ਸਫ਼ਰ ਤੈਅ ਕੀਤੇ ਜਾਣ ਦੀ ਗੱਲ ਹੋ ਰਹੀ ਹੈ। ਗੁਰਮਤਿ ਅਨੁਸਾਰ, ਮਸ਼ੀਨ 'ਜੜ੍ਹ' ਹੈ ਅਤੇ ਮਨੁੱਖ 'ਚੇਤਨ'। ਮਸ਼ੀਨ ਓਹੀ ਕਰੇਗੀ ਜੋ ਉਸ ਦਾ ਨਿਰਮਾਤਾ (ਮਨੁੱਖ) ਉਸ ਵਿੱਚ ਭਰੇਗਾ। ਜੇਕਰ ਮਨੁੱਖੀ ਬੁੱਧੀ ਵਿਕਾਰਾਂ ਨਾਲ ਭਰੀ ਹੋਵੇਗੀ, ਤਾਂ ਉਸ ਦੁਆਰਾ ਸਿਰਜੀ 'ਏ.ਆਈ.' ਵੀ ਵਿਨਾਸ਼ਕਾਰੀ ਹੋ ਸਕਦੀ ਹੈ। ਗੁਰੂ ਸਾਹਿਬ ਨੇ 'ਮਨੁ ਜੀਤੈ ਜਗੁ ਜੀਤੁ' ਦਾ ਮਾਰਗ ਦੱਸਿਆ ਹੈ। ਅਸਲ 'ਆਟੋ-ਮੋਡ' ਉਹ ਹੈ ਜਦੋਂ ਮਨੁੱਖੀ ਮਨ ਰਬੀ ਹੁਕਮ ਵਿੱਚ ਚੱਲਣ ਲੱਗ ਪਵੇ, ਨਾ ਕਿ ਜਦੋਂ ਮਸ਼ੀਨਾਂ ਮਨੁੱਖ ਦੇ ਫ਼ੈਸਲੇ ਲੈਣ ਲੱਗ ਜਾਣ।

ਅਮਰੀਕਾ ਜਾਂ ਕਿਸੇ ਵੀ ਹੋਰ ਵਿਕਾਸਸ਼ੀਲ ਦੇਸ਼ ਦੀ ਪ੍ਰਯੋਗਸ਼ਾਲਾ ਵਿੱਚ ਹੋ ਰਹੀਆਂ ਖੋਜਾਂ ਉਦੋਂ ਹੀ ਮਨੁੱਖਤਾ ਲਈ ਵਰਦਾਨ ਬਣ ਸਕਦੀਆਂ ਹਨ ਜੇਕਰ ਉਹ 'ਸਰਬੱਤ ਦੇ ਭਲੇ' ਦੇ ਸਿਧਾਂਤ ਨਾਲ ਜੁੜੀਆਂ ਹੋਣ। ਪੁਲਾੜ ਦੀ ਖੋਜ ਸਿਰਫ਼ ਪਦਾਰਥਕ ਲਾਭ (ਹੀਲਿਅਮ-3 ਜਾਂ ਈਂਧਨ) ਲਈ ਨਹੀਂ, ਸਗੋਂ ਕਰਤਾਰ ਦੀ ਕਲਾ ਨੂੰ ਸਮਝਣ ਲਈ ਹੋਣੀ ਚਾਹੀਦੀ ਹੈ।

ਅੰਤ ਵਿੱਚ, ਸਭਿਅਤਾਵਾਂ ਦੀ ਉਡਾਣ ਉਦੋਂ ਹੀ ਸਾਰਥਕ ਹੈ ਜਦੋਂ ਮਨੁੱਖ 'ਹੋਮੋ ਸੇਪੀਅਨ' ਤੋਂ ਉੱਪਰ ਉੱਠ ਕੇ 'ਗੁਰਮੁਖ' ਬਣਨ ਦੀ ਕੋਸ਼ਿਸ਼ ਕਰੇ। ਹੋਮੋ ਸੇਪੀਅਨ ਇਹ ਮਨੁੱਖ ਦੀ ਉਹ ਅਵਸਥਾ ਹੈ ਜੋ ਸਿਰਫ਼ ਬੁੱਧੀ, ਤਰਕ ਅਤੇ ਸਰੀਰਕ ਲੋੜਾਂ ਤੱਕ ਸੀਮਤ ਹੈ। ਵਿਗਿਆਨਕ ਤੌਰ 'ਤੇ ਅਸੀਂ ਬਹੁਤ ਉੱਨਤੀ ਕਰ ਲਈ ਹੈ, ਪਰ ਇਹ ਉੱਨਤੀ ਅਕਸਰ 'ਹਉਮੈ' ਨੂੰ ਜਨਮ ਦਿੰਦੀ ਹੈ।

ਗੁਰਮਤਿ ਅਨੁਸਾਰ ਗੁਰਮੁਖ ਉਹ ਹੈ ਜਿਸ ਦਾ ਮੁੱਖ 'ਗੁਰੂ' ਜਾਂ 'ਰਬੀ ਸੱਚ' ਵੱਲ ਹੈ। ਜਦੋਂ ਮਨੁੱਖ ਆਪਣੀ ਬੁੱਧੀ ਦੀ ਵਰਤੋਂ ਸਿਰਫ਼ ਨਿੱਜੀ ਫ਼ਾਇਦੇ ਲਈ ਨਹੀਂ, ਸਗੋਂ 'ਸਰਬੱਤ ਦੇ ਭਲੇ' ਅਤੇ ਕੁਦਰਤ ਦੀ ਰਮਜ਼ ਨੂੰ ਸਮਝਣ ਲਈ ਕਰਦਾ ਹੈ, ਤਾਂ ਉਹ 'ਹੋਮੋ ਸੇਪੀਅਨ' (ਪਸ਼ੂ ਬਿਰਤੀ/ਸਵਾਰਥ) ਤੋਂ ਉੱਪਰ ਉੱਠ ਕੇ 'ਗੁਰਮੁਖ' ਬਣ ਜਾਂਦਾ ਹੈ। ਸਭਿਅਤਾਵਾਂ ਦੀ ਸਾਰਥਕਤਾ ਕੇਵਲ ਵੱਡੀਆਂ ਇਮਾਰਤਾਂ ਜਾਂ ਰੌਕੇਟ ਬਣਾਉਣ ਵਿੱਚ ਨਹੀਂ, ਸਗੋਂ ਉੱਚੇ ਇਖ਼ਲਾਕ ਵਾਲੇ ਮਨੁੱਖ ਪੈਦਾ ਕਰਨ ਵਿੱਚ ਹੈ। ਜਦੋਂ ਅਸੀਂ ਖਗੋਲ ਵਿਗਿਆਨ ਦੇ ਨਜ਼ਰੀਏ ਤੋਂ ਦੇਖਦੇ ਹਾਂ, ਤਾਂ ਕਰੋੜਾਂ ਗਲੈਕਸੀਆਂ ਵਿੱਚ ਸਾਡੀ ਧਰਤੀ ਰੇਤ ਦੇ ਇੱਕ ਕਣ ਵਰਗੀ ਹੈ ਅਤੇ ਉਸ ਕਣ ਉੱਤੇ ਮਨੁੱਖ ਦੀ ਹੋਂਦ ਇੱਕ ਬਿੰਦੂ ਮਾਤਰ ਵੀ ਨਹੀਂ। ਦਾਰਸ਼ਨਿਕ ਪੱਖੋਂ, ਜਦੋਂ ਮਨੁੱਖ ਬ੍ਰਹਿਮੰਡ ਦੀ ਵਿਸ਼ਾਲਤਾ ਨੂੰ ਦੇਖਦਾ ਹੈ, ਤਾਂ ਉਸ ਨੂੰ ਆਪਣੀ ਸੀਮਾ ਦਾ ਪਤਾ ਲੱਗਦਾ ਹੈ। ਇਹ 'ਤੁੱਛਤਾ' ਨਕਾਰਾਤਮਕ ਨਹੀਂ ਹੈ, ਸਗੋਂ ਇਹ ਨਿਮਰਤਾ ਦੀ ਜਨਨੀ ਹੈ। ਗੁਰਬਾਣੀ ਸਿਖਾਉਂਦੀ ਹੈ— 'ਆਪਸ ਕਉ ਜੋ ਜਾਣੈ ਨੀਚਾ॥ ਸੋਊ ਗਨੀਐ ਸਭ ਤੇ ਊਚਾ॥ (ਪੰਨਾ ੨੬੬)

ਜਿਹੜਾ ਮਨੁੱਖ ਆਪਣੇ ਆਪ ਨੂੰ ਨੀਵਾਂ ਸਮਝਦਾ ਹੈ ਉਹੀ ਸਾਰਿਆਂ ਨਾਲੋਂ ਵੱਡਾ ਗਿਣਿਆ ਜਾਂਦਾ ਹੈ। ਹੰਕਾਰ ਉਦੋਂ ਪੈਦਾ ਹੁੰਦਾ ਹੈ ਜਦੋਂ ਮਨੁੱਖ ਆਪਣੇ ਆਪ ਨੂੰ 'ਕਰਤਾ' ਸਮਝਣ ਲੱਗ ਪੈਂਦਾ ਹੈ। ਪਰ ਜਦੋਂ ਉਹ ਬ੍ਰਹਿਮੰਡ ਦੇ ਬੇਅੰਤ ਪਸਾਰੇ ਨੂੰ ਦੇਖਦਾ ਹੈ, ਤਾਂ ਉਸ ਦੀ 'ਮੈਂ' ਖ਼ਤਮ ਹੋ ਜਾਂਦੀ ਹੈ। ਇਹ ਹੰਕਾਰ ਦਾ ਟੁੱਟਣਾ ਹੀ ਬ੍ਰਹਿਮੰਡੀ ਚੇਤਨਾ ਦੀ ਸ਼ੁਰੂਆਤ ਹੈ।

ਕੋਈ ਵੀ ਖੋਜ ਜਾਂ ਤਕਨਾਲੋਜੀ (ਜਿਵੇਂ ਏ.ਆਈ. ਜਾਂ ਮਾਰਸ ਮਿਸ਼ਨ) ਉਦੋਂ ਹੀ ਸਾਰਥਕ ਹੈ ਜੇਕਰ ਉਹ ਮਨੁੱਖ ਨੂੰ ਹੋਰ ਜ਼ਿਆਦਾ ਸੰਵੇਦਨਸ਼ੀਲ, ਦਿਆਲੂ ਅਤੇ ਕੁਦਰਤ ਦੇ ਕਰੀਬ ਲੈ ਕੇ ਜਾਵੇ। ਜੇਕਰ ਵਿਗਿਆਨ ਸਾਨੂੰ ਸਿਰਫ਼ ਤਾਕਤਵਰ ਬਣਾਉਂਦਾ ਹੈ ਪਰ ਅੰਦਰੋਂ ਖੋਖਲਾ ਛੱਡ ਦਿੰਦਾ ਹੈ, ਤਾਂ ਇਹ ਵਿਕਾਸ ਵਿਨਾਸ਼ ਵੱਲ ਲੈ ਕੇ ਜਾਵੇਗਾ।

'ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥'

ਗੁਰਮਤਿ ਦਾ ਇਹ ਸਿਧਾਂਤ ਦੱਸਦਾ ਹੈ ਕਿ ਗਿਆਨ ਦਾ ਅਸਲ ਮਕਸਦ ਦੂਜਿਆਂ ਦਾ ਭਲਾ ਕਰਨਾ ਅਤੇ ਨਿਮਰ ਹੋਣਾ ਹੈ।

ਮਨੁੱਖ ਦਾ ਚੰਦ 'ਤੇ ਪਹੁੰਚਣਾ ਸਰੀਰਕ ਉਡਾਣ ਹੈ, ਪਰ ਮਨੁੱਖ ਦਾ ਆਪਣੇ ਅੰਦਰਲੇ ਹੰਕਾਰ ਨੂੰ ਮਾਰ ਕੇ ਸਭ ਵਿੱਚ ਉਸੇ ਇੱਕ ਨੂਰ ਨੂੰ ਦੇਖਣਾ 'ਅਧਿਆਤਮਕ ਉਡਾਣ' ਹੈ। ਜਿੰਨੀ ਦੇਰ ਤੱਕ ਸਾਡੀ ਬਾਹਰੀ ਉਡਾਣ ਸਾਡੀ ਅੰਦਰੂਨੀ ਨਿਮਰਤਾ ਦੇ ਬਰਾਬਰ ਨਹੀਂ ਹੁੰਦੀ, ਉਦੋਂ ਤੱਕ ਸਭਿਅਤਾਵਾਂ ਅਧੂਰੀਆਂ ਰਹਿਣਗੀਆਂ।

ਬ੍ਰਹਿਮੰਡ ਦੀ ਵਿਸ਼ਾਲਤਾ ਦੇ ਸਾਹਮਣੇ ਮਨੁੱਖ ਨੂੰ ਆਪਣੀ ਤੁੱਛਤਾ ਦਾ ਅਹਿਸਾਸ ਹੋਣਾ ਚਾਹੀਦਾ ਹੈ, ਨਾ ਕਿ ਹੰਕਾਰ। ਜਿਵੇਂ ਗੁਰਬਾਣੀ ਕਹਿੰਦੀ ਹੈ— 'ਵਿਸਮਾਦੁ ਨਾਦ ਵਿਸਮਾਦੁ ਵੇਦ ॥ ਵਿਸਮਾਦੁ ਜੀਅ ਵਿਸਮਾਦੁ ਭੇਦ ॥' ਇਸ ਵਿਸਮਾਦ ਵਿੱਚ ਜੀਣਾ ਹੀ ਮਨੁੱਖ ਦੀ ਅਸਲ ਪ੍ਰਾਪਤੀ ਹੈ। ਵਿਸਮਾਦ ਦਾ ਮਤਲਬ ਰੱਬੀ ਰੰਗ ਵਿੱਚ ਰੰਗਿਆ ਹੋਣਾ ਤੇ ਅਨੰਦ ਮਹਿਸੂਸ ਕਰਨਾ।

ਗੁਰੂ ਨਾਨਕ ਸਾਹਿਬ ਨੇ 'ਆਸਾ ਦੀ ਵਾਰ' ਵਿੱਚ ਵਿਸਮਾਦ ਦਾ ਬਹੁਤ ਸੁੰਦਰ ਵਰਣਨ ਕੀਤਾ ਹੈ:

'ਵਿਸਮਾਦੁ ਨਾਦ ਵਿਸਮਾਦੁ ਵੇਦ ॥
ਵਿਸਮਾਦੁ ਜੀਅ ਵਿਸਮਾਦੁ ਭੇਦ ॥'

'ਵਿਸਮਾਦੁ ਰੂਪ ਵਿਸਮਾਦੁ ਰੰਗ ॥
ਵਿਸਮਾਦੁ ਨਾਗੇ ਫ਼ਿਰਹਿ ਜੰਤ ॥'

ਇੱਥੇ ਗੁਰੂ ਸਾਹਿਬ ਕਹਿੰਦੇ ਹਨ ਕਿ ਹਵਾ ਦੀ ਆਵਾਜ਼ ਵਿੱਚ ਵਿਸਮਾਦ ਹੈ, ਗਿਆਨ ਵਿੱਚ ਵਿਸਮਾਦ ਹੈ, ਜੀਵਾਂ ਦੀਆਂ ਕਿਸਮਾਂ ਵਿੱਚ ਵਿਸਮਾਦ ਹੈ, ਅਤੇ ਕੁਦਰਤ ਦੇ ਰੰਗਾਂ ਵਿੱਚ ਵਿਸਮਾਦ ਹੈ। ਮਤਲਬ ਕਿ ਕੁਦਰਤ ਦਾ ਹਰ ਕਣ ਉਸ ਕਰਤਾਰ ਦੀ ਅਦਭੁਤ ਕਲਾ ਦਾ ਨਮੂਨਾ ਹੈ। ਵਿਸਮਾਦ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਇਹ ਮਨੁੱਖ ਨੂੰ ਨਿਮਰ ਬਣਾਉਂਦਾ ਹੈ। ਜਦੋਂ ਸਾਨੂੰ ਪਤਾ ਲੱਗਦਾ ਹੈ ਕਿ ਸ੍ਰਿਸ਼ਟੀ ਇੰਨੀ ਵਿਸ਼ਾਲ ਹੈ ਅਤੇ ਅਸੀਂ ਇੰਨੇ ਛੋਟੇ ਹਾਂ, ਤਾਂ ਸਾਡਾ 'ਮੈਂ-ਮੇਰੀ' ਦਾ ਹੰਕਾਰ ਟੁੱਟ ਜਾਂਦਾ ਹੈ। ਇਹੋ ਨਿਮਰਤਾ ਹੀ ਸਾਨੂੰ ਰੱਬੀ ਸੱਚ ਦੇ ਨੇੜੇ ਲੈ ਕੇ ਜਾਂਦੀ ਹੈ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ
ਸਾਡੀ ਈ.ਮੇਲ : asrnewwriters@gmail.com
'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ
ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ

ਮੁਗਲ ਬਾਦਸ਼ਾਹ ਹੁੰਮਾਯੂ ਦੀ ਹਕੂਮਤ ਦਾ ਸਮਾਂ ਸੀ। ਅਰਾਜਕਤਾ ਦਾ ਦੌਰ ਸੀ। ਸਮਾਜ ਝੂਠੇ ਕਰਮਕਾਂਡਾਂ, ਜਾਤ-ਪਾਤ ਦੇ ਵਿਤਕਰੇ ਅਤੇ ਵਹਿਮਾਂ-ਭਰਮਾਂ ਵਿੱਚ ਗ੍ਰਸਤ ਸੀ । ਅਜੇਹੇ ਸਮੇਂ ਵਿੱਚ ਸਿੱਖ ਧਰਮ ਦੀ ਪਹਿਲੀ ਪਾਤਿਸ਼ਾਹੀ ਗੁਰੂ ਨਾਨਕ ਦੇਵ ਸਾਹਿਬ ਜੀ ਵਲੋਂ ਮਨੁੱਖਤਾ ਦੀ ਭਲਾਈ ਲਈ ਚਲਾਏ ਗਏ ਸਿੱਖ ਧਰਮ ਦਾ ਵਿਕਾਸ ਹੋ ਰਿਹਾ ਸੀ। ਇਸ ਧਰਮ-ਯੋਗ ਦੇ ਕਾਰਜ ਨੂੰ ਬੜੀ ਸ਼ਿੱਦਤ ਨਾਲ ਅਗਾਂਹ ਤੋਰਨ ਦੇ ਸੰਕਲਪ ਵਿੱਚ ਦੂਸਰੀ ਪਾਤਿਸ਼ਾਹੀ ਗੁਰੂ ਅੰਗਦ ਦੇਵ ਸਾਹਿਬ ਜੀ ਨੇ 13 ਸਾਲ ਭਾਵ 1539 -1552 ਤੱਕ, ਖਡੂਰ ਸਾਹਿਬ ਦੀ ਪਾਵਨ ਇਤਿਹਾਸਕ ਨਗਰੀ ਤੋਂ ਸਿੱਖੀ ਦਾ ਪ੍ਰਚਾਰ ਜਾਰੀ ਰੱਖਿਆ । ਗੁਰੂ ਅੰਗਦ ਦੇਵ ਸਾਹਿਬ ਜੀ ਨੇ ਸਿੱਖ ਧਰਮ ਦੇ ਗੁਰਮਤਿ ਵਿਕਾਸ ਵਿੱਚ ਵੱਡਾ ਯੋਗਦਾਨ ਪਾਇਆ ।

ਗੁਰੂ ਅੰਗਦ ਦੇਵ ਸਾਹਿਬ ਜੀ ਦਾ ਆਗਮਨ 31 ਮਾਰਚ 1504 ਵਿੱਚ ਮੱਤੇ ਦੀ ਸਰਾਂ ਮੁਕਤਸਰ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਹੋਇਆ। ਪਿਤਾ ਦਾ ਨਾਮ ਫੇਰੂ ਮੱਲ ਜੀ ਤੇ ਮਾਤਾ ਦਇਆ ਕੌਰ/ ਮਾਤਾ ਸਭਰਾਈ ਸੀ। ਮੱਤੇ ਦੀ ਸਰਾਂ ਥੇਹ ਉੱਪਰ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਜਨਮ ਅਸਥਾਨ ਥਾਂ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਬਾਬਰ ਦੇ ਹਮਲਿਆਂ ਸਮੇਂ ਇਹ ਨਗਰੀ ਤਬਾਹ ਕਰਕੇ ਥੇਹ ਬਣਾ ਦਿੱਤੀ ਗਈ ਸੀ । ਗੁਰੂ ਅੰਗਦ ਦੇਵ ਸਾਹਿਬ ਜੀ ਦਾ ਪ੍ਰਵਾਰਕ ਨਾਂਅ ਲਹਿਣਾ ਜੀ ਸੀ । ਆਪ ਜੀ ਦੇ ਪਿਤਾ ਜੀ ਚੌਧਰੀ ਤੱਖਤ ਮੱਲ ਕੋਲ ਲੇਖਾਕਾਰ ਸਨ। ਜੋ ਬੜੇ ਮਿਹਨਤੀ, ਇਮਾਨਦਾਰ ਅਤੇ ਮਿਲਾਪੜੇ ਸਨ। ਬਾਅਦ ਵਿੱਚ ਉਹਨਾਂ ਦਾ ਪ੍ਰਵਾਰ ਖਡੂਰ ਸਾਹਿਬ ਵੱਸ ਗਿਆ। ਲਹਿਣਾ ਜੀ ਦਾ ਵਿਆਹ ਜਨਵਰੀ 1520 ਵਿੱਚ ਖਡੂਰ ਸਾਹਿਬ ਦੇ ਨੇੜਲੇ ਪਿੰਡ ਸੰਘਰ ਵਿੱਚ ਦੇਵੀ ਚੰਦ ਦੀ ਸਪੁੱਤਰੀ ਬੀਬੀ ਖੀਵੀ ਜੀ ਨਾਲ ਹੋਇਆ। ਆਪ ਜੀ ਦੇ ਦੋ ਸਪੁੱਤਰ ਦਾਸੂ ਜੀ ਤੇ ਦਾਤੂ ਜੀ ਤੇ ਦੋ ਸਪੁੱਤਰੀਆਂ ਬੀਬੀ ਅਮਰੋ ਤੇ ਬੀਬੀ ਅਣੌਖੀ ਜੀ ਸਨ ।

ਇੱਕ ਦਿਨ ਅੰਮ੍ਰਿਤ ਵੇਲੇ ਭਾਈ ਜੋਧ ਸਿੰਘ ਜੀ ਪਾਸੋਂ ਰੱਬੀ ਅੰਮਿਤ-ਬਾਣੀ ਸਰਵਣ ਕੀਤੀ। ਬਾਣੀ ਦੇ ਅੰਮਿਤ ਰਸ ਤੋਂ ਪ੍ਰਭਾਵਿਤ ਹੋ ਕੇ ਗੁਰ ਦਰਸ਼ਨਾਂ ਦੀ ਤਾਂਘ 1532 ਵਿੱਚ ਗੁਰੂ ਨਾਨਕ ਦੇਵ ਸਾਹਿਬ ਜੀ ਕੋਲ ਕਰਤਾਰਪੁਰ ਖਿੱਚ ਲਿਆਈ । ਲਹਿਣਾ ਜੀ ਗੁਰੂ ਸਾਹਿਬ ਜੀ ਦੇ ਪਿਆਰ ਅਤੇ ਅੰਮ੍ਰਿਤਮਈ ਬਚਨਾਂ ਤੋਂ ਏਨੇ ਪ੍ਰਭਾਵਿਤ ਹੋਏ ਕਿ ਹਮੇਸ਼ਾ ਲਈ ਗੁਰੂ ਸਾਹਿਬ ਦੇ ਸੱਚੇ ਸੇਵਕ ਬਣ ਕੇ ਗੁਰੂ ਜੀ ਦੇ ਹੀ ਹੋ ਕੇ ਰਹਿ ਗਏ। ਲਹਿਣਾ ਜੀ 1532-1539 ਤੱਕ ਗੁਰੂ ਨਾਨਕ ਦੇਵ ਜੀ ਦੀ ਸੰਗਤ ਵਿੱਚ ਰਹੇ । ਸਦਾ ਧਾਰਮਿਕ ਕਾਰਜਾਂ ਵਿੱਚ ਰੁੱਝੇ ਰਹਿੰਦੇ। ਗੁਰੂ ਦਾ ਜੱਸ ਸਰਵਣ ਕਰਦੇ ਵਿਚਾਰਦੇ। ਗੁਰੂ ਸਾਹਿਬ ਜੀ ਨੇ ਸਿੱਖਿਆ ਵਿੱਚ ਗਰੀਬਾਂ ਦੀ ਮਦਦ, ਹਮਦਰਦ ਨਿਰਮਾਣਤਾ ਅਤੇ ਹੁਕਮ ਵਿੱਚ ਰਹਿਣ ਦੀ ਜੀਵਨ-ਜਾਚ ਸਿਖਾਈ। ਗੁਰੂ ਜੀ ਦੇ ਪਿਆਰ ਵਿੱਚ ਤਿੰਨ ਸਾਲ ਲੰਘੇ। ਗੁਰੂ ਸਾਹਿਬ ਜੀ ਨੇ ਆਗਿਆ ਦਿੱਤੀ ਕਿ ਕੁਝ ਚਿਰ ਘਰ ਫੇਰਾ ਪਾ ਆਓ। ਆਪਣੇ ਕਾਰ ਵਿਹਾਰ ਸਮੇਟ ਆਉ। ਕੁਝ ਚਿਰ ਬਾਅਦ ਗੁਰੂ ਨਾਨਕ ਦੇਵ ਜੀ ਲਹਿਣਾ ਜੀ ਨੂੰ ਵਾਪਿਸ ਕਰਤਾਰਪੁਰ ਲੈ ਆਏ।

ਭਾਵੇਂ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਪਾਰਖੂ ਨਜ਼ਰ ਨਾਲ ਨਿਸ਼ਚਿਤ ਕਰ ਲਿਆ ਸੀ ਕਿ ਗੁਰਗੱਦੀ ਦੀ ਜ਼ਿੰਮੇਵਾਰੀ ਲਹਿਣਾ ਜੀ ਨੇ ਹੀ ਨਿਭਾਉਣੀ ਹੈ ਪਰ ਸੰਗਤਾਂ ਦਾ ਵਿਸ਼ਵਾਸ ਜਿੱਤਣ ਲਈ ਪਰਖ ਅਤੇ ਸੇਵਾ ਦਾ ਮੌਕਾ ਦਿੱਤਾ। ਲਹਿਣਾ ਜੀ ਨੇ ਗੁਰੂ ਜੀ ਨੂੰ ਆਪਾ ਸਮਰਪਣ ਕਰਕੇ ਕਰੜੀ ਘਾਲ ਘਾਲੀ। ਉਹ ਸੇਵਾ ਦੀ ਮਿਸਾਲ ਬਣ ਗਏ। ਸੇਵਾ ਵਿੱਚ ਉਹਨਾਂ ਨੇ ਸੰਗਤ ਅਤੇ ਗੁਰਾਂ ਦਾ ਵਿਸ਼ਵਾਸ ਜਿੱਤ ਲਿਆ। ਲਹਿਣਾ ਜੀ ਗੁਰੂ ਦੀ ਆਗਿਆ ਵਿੱਚ ਸਫਲ ਰਹੇ। ਗੁਰੂ ਨਾਨਕ ਦੇਵ ਜੀ ਨੇ ਲਹਿਣਾ ਜੀ ਨੂੰ ਪੂਰੀ ਤਰ੍ਹਾਂ ਯੋਗ ਜਾਣ ਕੇ ਗੁਰੂ ਅੰਗਦ ਦਾ ਨਾਮ ਦੇ ਕੇ ਸਤੰਬਰ 1539 ਨੂੰ ਗੁਰਆਈ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਅਤੇ ਨਾਲ ਹੀ ਖਡੂਰ ਸਾਹਿਬ ਜਾਣ ਦੀ ਆਗਿਆ ਕੀਤੀ। ਜਿੱਥੇ ਗੁਰੂ ਅੰਗਦ ਦੇਵ ਸਾਹਿਬ ਜੀ ਨੇ 13 ਸਾਲ ਗੁਰੂ ਕਾਲ ਦਾ ਸਮਾਂ ਬਤੀਤ ਕੀਤਾ।

ਗੁਰੂ ਨਾਨਕ ਦੇਵ ਜੀ ਦੀ ਆਗਿਆ ਅਨੁਸਾਰ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਨੂੰ ਆਪਣਾ ਪ੍ਰਚਾਰ ਕੇਂਦਰ ਬਣਾਇਆ। ਏਥੇ ਹੀ ਆਪ ਜੀ ਦਾ ਮੇਲ ਗੁਰੂ ਅਮਰਦਾਸ ਜੀ ਨਾਲ ਹੋਇਆ। ਗੁਰੂ ਅਮਰਦਾਸ ਜੀ ਨੇ 12 ਸਾਲ ਗੁਰੂ ਅੰਗਦ ਦੇਵ ਜੀ ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਵਾਉਣ ਲਈ ਦਰਿਆ ਬਿਆਸ ਤੋਂ ਜਲ ਦੀ ਗਾਗਰ ਲਿਆਉਣ ਦੀ ਸੇਵਾ ਨਿਭਾਈ। ਉਹਨਾਂ ਨੇ ਗੁਰੂ ਅੰਗਦ ਦੇਵ ਜੀ ਪਾਸੋਂ ਨਿਥਾਂਵਿਆਂ ਦੀ ਥਾਂ , ਨਿਓਟਿਆ ਦੀ ਓਟ, ਨਿਆਸਰਿਆਂ ਦਾ ਆਸਰਾ ਆਦਿ ਉਪਮਾ ਦੇ ਵਰ ਪ੍ਰਾਪਤ ਕੀਤੇ।

ਆਪ ਜੀ ਦੇ ਮਹਾਨ ਕਾਰਜਾਂ ਵਿੱਚ ਗੁਰਮੁੱਖੀ ਲਿੱਪੀ ਦਾ ਵਿਕਾਸ ਕੀਤਾ। ਉਸ ਸਮੇਂ ਭਾਸ਼ਾ ਵਿੱਚ ਲੰਡਾ ਮਹਾਜਨੀ ਪ੍ਰਚਲਿਤ ਸੀ। ਗੁਰੂ ਅੰਗਦ ਦੇਵ ਜੀ ਨੇ ਗੁਰਮੁੱਖੀ ਲਿੱਪੀ ਬਣਾ ਸੰਵਾਰ ਕੇ, ਗੁਰਬਾਣੀ ਲਿੱਖਣ ਲਈ ਪ੍ਰਪੱਕ ਇਜ਼ਾਦ ਕੀਤਾ। ਆਮ ਲੋਕਾਂ ਦੇ ਸਮਝਣਯੋਗ ਬਣਾਇਆ ਤਾਂ ਜੋ ਸਿੱਖ ਆਪਣੇ ਧਰਮ ਗ੍ਰੰਥ ਬਿਨਾਂ ਕਿਸੇ ਸ਼ੰਕੇ ਦੇ ਸਮਝ ਸਕਣ ਤੇ ਪ੍ਰਚਾਰ ਕਰ ਸਕਣ। ਧੁਰ ਕੀ ਬਾਣੀ ਗੁਰੂ ਨਾਨਕ ਦੇਵ ਜੀ ਅਤੇ ਸਮੇਂ ਦੇ ਭਗਤਾਂ ਦੀ ਬਾਣੀ ਇੱਕਤਰ ਕਰਕੇ ਪੋਥੀਆਂ ਅਤੇ ਗੁਟਕੇ ਤਿਆਰ ਕਰਕੇ ਦੂਰ ਦੂਰ ਭੇਜਣ ਦਾ ਕਾਰਜ ਆਰੰਭਿਆ। ਭਾਈ ਬਾਲਾ ਜੀ ਤੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਬ੍ਰਿਤਾਂਤ ਨੂੰ ਸੁਣਿਆ ਅਤੇ ਆਪਣੀ ਨਿਗਰਾਨੀ ਹੇਠ ਭਾਈ ਮੋਖੋ ਪੈੜੇ ਦੇ ਹੱਥੋਂ ਗੁਰਮੁੱਖੀ ਵਿੱਚ ਲਿਖਵਾਇਆ। ਬੱਚਿਆਂ ਲਈ ਬਾਲ ਬੋਧ (ਕਾਇਦਾ) ਤਿਆਰ ਕਰਵਾਏ। ਗੁਰਮੁੱਖ ਲਿੱਪੀ ਨੂੰ ਸੰਵਾਰ ਕੇ ਮੌਜੂਦਾ ਸਰੂਪ ਪੈਂਤੀ ਅੱਖਰੀ ਤਿਆਰ ਕੀਤੀ। ਪੰਜਾਬੀ ਗੁਰਮੁਖੀ ਦੇ ਵਿਸਥਾਰ ਲਈ ਸਕੂਲ ਖੋਲ੍ਹੇ ਤਾਂ ਜੋ ਸਧਾਰਣ ਸੰਗਤ ਵੀ ਵਿਦਿਆ ਪ੍ਰਾਪਤ ਕਰਕੇ ਧਾਰਮਿਕ, ਰਾਜਨੀਤਕ, ਸਮਾਜਿਕ, ਵਿਵਹਾਰਕ, ਅਧਿਆਤਮਕ ਚੇਤਨਾ ਨਾਲ ਆਪਣਾ ਜੀਵਨ ਪੱਧਰ ਉੱਚਾ ਚੁੱਕ ਸਕੇ। ਜਿਥੇ ਆਪ ਜੀ ਨੇ ਬਾਣੀ ਇੱਕਤਰ ਕੀਤੀ, ਉਥੇ ਖੁਦ ਵੀ ਗੁਰਬਾਣੀ ਦੀ ਰਚਨਾ ਕੀਤੀ। ਆਦਿ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵਿੱਚ ਆਪ ਜੀ ਦੇ 62 ਸਲੋਕ 10 ਰਾਗਾਂ ਵਿੱਚ ਅੰਕਤਿ ਹਨ।

ਆਤਮਿਕ ਬਿਰਤੀ ਅਤੇ ਨਰੋਈ ਸਿਹਤ ਲਈ ਨਸ਼ਾ ਮੁਕਤ ਸਮਾਜ ਦੀ ਉਸਾਰੀ ਕੀਤੀ। ਗੁਰੂ ਸਾਹਿਬ ਜੀ ਨੇ ਆਪਣੇ ਸਿੱਖਾਂ ਨੂੰ ਸਰੀਰਕ ਪੱਖੋਂ ਨਰੋਏ ਅਤੇ ਬਲਵਾਨ ਬਣਾਉਣਾ ਚਾਹੁੰਦੇ ਸਨ। ਇਸ ਲਈ ਕਸਰਤਾਂ ਦਾ ਵਿਸ਼ੇਸ ਪ੍ਰਬੰਧ ਕੀਤਾ ਗਿਆ। ਆਪ ਗਭਰੂਆਂ ਦੇ ਘੋਲ ਕਰਵਾਇਆ ਕਰਦੇ ਸਨ। ਗੁਰੂ ਸਾਹਿਬ ਜੀ ਨੇ ਕਸਰਤ ਕਰਨ ਲਈ ਮਲ ਅਖਾੜਾ ਬਣਾਵਾਇਆ। ਜਿਥੇ ਗੁਰਦੁਆਰਾ 'ਮਲ ਅਖਾੜਾ' ਸ਼ਸ਼ੋਭਿਤ ਹੋਇਆ। ਸੰਗਤਾਂ ਸਰੀਰਕ ਅਤੇ ਅਧਿਆਤਮਕ ਅਭਿਆਸ ਕਰਦੀਆਂ ਸਨ। ਉਹਨਾਂ ਅਨੁਸਾਰ ਸਿਹਤਮੰਦ ਸਰੀਰ ਵਿੱਚ ਹੀ ਸਿਹਤਮੰਦ ਮਨ ਵਸ ਸਕਦਾ ਹੈ। ਉਹਨਾਂ ਖੇਡਾਂ, ਕੁਸਤੀਆਂ ਅਤੇ ਸਰੀਰਕ ਕਸਰਤਾਂ ਰਾਹੀਂ ਬੱਚਿਆਂ ਨੂੰ ਅਤੇ ਨੌਜਵਾਨਾਂ ਨੂੰ ਨਸ਼ਾ ਮੁਕਤ ਰਹਿ ਕੇ ਦੇਹ ਅਰੋਗਤਾ ਰਿਸ਼ਟ ਪੁਸ਼ਟ ਤੰਦਰੁਸਤ ਅਤੇ ਚੜ੍ਹਦੀਕਲਾ ਵਿੱਚ ਸਰਬੱਤ ਦੇ ਭਲੇ ਦਾ ਉਪਦੇਸ਼ ਦਿੱਤਾ। ਬਰਾਬਰਤਾ ਦਾ ਅਹਿਸਾਸ ਦਿਵਾਉਣ ਲਈ ਲੰਗਰ ਦੀ ਪ੍ਰਥਾ ਨੂੰ ਆਪਣੀ ਨਿਗਰਾਨੀ ਹੇਠ ਚਲਾਇਆ। ਆਪ ਜੀ ਦੇ ਲੰਗਰਾਂ ਵਿੱਚ ਘਿਆਲੀ ਦੇਸੀ ਘਿਓ ਵਾਲੀ ਖੀਰ ਵਰਤਦੀ ਸੀ। ਮਾਤਾ ਖੀਵੀ ਜੀ ਆਪਣੇ ਹੱਥੀਂ ਲੰਗਰ ਵਰਤਾਇਆ ਕਰਦੇ ਸਨ। ਜਿਸ ਨਾਲ ਇਸਤਰੀਆਂ ਨੂੰ ਧਰਮ ਪ੍ਰਬੰਧ ਵਿੱਚ ਅਗਵਾਈ ਦੇ ਕੇ ਮਾਣ ਬਖ਼ਸ਼ਿਆ। ਗੁਰ ਸਾਹਿਬ ਜੀ ਨੇ ਆਪਣੇ ਕਮਾਈ ਦਾ ਦਸਵੰਧ ਲੋਕ ਭਲਾਈ ਕੰਮਾਂ ਵਿੱਚ ਲਗਾਉਣਾ, ਵੰਡ ਛਕਣਾ, ਨਿਸ਼ਕਾਮ ਸੇਵਾ, ਰੱਬ ਦੀ ਰਜਾ ਵਿੱਚ ਰਹਿਣਾ। ਨਵਜੰਮੇ ਬੱਚੇ ਦਾ ਬਾਣੀ ਵਿਚੋਂ ਨਾਮਕਰਨ ਦੀ ਸ਼ੁਰੂਆਤ ਕੀਤੀ। ਗੁਰੂ ਘਰ ਦੇ ਪ੍ਰੇਮੀ ਸਿੱਖਾਂ ਨੂੰ ਸਿਰੋਪਾਓ ਦੀ ਬਖਸ਼ਿਸ਼ ਕਰਨ ਦੀ ਸ਼ੁਰੂਆਤ ਕੀਤੀ। ਗੁਰੂ ਸਾਹਿਬ ਜੀ ਨੇ ਬਾਦਸ਼ਾਹ ਹੁੰਮਾਯੂ ਦਾ ਹੰਕਾਰ ਤੋੜ ਕੇ ਨਿਮਰਤਾ ਵਿੱਚ ਰਹਿ ਕੇ ਧਰਮ ਅਤੇ ਨਿਆਂ 'ਤੇ ਚੱਲਣ ਦਾ ਅਹਿਸਾਸ ਕਰਵਾਇਆ। ਹੋਰ ਉਪਦੇਸ਼ਾਂ ਵਿੱਚ ਰੱਬ ਦਾ ਭਾਣਾ ਮੰਨਣਾ, ਦਿਖਾਵੇ ਤੋਂ ਦੂਰ ਰਹਿਣਾ, ਹਮੇਸ਼ਾ ਲੋੜਵੰਦਾਂ ਬਿਮਾਰਾਂ ਦੀ ਸੇਵਾ ਵਿੱਚ ਰਹਿਣ ਦਾ ਉਪਦੇਸ਼ ਦਿੱਤਾ। ਗੁਰੂ ਅੰਗਦ ਦੇਵ ਜੀ ਨੇ ਧਰਮ ਪ੍ਰਚਾਰ ਵਿੱਚ ਉਹਨਾਂ ਸਾਰੇ ਸਥਾਨਾਂ 'ਤੇ ਪ੍ਰਚਾਰ ਕੀਤਾ, ਜਿੱਥੇ ਜਿੱਥੇ ਗੁਰੂ ਨਾਨਕ ਦੇਵ ਜੀ ਵਿਚਰੇ ਸਨ। ਉਹਨਾਂ ਹੋਰ ਸੈਂਕੜੇ ਸਿੱਖ ਮਤ ਦੇ ਪ੍ਰਚਾਰ ਕੇਂਦਰ ਸਥਾਪਤ ਕੀਤੇ। ਉਹਨਾਂ ਦੀ ਕਾਰਜਸ਼ੈਲੀ ਵਿੱਚ ਸਭ ਤੋਂ ਮਹੱਤਵਪੂਰਨ ਪੱਖ ਇ ਹੈ ਕਿ ਉਹਨਾਂ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਅਤੇ ਧਰਮ ਆਸ਼ੇ ਦੇ ਨਿੰਪੁਨ ਹੁਨਰ ਨੂੰ ਅੱਗੇ ਤੋਰਿਆ। ਇੱਕ ਨਵੇਂ ਧਰਮ ਨੂੰ ਵਿਸਥਾਰ ਦੇ ਰਾਹ ਪਾਇਆ। ਜਿਸ ਧਰਮ ਨੇ ਅੱਜ ਸੰਸਾਰ ਭਰ ਵਿੱਚ ਆਪਣੀ ਪ੍ਰਭਾਵ ਸ਼ਾਲੀ ਪਛਾਣ ਬਣਾਈ ਹੈ। ਉਹਨਾਂ ਜੋਗੀਆਂ ਅਤੇ ਸੰਨਆਸੀਆਂ ਨਾਲ ਗੋਸ਼ਟੀਆਂ ਕਰਕੇ ਸਿੱਖ ਮੱਤ ਦੇ ਨਿਖਾਰ ਨੂੰ ਪੇਸ਼ ਕੀਤਾ। ਗੁਰੂ ਨਾਨਕ ਦੇਵ ਜੀ ਦੇ ਆਰੰਭੇ ਧਾਰਮਿਕ ਅਤੇ ਅਧਿਆਤਮਕ ਪ੍ਰਾਪਤ ਕੀਤੇ ਗਿਆਨ ਨੂੰ ਅੱਗੇ ਤੀਸਰੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਨੂੰ ਸੌਂਪ ਦਿੱਤਾ। ਆਪ 29 ਮਾਰਚ 1552 ਨੂੰ ਜੋਤੀ ਜੋਤ ਸਮਾ ਗਏ। ਗੁਰਗੱਦੀ 'ਤੇ ਤੀਸਰੀ ਪਾਤਿਸ਼ਾਹੀ ਗੁਰੂ ਅਮਰਦਾਸ ਜੀ ਬਿਰਾਜਮਾਨ ਹੋਏ। ਗੁਰੂ ਅੰਗਦ ਦੇਵ ਜੀ ਵੱਲੋਂ ਆਰੰਭੇ ਗੋਂਦਵਾਲ ਨੂੰ ਗੁਰੂ ਅਮਰਦਾਸ ਜੀ ਨੇ ਵਸਾਇਆ।

ਗੁਰੂ ਅੰਗਦ ਦੇਵ ਜੀ ਦੀ ਯਾਦ ਵਿੱਚ ਖਡੂਰ ਸਾਹਿਬ ਵਿਖੇ ਵੱਖ ਵੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਸੁਸ਼ੋਭਿਤ ਹਨ। ਜਿਨਾਂ ਵਿੱਚ ਗੁਰਦੁਆਰਾ ਮਾਈ ਭਰਾਈ ਜੀ, ਗੁਰਦੁਆਰਾ ਮਲ ਅਖਾੜਾ ਸਾਹਿਬ, ਗੁਰਦੁਆਰਾ ਤਪਿਆਣਾ (ਤਪ ਅਸਥਾਨ) ਸਾਹਿਬ, ਗੁਰਦੁਆਰਾ ਸਿਲ ਸਾਹਿਬ, ਗੁਰਦੁਆਰਾ ਸ੍ਰੀ ਦਰਬਾਰ ਸਾਹਿਬ (ਅੰਗੀਠਾ ਸਾਹਿਬ) ਹਨ।

ਅੰਤਿਕਾ : ਪ੍ਰਾਣ ਸਰੀਰਾਂ ਲਈ ਇਵੇਂ ਹਨ ਜਿਵੇਂ ਗੁਰੂ ਜੀਵਾਂ ਦੀ ਆਤਮਾ ਲਈ ਹੈ। ਪਾਣੀ ਸਭ ਜੀਵਾਂ ਦਾ ਪਿਤਾ ਹੈ ਅਤੇ ਧਰਤੀ ਸਭ ਦੀ ਵੱਡੀ ਮਾਂ ਹੈ। ਦਿਨ ਅਤੇ ਰਾਤ ਦੋਵੇਂ ਖਿਡਾਵਾ ਨੂੰ ਖਿਡਾਵੀ ਹਨ। ਸਾਰਾ ਸੰਸਾਰ ਖੇਡ ਰਿਹਾ ਹੈ। ਭਾਵ ਸੰਸਾਰ ਦੇ ਸਾਰੇ ਜੀਵ ਰਾਤ ਨੂੰ ਸੌਣ ਵਿੱਚ ਅਤੇ ਦਿਨੇ ਕਾਰ-ਵਿਹਾਰ ਵਿੱਚ ਲੱਗੇ ਹੋਏ ਹਨ। ਧਰਮਰਾਜ ਅਕਾਲ ਪੁਰਖ ਦੀ ਹਜੂਰੀ ਵਿੱਚ ਜੀਵਾਂ ਦੇ ਕੀਤੇ ਹੋਏ ਚੰਗੇ ਤੇ ਮੰਦੇ ਕੰਮ ਵਿਚਾਰਦਾ ਹੈ। ਆਪੋ ਆਪਣੇ ਕੀਤੇ ਹੋਏ ਕਰਮਾਂ ਅਨੁਸਾਰ ਕਈ ਜੀਵ ਅਕਾਲ ਪੁਰਖ ਦੇ ਨੇੜੇ ਹੋ ਜਾਂਦੇ ਹਨ ਅਤੇ ਕਈ ਅਕਾਲ ਪੁਰਖ ਤੋਂ ਦੂਰ ਹੋ ਜਾਂਦੇ ਹਨ। ਹੇ ਨਾਨਕ! ਜਿਹੜੇ ਮਨੁੱਖਾਂ ਨੇ ਅਕਾਲ ਪੁਰਖ ਦਾ ਨਾਮ ਸਿਮਰਿਆ ਹੈ, ਉਹ ਆਪਣੀ ਮਿਹਨਤ ਸਫਲ ਕਰ ਗਏ ਹਨ। ਅਕਾਲ ਪੁਰਖ ਦੇ ਦਰ 'ਤੇ ਉਹ ਉੱਜਲ ਮੁੱਖ ਵਾਲੇ ਹਨ ਅਤੇ ਹੋਰ ਭੀ ਕਈ ਜੀਵ ਉਨ੍ਹਾਂ ਦੀ ਸੰਗਤ ਵਿੱਚ ਰਹਿ ਕੇ ਕੂੜ ਦੀ ਪਾਲਿ ਢਾਹ ਕੇ ਮਾਇਆ ਦੇ ਬੰਧਨਾਂ ਤੋਂ ਅਜ਼ਾਦ ਹੋ ਗਏ ਹਨ। ਅੰਗ - ੪.

ਬਾਬਲ ਤਾਂ ਮੇਰਾ ਦੇਸਾਂ ਦਾ ਰਾਜਾ....

ਕਮਲਜੀਤ ਕੌਰ ਗੁੰਮਟੀ

ਪੰਜਾਬੀ ਸੱਭਿਆਚਾਰ ਵਿੱਚ ਵਿਆਹ ਸਿਰਫ਼ ਇੱਕ ਰਸਮ ਨਹੀਂ, ਸਗੋਂ ਖ਼ੁਸ਼ੀਆਂ, ਪਿਆਰ ਅਤੇ ਪਰਿਵਾਰਕ ਰਿਸ਼ਤਿਆਂ ਦਾ ਬੜਾ ਵੱਡਾ ਵਸੀਲਾ ਹੈ। ਪੁਰਾਣੇ ਸਮੇਂ ਵਿੱਚ ਜਦੋਂ ਕਿਸੇ ਘਰ ਵਿੱਚ ਵਿਆਹ ਦੀ ਗੱਲ ਚੱਲਦੀ ਤਾਂ ਉਸ ਘਰ ਵਿੱਚ ਹੀ ਨਹੀਂ, ਸਗੋਂ ਸਾਰੇ ਪਿੰਡ ਵਿੱਚ ਖੁਸ਼ੀ ਦਾ ਮਾਹੌਲ ਬਣ ਜਾਂਦਾ ਸੀ। ਲੋਕ ਇੱਕ-ਦੂਜੇ ਦੇ ਘਰ ਆਉਂਦੇ-ਜਾਂਦੇਅਤੇ ਵਿਆਹ ਦੀਆਂ ਤਿਆਰੀਆਂ ਵਿੱਚ ਹਿੱਸਾ ਲੈਂਦੇ ਸਨ। ਉਸ ਸਮੇਂ ਵਿਆਹਾਂ ਵਿੱਚ ਸਾਦਗੀ ਹੁੰਦੀ ਸੀ, ਪਰ ਦਿਲਾਂ ਵਿੱਚ ਬੇਹੱਦ ਚਾਅ ਹੁੰਦਾ ਸੀ। ਜਦੋਂ ਕਿਸੇ ਘਰ ਦੀ ਧੀ ਜਾਂ ਪੁੱਤ ਜਵਾਨ ਹੋ ਜਾਂਦਾ ਤਾਂ ਮਾਪੇ ਉਸ ਦੇ ਵਿਆਹ ਬਾਰੇ ਸੋਚਣ ਲੱਗ ਪੈਂਦੇ। ਧੀ ਲਈ ਪਿਤਾ, ਮਾਂ, ਭਰਾ, ਮਾਮਾ, ਚਾਚਾ ਅਤੇ ਹੋਰ ਰਿਸ਼ਤੇਦਾਰ ਮਿਲ ਕੇ ਚੰਗੇ ਘਰ ਦਾ ਵਰ ਲੱਭਦੇ ਸਨ। ਧੀ ਵੀ ਆਪਣੇ ਮਨ ਵਿੱਚ ਇੱਕ ਚੰਗੇ ਜੀਵਨ ਸਾਥੀ ਦੀ ਆਸ ਰੱਖਦੀ। ਲੋਕ ਗੀਤਾਂ ਜ਼ਰੀਏ ਆਪਣੇ ਮਾਪਿਆਂ ਨੂੰ ਆਪਣਾ ਵਰ ਲੱਭਣ ਲਈ ਕਹਿੰਦੀ ਹੋਈ ਉਹ ਆਪਣੀਆਂ ਭਾਵਨਾਵਾਂ ਪ੍ਰਗਟ ਕਰਦੀ;

ਬੇਟੀ ਚੰਦਨ ਦੇ ਓਹਲੇ ਕਿਉਂ ਖੜ੍ਹੀ ?
ਮੈਂ ਤਾਂ ਖੜ੍ਹੀ ਸਾਂ ਬਾਬਲ ਜੀ ਦੇ ਪਾਸ
ਕਰਾਂ ਅਰਦਾਸ, ਬਾਬਲ ਵਰ ਲੋੜੀਏ।
ਜਾਈਏ ਕਿਹੋ ਜਿਹਾ ਵਰ ਲੋੜੀਏ ?
ਬਾਬਲ ਜਿਉਂ ਤਾਰਿਆਂ ਵਿੱਚੋਂ ਚੰਨ
ਚੰਨਾਂ ਵਿੱਚੋਂ ਕਾਹਨ
ਘਨੱਈਆ ਵਰ ਲੋੜੀਏ।

ਲੋਕ ਗੀਤਾਂ ਜ਼ਰੀਏ ਹੀ ਧੀ ਆਪਣੇ ਬਾਬਲ ਨੂੰ ਆਪਣੇ ਮੁਟਿਆਰ ਹੋਣ ਦੀ ਖ਼ਬਰ ਦਿੰਦੀ ਸੀ;

ਚੜ੍ਹ ਚੁਬਾਰੇ ਸੁੱਤਿਆ ਬਾਬਲ
ਆਈ ਬਨੇਰੇ ਦੀ ਛਾਂ।
ਤੂੰ ਸੁੱਤਾ ਲੋਕੀਂ ਜਾਗਦੇ
ਘਰ ਬੇਟੜੀ ਹੋਈ ਮੁਟਿਆਰ।
ਛੰਨਾ ਤਾਂ ਭਰਿਆ ਦੁੱਧ ਦਾ ਵਾਰੀ
ਨ੍ਹਾਵਣ ਚੱਲੀ ਆਂ ਤਲਾਅ।
ਮੈਲ ਹੋਵੇ ਝੱਟ ਝੜ ਜਾਵੇ ਵਾਰੀ
ਰੂਪ ਨਾ ਝੜਿਆ ਜਾ।

ਪੁਰਾਤਨ ਸਮੇਂ ਵਿੱਚ ਧੀ ਆਪਣੀ ਮਾਂ ਨੂੰ ਵੀ ਕਹਿੰਦੀ, ਮੇਰੇ ਬਾਬਲ ਨੂੰ ਸਮਝਾ ਕਿ ਮੇਰੇ ਹਾਣ ਦੀਆਂ ਸਭ ਸਹੇਲੀਆਂ ਵਿਆਹੀਆਂ ਗਈਆਂ ਹਨ। ਮੇਰਾ ਵਿਆਹ ਕਰ ਦੇਵੇ;

ਮਾਏ ਨੀਂ ਸੁਣ ਮੇਰੀਏ ਵਾਰੀ
ਬਾਬਲ ਮੇਰੇ ਨੂੰ ਸਮਝਾ।
ਸਾਡੇ ਤਾਂ ਹਾਣ ਦੀਆਂ ਸਹੁਰੇ ਵਾਰੀ
ਸਾਡੜੇ ਮਨ ਵਿੱਚ ਚਾਅ।

ਆਪ ਹੀ ਆਪਣੇ ਵਿਆਹ ਦੀ ਗੱਲ ਕਰਕੇ ਧੀ ਬਾਬਲ ਨੂੰ ਰਿਸ਼ਤਾ ਲੱਭਣ ਲਈ ਤਾਂ ਜ਼ਰੂਰ ਕਹਿੰਦੀ, ਪਰ ਜਦੋਂ ਮਾਪਿਆਂ ਕੋਲੋਂ ਵਿਦਾ ਹੋ ਕੇ ਡੋਲੀ ਵਿੱਚ ਬੈਠ ਕੇ ਸਹੁਰੇ ਘਰ ਜਾਂਦੀ ਤਾਂ ਉਹ ਦੇਖਦੀ ਕਿ ਮੇਰੇ ਮਾਂ-ਬਾਪ ਤੇ ਭਰਾ ਵਿਦਾ ਕਰਨ ਲੱਗਿਆ ਕਿਵੇਂ ਰੋਂਦੇ ਹਨ;

ਬਾਬਲ ਰੋਂਦੇ ਦੀ ਦਾੜ੍ਹੀ ਭਿੱਜੀ ਵਾਰੀ
ਮਾਈ ਨੇ ਦਿੱਤਾ ਦਰਿਆ ਚਲਾ।
ਵੀਰੇ ਰੋਂਦੇ ਦਾ ਰੁਮਾਲ ਭਿੱਜਾ ਵਾਰੀ
ਭਾਬੋ ਦੇ ਮਨ ਚਾਅ

ਗਿੱਧੇ ਦੇ ਪਿੜ ਵਿੱਚ ਵੀ ਇੱਕ ਧੀ ਬੋਲੀਆਂ ਜ਼ਰੀਏ ਮਾਂ-ਬਾਪ ਨੂੰ ਕਹਿੰਦੀ ਕਿ ਮੈਂ ਹੁਣ ਕੋਠੇ ਜਿੱਡੀ ਹੋ ਗਈ ਹਾਂ, ਮੇਰਾ ਵੀ ਵਿਆਹ ਕਰ ਦੇਵੋ:

ਮੈਨੂੰ ਵਿਆਹ ਦੇ ਅੰਮੀਏ
ਨੀਂ ਮੈਂ ਕੋਠੇ ਜਿੱਡੀ ਹੋਈ।

ਜਦ ਕੋਈ ਵੀ ਵਿਆਹ ਵਾਲੀ ਕੁੜੀ ਨੂੰ ਪੁੱਛਦਾ, ਤੇਰਾ ਵਰ ਕੀਹਨੇ ਲੱਭਿਆ ਹੈ ਤਾਂ ਉਹ ਬੜੇ ਮਾਣ ਨਾਲ ਦੱਸਦੀ;

ਮੇਰੀਏ ਲੰਮੀਏ ਨੀਂ ਲਾਲ ਖਜੂਰੇ
ਕੀਹਨੇ ਵਰ ਟੋਲ੍ਹਿਆ ਸੀ
ਬਾਬਲ ਤਾਂ ਮੇਰਾ ਦੇਸਾਂ ਦਾ ਰਾਜਾ
ਉਹਨੇ ਵਰ ਟੋਲਿਆ ਸੀ

ਜਿੰਨਾ ਚਾਅ ਕੁੜੀਆਂ ਨੂੰ ਵਿਆਹ ਦਾ ਹੁੰਦਾ, ਓਨਾ ਹੀ ਮੁੰਡਿਆਂ ਨੂੰ ਹੁੰਦਾ ਹੈ। ਕੁਆਰੇ ਦਿਓਰ, ਵੱਡੀ ਭਰਜਾਈ ਦੀਆਂ ਪੇਕਿਆਂ ਤੋਂ ਸਾਕ ਲਿਆਉਣ ਲਈ ਮਿੰਨਤਾਂ ਕਰਦੇ ਸਨ;

ਨੀਂ ਭਾਬੀ ਮੈਨੂੰ ਸਾਕ ਕਰਾ ਦੇ
ਅੱਜ ਤੱਕ ਫਿਰਾਂ ਕੁਆਰਾ
ਸੋਹਣੀ ਜੀ ਇੱਕ ਨਾਰ ਲਿਆ ਦੇ
ਹੋ ਜੂ ਪਾਰ ਨਿਤਾਰਾ
ਨੀਂ ਆ ਚੱਕ ਪੇਕਿਆਂ ਨੂੰ
ਆਉਣ ਜਾਣ ਦਾ ਭਾੜਾ

ਇਹ ਬੋਲੀਆਂ ਵਿਆਹਾਂ ਵਿੱਚ ਵੀ ਹਾਸਾ ਤੇ ਖੁਸ਼ੀ ਪੈਦਾ ਕਰਦੀਆਂ ਸਨ। ਦਿਉਰ ਭਾਬੀ ਨਾਲ ਮਜ਼ਾਕ ਵਿੱਚ ਹੀ ਆਪਣੇ ਸਾਕ ਦੀ ਗੱਲ ਕਰਦਾ;

ਨੀਂ ਭਾਬੀ ਮੈਨੂੰ ਸਾਕ ਕਰਾ ਦੇ
ਵੱਜ ਨਾ ਜਾਵੇ ਠੱਗੀ।
ਸੌ ਗੱਡੀਆਂ 'ਤੇ ਜੰਞ ਆਉਂਗੀ
ਤੇਰੇ ਹੇਠ ਹੋਊ ਬੱਘੀ।
ਵੀਰ ਮੇਰੇ ਨੂੰ ਕੈਂਠਾ ਕਰਾ ਦੂੰ
ਤੈਨੂੰ ਕਰਾ ਦੂੰ ਸੱਗੀ।
ਨੀਂ ਮਿੰਨਤਾ ਕਰਦੇ ਦੀ ਦਾੜ੍ਹੀ ਹੋ
ਗਈ ਬੱਗੀ...

ਸਮਾਜ ਤੇਜ਼ੀ ਨਾਲ ਬਦਲ ਰਿਹਾ ਹੈ। ਜੀਵਨ ਦੇ ਤਰੀਕੇ, ਸੋਚ ਅਤੇ ਕਦਰਾਂ ਕੀਮਤਾਂ ਵਿੱਚ ਵੀ ਵੱਡਾ ਬਦਲਾਅ ਆਇਆ ਹੈ। ਇਸ ਬਦਲਾਅ ਦਾ ਪ੍ਰਭਾਵ ਵਿਆਹ ਜਿਹੇ ਪਵਿੱਤਰ ਬੰਧਨ 'ਤੇ ਵੀ ਪਿਆ ਹੈ। ਪਹਿਲਾਂ ਵਿਆਹ ਨੂੰ ਜੀਵਨ ਵਿੱਚ ਸਭ ਤੋਂ ਮਹੱਤਵਪੂਰਨ ਮੰਨਿਆ ਜਾਂਦਾ ਸੀ, ਪਰ ਅੱਜ ਕਈ ਨੌਜਵਾਨ ਇਸ ਤੋਂ ਦੂਰ ਰਹਿਣਾ ਚਾਹੁੰਦੇ ਹਨ। ਵਿਆਹ ਪ੍ਰਤੀ ਨੌਜਵਾਨ ਪੀੜ੍ਹੀ ਦਾ ਘਟ ਦਾ ਚਾਅ ਸਮਾਜ ਲਈ ਚਿੰਤਾਜਨਕ ਵਿਸ਼ਾ ਬਣ ਗਿਆ ਹੈ।

ਅੱਜ ਦੇ ਸਮੇਂ ਵਿੱਚ ਵਿਆਹਾਂ ਦਾ ਮਾਹੌਲ ਕਾਫ਼ੀ ਬਦਲ ਗਿਆ ਹੈ। ਅੱਜਕੱਲ੍ਹ ਬਹੁਤੇ ਮੁੰਡੇ-ਕੁੜੀਆਂ 30-35 ਸਾਲ ਦੀ ਉਮਰ ਤੱਕ ਵੀ ਅਣਵਿਆਹੇ ਰਹਿੰਦੇ ਹਨ। ਕਈ ਵਾਰ ਮਾਪਿਆਂ ਨੂੰ ਰਿਸ਼ਤੇ ਲੱਭਣ ਵਿੱਚ ਬਹੁਤ ਮੁਸ਼ਕਿਲ ਆਉਂਦੀ ਹੈ। ਅੱਜਕੱਲ੍ਹ ਲੋਕਾਂ ਨੂੰ ਰਿਸ਼ਤੇ ਲਈ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇਣੇ ਪੈਂਦੇ ਹਨ ਜਾਂ ਇੰਟਰਨੈੱਟ ਦੀ ਮਦਦ ਲੈਣੀ ਪੈਂਦੀ ਹੈ।

ਜਿਨ੍ਹਾਂ ਲੜਕਿਆਂ ਦਾ ਜਨਮ ਜਦੋਂ ਪੰਜਾਬ ਵਿੱਚ ਭਰੂਣ ਹੱਤਿਆ ਜ਼ੋਰਾਂ 'ਤੇ ਸੀ, ਉਸ ਸਮੇਂ ਹੋਇਆ, ਉਨਾਂ ਮੁੰਡਿਆਂ ਦੇ ਰਿਸ਼ਤਿਆਂ ਵਿੱਚ ਤਾਂ ਬਹੁਤ ਹੀ ਜ਼ਿਆਦਾ ਸਮੱਸਿਆ ਆ ਰਹੀ ਹੈ ਕਿਉਂਕਿ ਉਸ ਸਮੇਂ ਲੜਕੀਆਂ ਦੀ ਗਿਣਤੀ ਬਹੁਤ ਜ਼ਿਆਦਾ ਘੱਟ ਹੋ ਗਈ ਸੀ। ਰਹਿੰਦੀ ਖੂੰਹਦੀ ਕਸਰ ਵਿਦੇਸ਼ ਵੱਲ ਨੌਜਵਾਨ ਲੜਕੀਆਂ ਦੇ ਹੋਏ ਰੁਖ਼ ਨੇ ਕੱਢ ਦਿੱਤੀ।

ਜਦੋਂ ਕੋਈ ਰਿਸ਼ਤਾ ਆਉਂਦਾ ਵੀ ਹੈ ਤਾਂ ਮੁੰਡੇ ਜਾਂ ਕੁੜੀਆਂ ਉਸ ਨੂੰ ਮਨਜ਼ੂਰ ਨਹੀਂ ਕਰਦੇ। ਉਹ ਆਪਣੀਆਂ ਪਸੰਦਾਂ ਅਤੇ ਉਮੀਦਾਂ ਦੇ ਕਾਰਨ ਕਈ ਰਿਸ਼ਤੇ ਠੁਕਰਾ ਦਿੰਦੇ ਹਨ। ਇਸ ਕਰਕੇ ਬਹੁਤੇ ਕੁੜੀਆਂ ਤੇ ਮੁੰਡਿਆਂ ਦੀ ਵਿਆਹ ਦੀ ਉਮਰ ਵੱਡੀ ਹੋ ਰਹੀ ਹੈ ਅਤੇ ਵਿਆਹਾਂ ਦਾ ਪੁਰਾਣਾ ਚਾਅ ਘੱਟ ਹੁੰਦਾ ਜਾ ਰਿਹਾ ਹੈ।

ਵਿਆਹ ਸਿਰਫ਼ ਦੋ ਵਿਅਕਤੀਆਂ ਦਾ ਨਹੀਂ, ਸਗੋਂ ਦੋ ਪਰਿਵਾਰਾਂ ਦਾ ਪਵਿੱਤਰ ਬੰਧਨ ਮੰਨਿਆ ਜਾਂਦਾ ਹੈ। ਇਸ ਰਿਸ਼ਤੇ ਵਿੱਚ ਪਿਆਰ, ਭਰੋਸਾ, ਸਮਝ ਅਤੇ ਜ਼ਿੰਮੇਵਾਰੀ ਹੁੰਦੀ ਹੈ, ਪਰ ਅੱਜਕੱਲ੍ਹ ਬਹੁਤ ਸਾਰੇ ਨੌਜਵਾਨ ਆਜ਼ਾਦ ਜੀਵਨ ਜਿਉਣਾ ਚਾਹੁੰਦੇ ਹਨ, ਵਿਆਹ ਨੂੰ ਬੰਧਨ ਜਾਂ ਜ਼ਿੰਮੇਵਾਰੀ ਦਾ ਬੋਝ ਸਮਝਦੇ ਹਨ। ਇਸੇ ਕਰਕੇ ਵਿਆਹ ਤੋਂ ਦੂਰ ਰਹਿਣ ਜਾਂ ਇਸ ਨੂੰ ਦੇਰ ਨਾਲ ਕਰਨ ਦਾ ਫ਼ੈਸਲਾ ਕਰਦੇ ਹਨ।

ਪੱਛਮੀ ਸੱਭਿਅਤਾ ਦਾ ਪ੍ਰਭਾਵ ਵੀ ਇਸ ਬਦਲਾਅ ਦਾ ਇੱਕ ਕਾਰਨ ਮੰਨਿਆ ਜਾਂਦਾ ਹੈ। ਅੱਜਕੱਲ੍ਹ ਲਿਵ-ਇਨ ਰਿਸ਼ਤਿਆਂ ਦਾ ਰੁਝਾਨ ਵਧ ਰਿਹਾ ਹੈ, ਜਿਸ ਵਿੱਚ ਦੋ ਲੋਕ ਵਿਆਹ ਤੋਂ ਬਿਨਾਂ ਇਕੱਠੇ ਰਹਿੰਦੇ ਹਨ। ਕੁਝ ਲੋਕ ਇਸ ਨੂੰ ਆਜ਼ਾਦੀ ਅਤੇ ਆਧੁਨਿਕਤਾ ਦਾ ਪ੍ਰਤੀਕ ਮੰਨਦੇ ਹਨ। ਇਸ ਤਰ੍ਹਾਂ ਦੇ ਰਿਸ਼ਤੇ ਲੰਬੇ ਸਮੇਂ ਤੱਕ ਨਹੀਂ ਟਿਕਦੇ ਅਤੇ ਸਮਾਜਿਕ ਬਣਤਰ ਨੂੰ ਕਮਜ਼ੋਰ ਕਰ ਸਕਦੇ ਹਨ।

ਇਸ ਦੇ ਨਾਲ-ਨਾਲ ਆਧੁਨਿਕ ਜੀਵਨ ਦੀ ਦੌੜ ਵਿੱਚ ਲੋਕ ਭੌਤਿਕ ਸੁੱਖਾਂ ਨੂੰ ਜ਼ਿਆਦਾ ਮਹੱਤਵ ਦੇਣ ਲੱਗ ਪਏ ਹਨ। ਪੈਸਾ, ਕੈਰੀਅਰ ਅਤੇ ਆਰਾਮਦਾਇਕ ਜੀਵਨ ਕਈ ਨੌਜਵਾਨਾਂ ਲਈ ਪਹਿਲੀ ਤਰਜੀਹ ਬਣ ਗਏ ਹਨ। ਉਹ ਸੋਚਦੇ ਹਨ ਕਿ ਵਿਆਹ ਨਾਲ ਉਨ੍ਹਾਂ ਦੀ ਆਜ਼ਾਦੀ ਘੱਟ ਹੋ ਜਾਵੇਗੀ। ਇਸ ਕਾਰਨ ਉਹ ਆਪਣੀਆਂ ਨਿੱਜੀ ਇੱਛਾਵਾਂ ਨੂੰ ਵਿਆਹ ਤੋਂ ਉੱਪਰ ਰੱਖਦੇ ਹਨ। ਸਾਡੇ ਕੋਲ ਸਮਾਜ ਵਿੱਚ ਕਈ ਉਦਾਹਰਨਾਂ ਅਜਿਹੀਆਂ ਹਨ ਜਿਨ੍ਹਾਂ ਦੇ ਵਿਆਹ ਛੋਟੀ ਉਮਰ ਵਿੱਚ ਹੋਏ ਤੇ ਕਾਮਯਾਬੀ ਵੀ ਵਿਆਹ ਤੋਂ ਬਾਅਦ ਹੀ ਹਾਸਲ ਕੀਤੀ।

ਇੱਥੇ ਮੇਰਾ ਇਹ ਕਹਿਣ ਦਾ ਮਤਲਬ ਹਰਗਿਜ਼ ਨਹੀਂ ਕਿ ਬਾਲ ਵਿਆਹ ਹੋਣ, ਹਾਂ ਉਮਰ ਮੁਤਾਬਿਕ ਵਿਆਹ ਹੋਣਾ ਲਾਜ਼ਮੀ ਹੈ। ਪਰਿਵਾਰ ਅਤੇ ਸਮਾਜ ਦੀ ਭੂਮਿਕਾ ਵੀ ਇਸ ਮਾਮਲੇ ਵਿੱਚ ਮਹੱਤਵਪੂਰਨ ਹੈ। ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਸਹਿਯੋਗ, ਸਮਰਪਣ ਅਤੇ ਪਰਿਵਾਰਕ ਕਦਰਾਂ ਕੀਮਤਾਂ ਦੀ ਸਿੱਖਿਆ ਦੇਣੀ ਚਾਹੀਦੀ ਹੈ। ਜੇਕਰ ਨੌਜਵਾਨਾਂ ਨੂੰ ਸਹੀ ਦਿਸ਼ਾ ਅਤੇ ਸਹੀ ਕਦਰਾਂ ਕੀਮਤਾਂ ਮਿਲਣ ਤਾਂ ਉਹ ਵਿਆਹ ਦੇ ਮਹੱਤਵ ਨੂੰ ਸਮਝ ਸਕਣਗੇ। ਵਿਆਹ ਸਮਾਜ ਦੀ ਮਜ਼ਬੂਤ ਨੀਂਹ ਹੈ। ਜੇਕਰ ਇਹ ਬੰਧਨ ਕਮਜ਼ੋਰ ਹੋਵੇਗਾ ਤਾਂ ਸਮਾਜਿਕ ਸੰਤੁਲਨ ਵੀ ਪ੍ਰਭਾਵਿਤ ਹੋਵੇਗਾ। ਲੋੜ ਹੈ ਨੌਜਵਾਨ ਪੀੜ੍ਹੀ ਵਿਆਹ ਦੇ ਅਸਲ ਮਤਲਬ ਨੂੰ ਸਮਝੇ ਅਤੇ ਪਰਿਵਾਰਕ ਕਦਰਾਂ ਕੀਮਤਾਂ ਨੂੰ ਸਤਿਕਾਰ ਦੇਵੇ। ਤਦ ਹੀ ਇੱਕ ਖ਼ੁਸ਼ਹਾਲ ਅਤੇ ਸੰਤੁਲਿਤ ਸਮਾਜ ਦੀ ਰਚਨਾ ਹੋ ਸਕਦੀ ਹੈ।

ਭੈਣਾਂ ਵਰਗਾ ਸਾਕ ਨਾ ਕੋਈ...

ਭੋਲਾ ਸਿੰਘ ਸ਼ਮੀਰੀਆ

ਰਿਸ਼ਤਿਆਂ ਦਾ ਤਾਣਾ ਬਾਣਾ ਜ਼ਿੰਦਗੀ ਨੂੰ ਜਿਊਣ ਜੋਗੀ ਕਰੀ ਰੱਖਦਾ ਹੈ। ਕੁੱਝ ਰਿਸ਼ਤੇ ਹੰਢਾਉਣੇ ਪੈਂਦੇ ਨੇ ਤੇ ਕੁੱਝ ਰਿਸ਼ਤੇ ਨਿਭਾਉਣੇ ਪੈਂਦੇ ਨੇ, ਪ੍ਰੰਤੂ ਕੁੱਝ ਰਿਸ਼ਤੇ ਹੱਡਾਂ ਨਾਲ ਜੁੜੇ ਹੁੰਦੇ ਨੇ ਜਿਨ੍ਹਾਂ ਨੂੰ ਅੰਦਰਲੀ ਖਿੱਚ ਮਰਨ ਨਹੀਂ ਦਿੰਦੀ। ਇੱਕ ਧੀ ਦਾ ਪੇਕਿਆਂ ਨਾਲ ਮੋਹ ਉਸ ਦੇ ਹੱਡਾਂ ਵਿੱਚੋਂ ਕਦੇ ਮਨਫੀ ਨਹੀਂ ਹੋ ਸਕਦਾ। ਪੇਕਿਆਂ ਦਾ ਮੋਹ ਉਸ ਦੇ ਇਕੱਲੇ ਘਰ ਤੱਕ ਹੀ ਸੀਮਤ ਨਹੀਂ ਹੁੰਦਾ, ਸਗੋਂ ਪਿੰਡ ਦੀਆਂ ਜੂਹਾਂ ਵਿੱਚ ਵੀ ਸਮਾਇਆ ਹੁੰਦਾ ਹੈ।

ਧੀ ਦੇ ਹੱਡਾਂ ਵਿੱਚ ਪੇਕਿਆਂ ਦਾ ਮੋਹ ਉਸ ਦੇ ਰੋਮ-ਰੋਮ ਵਿੱਚ ਸਮਾਇਆ ਹੁੰਦਾ ਹੈ। ਭਰਜਾਈ ਭਾਵੇਂ ਲੱਖ ਨੱਕ-ਬੁੱਲ੍ਹ ਕੱਢਦੀ ਹੋਵੇ, ਪ੍ਰੰਤੂ ਭੈਣ ਦੇ ਸੀਨੇ ਵਿੱਚ ਭਰਾ ਪ੍ਰਤੀ ਮੋਹ ਸਦਾ ਹੀ ਤਰੋ-ਤਾਜ਼ਾ ਰਹਿੰਦਾ ਹੈ। ਜਦੋਂ ਵੀਰ ਦੇ ਘਰ ਪੁੱਤਰ ਪੈਦਾ ਹੁੰਦਾ ਹੈ ਤਾਂ ਉਸ ਨੂੰ ਆਪਣੇ ਬਾਬਲ ਦੀ ਵੇਲ ਵਧਦੀ ਨਜ਼ਰ ਆਉਂਦੀ ਹੈ। ਉਸ ਦੇ ਅੰਦਰਲਾ ਵਜੂਦ ਲੋਕ-ਬੋਲੀ ਬਣ ਕੇ ਉੱਛਲ ਪੈਂਦਾ ਹੈ;

ਚੰਨ ਚੜ੍ਹਿ ਆ ਬਾਪ ਦੇ ਵਿਹੜੇ
ਵੀਰ ਘਰ ਪੁੱਤ ਜੰਮਿਆ।

ਧੀ ਦੇ ਅੰਦਰਲੀ ਤੜਫ਼ ਪੇਕਿਆਂ ਦੇ ਮੋਹ ਨੂੰ ਖੁਰਨ ਨਹੀਂ ਦਿੰਦੀ। ਪੇਕੇ ਪਰਿਵਾਰ ਨਾਲ ਜੁੜੇ ਭਾਵੇਂ ਸਾਰੇ ਹੀ ਰਿਸ਼ਤੇ ਉਸ ਨੂੰ ਸਕੂਨ ਬਖ਼ਸ਼ਦੇ ਹਨ, ਪ੍ਰੰਤੂ ਇੱਕ ਭੈਣ ਦਾ ਆਪਣੇ ਭਰਾ ਪ੍ਰਤੀ ਮੋਹ ਸਮੁੰਦਰ ਦੀਆਂ ਲਹਿਰਾਂ ਵਾਂਗ ਉੱਛਲਦਾ ਦਿਖਾਈ ਦਿੰਦਾ ਹੈ। ਭੈਣ ਭਾਵੇਂ ਆਪ ਵੀ ਬਾਲ-ਬੱਚੇ ਵਾਲੀ ਹੋਵੇ, ਪ੍ਰੰਤੂ ਆਪਣੇ ਭਤੀਜੇ-ਭਤੀਜੀਆਂ ਦਾ ਹੇਜ ਸਦਾ ਹੀ ਮੋਹ ਦੇ ਅੱਥਰੂ ਬਣ ਕੇ ਸਿੰਮਦਾ ਰਹਿੰਦਾ ਹੈ। ਲੋਕ-ਬੋਲੀਆਂ ਤੇ ਲੋਕ-ਗੀਤ ਮਨੁੱਖੀ ਜਾਮੇ ਦੀ ਕਿਸੇ ਵੀ ਭਾਵਨਾ ਨੂੰ ਛੁਪਿਆਂ ਨਹੀਂ ਰਹਿਣ ਦਿੰਦੇ। ਲੋਕ-ਬੋਲੀਆਂ ਮਨੁੱਖੀ ਹਿਰਦਿਆਂ ਵਿੱਚ ਧੜਕਦੇ ਵਲਵਲਿਆਂ ਨੂੰ ਜੀਭ ਲਾ ਦਿੰਦੀਆਂ ਹਨ। ਗਿੱਧੇ ਦੇ ਪਿੜ ਵਿੱਚ ਮਨੁੱਖੀ ਸਰੋਕਾਰਾਂ ਨਾਲ ਜੁੜੇ ਸਾਰੇ ਹੀ ਸੱਚ ਭਾਂਬੜ ਬਣ ਕੇ ਨੱਚ ਉੱਠਦੇ ਹਨ। ਕੋਈ ਰਿਸ਼ਤਾ ਲੋਕ-ਬੋਲੀਆਂ ਤੋਂ ਮੂੰਹ ਪਾਸੇ ਨਹੀਂ ਕਰ ਸਕਦਾ। ਭੈਣ ਦੇ ਮੂੰਹੋਂ ਗਿੱਧੇ ਦੇ ਪਿੜ ਵਿੱਚ ਭਰਾ ਪ੍ਰਤੀ ਮੋਹ ਦਾ ਪ੍ਰਗਟਾਵਾ ਇਉਂ ਦਿਖਾਈ ਦਿੰਦਾ ਹੈ;

ਕਾਲੇ ਸੂਟ 'ਤੇ ਸਜੇ ਜੰਜ਼ੀਰੀ
ਰੋਜ਼ ਰੋਜ਼ ਨਾ ਪਾਵਾਂ।
ਨੀਂ ਸੋਹਣੇ ਵੀਰਨ ਦੀ
ਸਹੁੰ ਝੂਠੀ ਨਾ ਖਾਵਾਂ।

ਜ਼ਮਾਨੇ ਨੇ ਕਰਵੱਟ ਬਦਲੀ ਹੈ। ਇੱਕ ਸਮਾਂ ਸੀ ਜਦੋਂ ਬਹੁਤਿਆਂ ਭਰਾਵਾਂ ਵਾਲੀ ਦੀ ਸਹੁਰੇ ਘਰ ਵੀ ਕਦਰ ਹੁੰਦੀ ਸੀ। ਲੋਕਾਂ ਦਾ ਮੁੱਖ ਕਿੱਤਾ ਖੇਤੀ ਹੋਣ ਕਰਕੇ ਬਹੁਤੇ ਭਰਾਵਾਂ ਦੀ ਖੇਤੀ ਦੇ ਕਾਰੋਬਾਰ ਵਿੱਚ ਵੱਧ ਲੋੜ ਹੁੰਦੀ ਸੀ, ਪਰ ਹੁਣ ਧਾਰਨਾ ਉਲਟ ਹੈ। ਹੁਣ ਜਿੰਨੇ ਭਰਾ ਘੱਟ ਹੋਣਗੇ, ਸਮਾਜਿਕ ਤੌਰ 'ਤੇ ਉਸ ਦੀ ਓਨੀ ਕਦਰ ਵੱਧ ਪਵੇਗੀ। ਧੀ ਦਾ ਬਾਪ ਵੀ ਹੁਣ ਉੱਥੇ ਹੀ ਸਾਕ ਕਰਨ ਨੂੰ ਪਹਿਲ ਦਿੰਦਾ ਹੈ ਜਿੱਥੇ ਪੁੱਤਰ ਇਕੱਲਾ-ਕੈਰ੍ਹਾ ਹੋਵੇ। ਜਦੋਂ ਬਹੁਤਿਆਂ ਭਰਾਵਾਂ ਵਾਲਾ ਸਮਾਂ ਮਾਨਯੋਗ ਹੁੰਦਾ ਸੀ, ਉਦੋਂ ਬਹੁਤਿਆਂ ਭਰਾਵਾਂ ਵਾਲੀ ਭੈਣ ਵੀ ਫੁੱਲੀ ਨਹੀਂ ਸੀ ਸਮਾਉਂਦੀ;

ਮਹਿੰਦੀ ਮਹਿੰਦੀ ਸਭ ਜੱਗ ਕਹਿੰਦਾ
ਮੈਂ ਵੀ ਆਖਾਂ ਮਹਿੰਦੀ।
ਘੋਟ-ਘੋਟ ਕੇ ਹੱਥਾਂ 'ਤੇ ਲਾਵਾਂ
ਬੱਤੀਆਂ ਬਣ ਬਣ ਲਹਿੰਦੀ।
ਫੌਜ ਭਰਾਵਾਂ ਦੀ
ਤਖ਼ਤਪੋਸ਼ 'ਤੇ ਬਹਿੰਦੀ।

ਭੈਣ ਦੇ ਮੋਹ ਨੂੰ ਕਿਸੇ ਵੀ ਤਰਾਜ਼ੂ ਨਾਲ ਤੋਲਿਆ ਨਹੀਂ ਜਾ ਸਕਦਾ। ਜਦੋਂ ਵੀਰ, ਭੈਣ ਨੂੰ ਮਿਲ ਕੇ ਵਾਪਸ ਜਾਣ ਲਈ ਖੜ੍ਹਾ ਹੁੰਦਾ ਹੈ ਤਾਂ ਭੈਣ ਦਾ ਕਲੇਜਾ ਪਾਟਣ ਨੂੰ ਆਉਂਦਾ ਹੈ। ਬੇਸ਼ੱਕ ਭੈਣ ਆਪਣੀ ਇਸ ਵੇਦਨਾ ਨੂੰ ਪ੍ਰਗਟ ਨਾ ਕਰੇ, ਪ੍ਰੰਤੂ ਗਿੱਧੇ ਦੇ ਪਿੜ ਵਿੱਚ ਭੈਣ ਦਾ ਦਰਦ ਚੀਕਾਂ ਮਾਰ ਉੱਠਦਾ ਹੈ;

ਆਉਂਦੇ ਵੀਰ ਦਾ ਬੋਤਾ ਸਿਆਣਿਆ
ਜਾਂਦੇ ਵੀਰ ਦੀ ਲੋਈ।
ਵੀਰਾ ਲੈ ਚੱਲ ਵੇ
ਤੈਨੂੰ ਵੇਖ ਕੇ ਰੋਈ।

ਸਾਡੇ ਸਮਾਜਿਕ ਰਿਸ਼ਤਿਆਂ ਵਿੱਚ ਜਦੋਂ ਕੋਈ ਦੋ ਰੂਹਾਂ (ਭਾਵੇਂ ਕੋਈ ਵੀ ਹੋਣ) ਇੱਕ ਦੂਜੇ ਪ੍ਰਤੀ ਸੱਚੀ-ਸੁੱਚੀ ਮੁਹੱਬਤ ਦੇ ਰੰਗ ਵਿੱਚ ਰੰਗੀਆਂ ਗਈਆਂ ਹੋਣ ਤਾਂ ਦੋਹਾਂ ਧਿਰਾਂ ਵਿੱਚ ਜਦੋਂ ਕੋਈ ਹੋਰ ਤੀਜੀ ਧਿਰ ਮੁਹੱਬਤ ਦੇ ਤੰਦ ਪਾਉਣੇ ਸ਼ੁਰੂ ਕਰ ਦੇਵੇ ਤਾਂ ਪਹਿਲੀਆਂ ਦੋਹੇਂ ਧਿਰਾਂ ਵਿੱਚੋਂ ਇੱਕ ਨੂੰ ਸੜੇਵਾਂ ਹੋਣਾ ਕੁਦਰਤੀ ਹੈ। ਭਰਾ ਭਰਜਾਈ ਦੇ ਲਾਡ-ਪਿਆਰ ਤੋਂ ਭੈਣ ਨੂੰ ਸ਼ੰਕਾ ਹੋ ਜਾਂਦਾ ਹੈ ਕਿ ਕਿਤੇ ਭਰਾ ਸਾਰਾ ਮੋਹ ਭਰਜਾਈ ਦੀ ਝੋਲੀ ਵਿੱਚ ਨਾ ਪਾ ਦੇਵੇ ਤੇ ਭੈਣ ਆਪਣੇ ਹਿੱਸੇ ਦੇ ਮੋਹ ਤੋਂ ਵੀ ਕਿਤੇ ਵਾਂਝੀ ਨਾ ਹੋ ਜਾਵੇ। ਅਜਿਹੇ ਮੌਕੇ ਭੈਣ ਆਪਣੇ ਵੀਰ ਨੂੰ ਇੱਕ ਨਸੀਹਤ ਦਿੰਦੀ ਹੈ। ਇਹ ਲੋਕ ਬੋਲੀ ਭੈਣ ਦੀ ਭਾਵਨਾ ਦਰਸਾ ਰਹੀ ਹੈ;

ਬਾਰੀਂ ਵਰਸੀਂ ਖੱਟਣ ਗਿਆ ਸੀ
ਖੱਟ ਕੇ ਲਿਆਂਦੀ ਸੂਤ ਦੀ ਅੱਟੀ।

ਔਖਾ ਹੋਵੇਂਗਾ ਵੀਰਾ
ਭਾਬੋ ਲਾਡਲੀ ਰੱਖੀ।

ਜਦ ਵੀਰ, ਭੈਣ ਦੇ ਘਰ ਜਾਂਦਾ ਹੈ ਤਾਂ ਭੈਣ ਨੂੰ ਚਾਅ ਚੜ੍ਹ ਜਾਂਦਾ ਹੈ। ਵੀਰ ਨੂੰ ਰੋਟੀ ਖਵਾਉਂਦਿਆਂ ਹੀ ਭੈਣ ਦੀ ਭੁੱਖ ਲਹਿ ਜਾਂਦੀ ਹੈ। ਭੈਣ ਚਾਵਾਂ ਨਾਲ ਖੀਰ ਬਣਾਉਂਦੀ ਹੈ। ਕਿਸੇ ਕਾਰਨ ਵੀਰ ਨੇ ਖੀਰ ਨਹੀਂ ਖਾਧੀ। ਭੈਣ ਦੇ ਅੰਦਰੋਂ ਕੁੱਝ ਖੁੱਸਣ ਲੱਗਦਾ ਹੈ। ਭੈਣ ਦੇ ਅੰਦਰਲਾ ਦੁੱਖ ਬੋਲੀ ਬਣ ਕੇ ਬੁੱਲ੍ਹਾਂ 'ਤੇ ਆ ਜਾਂਦਾ ਹੈ;

ਵੀਰਵਾਰ ਦੀ ਰੱਖੀ ਥੇਈ
ਵਧੀਆ ਖੀਰ ਬਣਾਈ।
ਹੋਰ ਤਾਂ ਸਾਰੇ ਖਾ ਗਏ ਬਹਿ ਕੇ
ਤੈਂ ਬੁਰਕੀ ਨਾ ਲਾਈ।
ਰੋਟੀ ਖਾ ਵੀਰਾ
ਭੈਣ ਫਿਰੇ ਕੁਮਲਾਈ।

ਭੈਣ ਦੇ ਘਰ ਭਾਵੇਂ ਕੁਦਰਤ ਨੇ ਸਾਰੀਆਂ ਸੁਗਾਤਾਂ ਦਿੱਤੀਆਂ ਹੋਣ। ਕਬੀਲਦਾਰੀ ਪੱਖੋਂ ਸੌਖੀ ਹੋਣ ਕਰਕੇ ਉਸ ਨੂੰ ਭਾਵੇਂ ਕਿਸੇ ਵੀ ਚੀਜ਼ ਦੀ ਭੁੱਖ ਨਹੀਂ ਹੁੰਦੀ, ਪ੍ਰੰਤੂ ਪੇਕਿਆਂ ਤੋਂ ਮਿਲਣ ਵਾਲੀ ਸੌਗਾਤ ਦਾ ਇੱਕ ਭੈਣ ਨੂੰ ਵੱਖਰਾ ਜਿਹਾ ਸੁਆਦ ਤੇ ਮਾਣ ਮਹਿਸੂਸ ਹੁੰਦਾ ਹੈ।

(ਬਾਕੀ ਸਫ਼ਾ 27 'ਤੇ)

ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਕਿਵੇਂ ਬਚਾਇਆ ਜਾਵੇ ?

ਅਖਿਲੇਸ਼ ਆਰਯਾਂਦੂ

ਜਦੋਂ ਤੋਂ ਪ੍ਰਦੂਸ਼ਣ ਕਾਰਨ ਸਮੱਸਿਆਵਾਂ ਵਧੀਆਂ ਹਨ, ਕੇਂਦਰ ਅਤੇ ਰਾਜ ਸਰਕਾਰਾਂ ਨੇ ਆਪਣੇ ਪੱਧਰ 'ਤੇ ਇਸ ਤੋਂ ਛੁਟਕਾਰਾ ਪਾਉਣ ਲਈ ਕਦਮ ਚੁੱਕੇ ਹਨ। ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਵਾਤਾਵਰਣ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਅਲਾਟ ਕੀਤੇ ਫੰਡਾਂ ਅਤੇ ਸਕੀਮਾਂ ਨਾਲ ਵਾਤਾਵਰਨ ਨੂੰ ਸਾਫ਼-ਸੁਥਰਾ ਬਣਾਇਆ ਜਾ ਸਕਦਾ ਹੈ ?

ਇਹ ਕਹਿਣਾ ਮੁਸ਼ਕਿਲ ਹੈ ਕਿ ਪਿਛਲੇ ਤਿੰਨ ਦਹਾਕਿਆਂ ਵਿੱਚ ਮਨੁੱਖੀ ਸੱਭਿਅਤਾ ਦੀਆਂ ਸਾਰੀਆਂ ਗਤੀਵਿਧੀਆਂ ਅਤੇ ਵਿਕਾਸ 'ਤੇ ਵਾਤਾਵਰਣ ਪ੍ਰਦੂਸ਼ਣ ਦਾ ਕਿੰਨਾ ਪ੍ਰਭਾਵ ਪਿਆ ਹੈ। ਦਰਅਸਲ, ਇਹ ਇੱਕ ਅਜਿਹਾ ਧੀਮਾ ਜ਼ਹਿਰ ਹੈ ਜੋ ਸਾਡੀ ਸਿਹਤ ਅਤੇ ਹੋਰ ਕਈ ਗਤੀਵਿਧੀਆਂ ਨੂੰ ਪ੍ਰਭਾਵਿਤ ਕਰਦਾ ਹੈ। ਕੋਰੋਨਾ ਤੋਂ ਪਹਿਲਾਂ ਵਾਤਾਵਰਣ ਪ੍ਰਦੂਸ਼ਣ ਨੂੰ ਕਈ ਸਮੱਸਿਆਵਾਂ, ਸੰਕਟਾਂ, ਬਿਮਾਰੀਆਂ, ਵਿਕਾਸ ਵਿੱਚ ਰੁਕਾਵਟ, ਆਰਥਿਕ ਤਰੱਕੀ ਵਿੱਚ ਰੁਕਾਵਟ ਅਤੇ ਸਮੁੱਚੇ ਮਾਹੌਲ ਨੂੰ ਜ਼ਹਿਰੀਲਾ ਕਰਨ ਦਾ ਕਾਰਨ ਮੰਨਿਆ ਜਾਂਦਾ ਸੀ। ਇਸ ਦਾ ਇਹ ਮਤਲਬ ਨਹੀਂ ਹੈ ਕਿ ਵਾਤਾਵਰਣ ਪ੍ਰਦੂਸ਼ਣ ਦੇ ਪ੍ਰਭਾਵ, ਇਸ ਦੀਆਂ ਵਧਦੀਆਂ ਸਮੱਸਿਆਵਾਂ, ਸੰਕਟ, ਬਿਮਾਰੀਆਂ, ਮੌਸਮੀ ਚੱਕਰਾਂ ਵਿੱਚ ਤਬਦੀਲੀਆਂ ਅਤੇ ਹੋਰ ਅਣਗਿਣਤ ਸਮੱਸਿਆਵਾਂ ਨੂੰ ਤਰਜੀਹਾਂ ਦੀ ਸੂਚੀ ਵਿੱਚੋਂ ਹਟਾ ਦਿੱਤਾ ਜਾਣਾ ਚਾਹੀਦਾ ਹੈ।

2015 ਵਿੱਚ ਪੈਰਿਸ ਜਲਵਾਯੂ ਸਮਝੌਤੇ ਵਿੱਚ ਤੈਅ ਕੀਤੇ ਗਏ ਮਤਿਆਂ ਦੇ ਅਨੁਸਾਰ, ਭਾਰਤ ਵਾਤਾਵਰਣ ਦੀ ਸੁਰੱਖਿਆ ਅਤੇ ਤਰੱਕੀ ਲਈ ਲਗਾਤਾਰ ਯਤਨ ਕਰ ਰਿਹਾ ਹੈ। ਜੀ-20 ਦੇਸ਼ਾਂ ਵਿਚੋਂ ਭਾਰਤ ਇਕਲੌਤਾ ਅਜਿਹਾ ਦੇਸ਼ ਹੈ ਜੋ ਸਮਝੌਤੇ ਦੀ ਪਾਲਣਾ ਕਰ ਰਿਹਾ ਹੈ। ਇਸ ਵਿੱਚ ਜੰਗਲੀ ਖੇਤਰਾਂ ਨੂੰ ਬਚਾਉਣਾ ਅਤੇ ਵਧਾਉਣਾ ਸ਼ਾਮਲ ਹੈ। ਪਰ ਇਹ ਸਿਰਫ਼ ਇਹੀ ਨਹੀਂ ਹੈ। ਹਵਾ ਪ੍ਰਦੂਸ਼ਣ ਤੋਂ ਇਲਾਵਾ ਪਾਣੀ, ਸ਼ੋਰ, ਮਿੱਟੀ, ਅੱਗ ਅਤੇ ਅਤਿਅੰਤ ਰੌਸ਼ਨੀ ਪ੍ਰਦੂਸ਼ਣ ਵਰਗੀਆਂ ਸਮੱਸਿਆਵਾਂ ਵੀ ਹਨ, ਜਿਨ੍ਹਾਂ ਦੇ ਮਾੜੇ ਪ੍ਰਭਾਵਾਂ ਨੇ ਕਈ ਪੱਧਰਾਂ 'ਤੇ ਸਮੱਸਿਆਵਾਂ ਪੈਦਾ ਕੀਤੀਆਂ ਹਨ।

ਵਿਗਿਆਨੀਆਂ ਨੇ ਵਧਦੇ ਹਵਾ ਪ੍ਰਦੂਸ਼ਣ ਨੂੰ ਜਲਵਾਯੂ ਤਬਦੀਲੀ, ਵਧਦੀਆਂ ਬਿਮਾਰੀਆਂ, ਗਲੋਬਲ ਵਾਰਮਿੰਗ, ਸੁਨਾਮੀ ਅਤੇ ਧਰਤੀ ਦੇ ਵਧਦੇ ਤਾਪਮਾਨ ਦਾ ਮੁੱਖ ਕਾਰਨ ਮੰਨਿਆ ਹੈ। ਧਰਤੀ ਦੇ ਵਧਦੇ ਤਾਪਮਾਨ ਅਤੇ ਮੌਸਮੀ ਚੱਕਰ ਵਿੱਚ ਤਬਦੀਲੀਆਂ ਦਾ ਸਭ ਤੋਂ ਵੱਡਾ ਕਾਰਨ ਜ਼ਹਿਰੀਲੀ ਕਾਰਬਨ ਊਰਜਾ ਹੈ। ਸਾਡੇ ਦੇਸ਼ ਵਿੱਚ 2005 ਦੇ ਮੁਕਾਬਲੇ ਕਾਰਬਨ ਨਿਕਾਸ ਵਿੱਚ 21 ਫੀਸਦੀ ਦੀ ਕਮੀ ਆਈ ਹੈ, ਪਰ ਇਹ ਬਹੁਤ ਘੱਟ ਹੈ। ਦਿੱਲੀ, ਗੁਰੂਗ੍ਰਾਮ, ਆਗਰਾ, ਗਾਜ਼ੀਆਬਾਦ, ਕਾਨਪੁਰ ਅਤੇ ਹੋਰ ਸ਼ਹਿਰਾਂ ਵਿੱਚ ਲਗਾਤਾਰ ਹਵਾ ਪ੍ਰਦੂਸ਼ਣ ਦਾ ਮਤਲਬ ਹੈ ਕਿ ਵਾਤਾਵਰਣ ਦੀ ਬਿਹਤਰੀ ਲਈ ਹੋਰ ਪ੍ਰਭਾਵਸ਼ਾਲੀ ਕਦਮ ਚੁੱਕਣ ਦੀ ਲੋੜ ਹੈ।

ਵਾਤਾਵਰਣ ਵਿਗਿਆਨੀਆਂ ਅਨੁਸਾਰ 2040 ਤੱਕ ਦੇਸ਼ ਵਿੱਚ ਸਾਫ਼ ਊਰਜਾ ਦੀ ਮੰਗ ਅੱਜ ਦੇ ਮੁਕਾਬਲੇ ਤਿੰਨ ਗੁਣਾ ਵੱਧ ਜਾਵੇਗੀ। ਸਰਵੇਖਣ ਦੱਸਦੇ ਹਨ ਕਿ ਦੇਸ਼ ਦੇ ਕਈ ਰਾਜਾਂ ਵਿੱਚ ਯੂਰੀਆ, ਅਮੋਨੀਆ, ਜ਼ਿੰਕ ਸਲਫੇਟ ਅਤੇ ਕੀਟਨਾਸ਼ਕ ਬਣਾਉਣ ਵਾਲੀਆਂ ਫੈਕਟਰੀਆਂ ਹਨ, ਜਿਨ੍ਹਾਂ ਦੀਆਂ ਚਿਮਨੀਆਂ ਵਿੱਚੋਂ ਕਈ ਤਰ੍ਹਾਂ ਦੀਆਂ ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਹਨ, ਜੋ ਵਾਤਾਵਰਨ ਨੂੰ ਬੁਰੀ ਤਰ੍ਹਾਂ ਨਾਲ ਵਿਗਾੜਦੀਆਂ ਹਨ। ਫੂਲਪੁਰ ਅਤੇ ਆਂਵਲਾ ਵਿੱਚ ਯੂਰੀਆ ਬਣਾਉਣ ਦੀਆਂ ਵੱਡੀਆਂ ਫੈਕਟਰੀਆਂ ਹਨ।

ਜਦੋਂ ਤੋਂ ਪ੍ਰਦੂਸ਼ਣ ਕਾਰਨ ਸਮੱਸਿਆਵਾਂ ਵਧੀਆਂ ਹਨ, ਉਦੋਂ ਤੋਂ ਕੇਂਦਰ ਅਤੇ ਰਾਜ ਸਰਕਾਰਾਂ ਨੇ ਇਸ ਤੋਂ ਛੁਟਕਾਰਾ ਪਾਉਣ ਲਈ ਕਦਮ ਚੁੱਕੇ ਹਨ। ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਵਾਤਾਵਰਨ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਅਲਾਟ ਕੀਤੇ ਫੰਡਾਂ ਅਤੇ ਸਕੀਮਾਂ ਨਾਲ ਵਾਤਾਵਰਨ ਨੂੰ ਸਾਫ਼-ਸੁਥਰਾ ਬਣਾਇਆ ਜਾ ਸਕਦਾ ਹੈ ? ਜ਼ਾਹਿਰ ਹੈ ਕਿ ਕੇਂਦਰ ਸਰਕਾਰ ਵੱਲੋਂ ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਤੋਂ ਛੁਟਕਾਰਾ ਪਾਉਣ ਲਈ ਚੁੱਕੇ ਗਏ ਕਦਮਾਂ ਅਤੇ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਵਾਲੇ ਕਾਰਕਾਂ ਬਾਰੇ ਆਮ ਲੋਕਾਂ ਨੂੰ ਸਮਝਾਉਣ ਦੀ ਲੋੜ ਹੈ।

ਜਿੰਨਾ ਚਿਰ ਆਮ ਆਦਮੀ ਵਾਤਾਵਰਣ ਪ੍ਰਤੀ ਲਾਪਰਵਾਹ ਰਹਿੰਦਾ ਹੈ ਅਤੇ ਉੱਚੀ ਆਵਾਜ਼ ਰਾਹੀਂ ਹਵਾ, ਪਾਣੀ, ਮਿੱਟੀ ਅਤੇ ਵਾਯੂਮੰਡਲ ਵਿੱਚ ਸ਼ੋਰ ਪ੍ਰਦੂਸ਼ਣ ਪੈਦਾ ਕਰਦਾ ਰਹੇਗਾ, ਉਦੋਂ ਤੱਕ ਪ੍ਰਦੂਸ਼ਣ ਸਬੰਧੀ ਸਮੱਸਿਆਵਾਂ ਦਾ ਹੱਲ ਨਹੀਂ ਹੋ ਸਕਦਾ। ਸਿਰਫ਼ ਕਾਨੂੰਨ ਬਣਾਉਣ ਨਾਲ ਸਮੱਸਿਆ ਦਾ ਹੱਲ ਨਹੀਂ ਹੋਵੇਗਾ। ਇਸ ਲਈ ਵਿਗਿਆਨੀ ਆਮ ਲੋਕਾਂ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕਰਨ ਦੀ ਸਲਾਹ ਦਿੰਦੇ ਰਹਿੰਦੇ ਹਨ। ਪਿਛਲੇ ਤੀਹ ਸਾਲਾਂ ਵਿੱਚ ਦਿੱਲੀ ਸਮੇਤ ਭਾਰਤ ਦੇ ਛੋਟੇ-ਵੱਡੇ ਸ਼ਹਿਰਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਵੱਧ ਰਹੀਆਂ ਸਮੱਸਿਆਵਾਂ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਜੇਕਰ ਅਸੀਂ ਬਿਹਤਰ ਜੀਵਨ ਜਿਊਣਾ ਚਾਹੁੰਦੇ ਹਾਂ ਤਾਂ ਸਾਨੂੰ ਪ੍ਰਦੂਸ਼ਣ ਨੂੰ ਘੱਟ ਕਰਨਾ ਹੋਵੇਗਾ।

ਲੋੜ ਇਸ ਗੱਲ ਦੀ ਹੈ ਕਿ ਅਸੀਂ ਆਪਣੇ ਹਿੱਤ ਅਤੇ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਵਾਲੇ ਤੱਤਾਂ ਦੀ ਵਰਤੋਂ ਘੱਟ ਤੋਂ ਘੱਟ ਕਰੀਏ ਅਤੇ ਦੂਜਿਆਂ ਨੂੰ ਵੀ ਇਸ ਬਾਰੇ ਜਾਗਰੂਕ ਕਰੀਏ। ਇਸ ਦਾ ਮਤਲਬ ਇਹ ਹੈ ਕਿ ਵਧਦੀ ਗੰਭੀਰ ਵਾਤਾਵਰਣ ਦੀਆਂ ਸਮੱਸਿਆਵਾਂ ਨੂੰ ਜ਼ਿੰਦਗੀ ਅਤੇ ਮੌਤ ਦੇ ਸਵਾਲ ਵਾਂਗ ਬਹੁਤ ਗੰਭੀਰਤਾ ਨਾਲ ਲੈਣਾ ਹੋਵੇਗਾ, ਤਾਂ ਹੀ ਸਾਡਾ ਵਾਤਾਵਰਣ ਸੁਰੱਖਿਅਤ ਹੋਵੇਗਾ ਅਤੇ ਅਸੀਂ ਵੀ ਸੁਰੱਖਿਅਤ ਰਹਾਂਗੇ।

ਆਫ਼ਤਾਂ ਤੋਂ ਬਚਾਓ ਲਈ ਵਿਗਿਆਨਿਕ ਗਿਆਨ ਨੂੰ ਵਧਾਉਣ ਦੀ ਲੋੜ

ਡਾ. ਮਨੀਸ਼ ਮਹਿਤਾ

ਭੂਚਾਲ, ਅਚਾਨਕ ਬੱਦਲ ਫਟਣਾ, ਚੱਟਾਨਾਂ ਦਾ ਡਿੱਗਣਾ, ਮਲਬੇ ਦਾ ਵਹਾਅ ਅਤੇ ਗਲੇਸ਼ੀਅਰ ਝੀਲ ਵਿਸਫੋਟ ਵਰਗੀਆਂ ਪ੍ਰਕਿਰਿਆਵਾਂ ਹਿਮਾਲਿਆ ਵਿੱਚ ਸਭ ਤੋਂ ਆਮ ਖ਼ਤਰੇ ਹਨ। ਇਨ੍ਹਾਂ ਕਾਰਨ ਮਨੁੱਖੀ ਜੀਵਨ ਅਤੇ ਬੁਨਿਆਦੀ ਢਾਂਚੇ ਨੂੰ ਵੱਡਾ ਨੁਕਸਾਨ ਹੁੰਦਾ ਹੈ।

ਪਿਛਲੇ ਸਾਲ ਉੱਤਰਾਕਸ਼ੀ ਜ਼ਿਲ੍ਹੇ ਦੇ ਧਰਾਲੀ ਵਿੱਚ ਬੱਦਲ ਫਟਣ ਕਾਰਨ ਖੀਰਗੰਗਾ ਨਦੀ ਨੇ ਭਾਰੀ ਤਬਾਹੀ ਮਚਾਈ। ਇਸ ਕਾਰਨ ਪਹਾੜੀ ਇਲਾਕਿਆਂ ਵਿੱਚ ਟਨਾਂ ਦੇ ਹਿਸਾਬ ਨਾਲ ਮਲਬਾ ਨਦੀ ਦੇ ਕਿਨਾਰੇ ਆ ਗਿਆ ਸੀ। ਇਸ ਕਾਰਨ ਵਿਆਪਕ ਜਾਨੀ-ਮਾਲੀ ਨੁਕਸਾਨ ਹੋਇਆ ਸੀ। ਯਾਦ ਰਹੇ ਕਿ ਪਿਛਲੇ ਸਾਲ ਕੁਝ ਹੋਰ ਸਥਾਨਾਂ 'ਤੇ ਵੀ ਬੱਦਲ ਫਟਣ ਕਾਰਨ ਤਬਾਹੀ ਹੋਈ, ਜਿਨ੍ਹਾਂ ਵਿੱਚ ਪ੍ਰਸਿੱਧ ਸੈਰ-ਸਪਾਟਾ ਸਥਾਨ ਹਰਸ਼ਿਲ ਵੀ ਸ਼ਾਮਲ ਹੈ। ਤਬਾਹੀ ਇਸ ਲਈ ਵੱਧ ਹੋਈ ਕਿਉਂਕਿ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਬਹੁਤ ਸਾਰੇ ਨਿਰਮਾਣ ਕੀਤੇ ਗਏ ਸਨ। ਧਰਾਲੀ ਵਿੱਚ ਸੜਕਾਂ, ਇਮਾਰਤਾਂ ਅਤੇ ਦੁਕਾਨਾਂ ਡੁੱਬ ਗਈਆਂ। ਹਿਮਾਲਿਆ, ਟੈਕਟੋਨਿਕ ਤੌਰ 'ਤੇ ਸਰਗਰਮ ਦੁਨੀਆ ਦੀ ਸਭ ਤੋਂ ਯੁਵਾ ਅਤੇ ਨਾਜ਼ੁਕ ਪਰਬਤ ਪ੍ਰਣਾਲੀ ਹੈ। ਇਹ ਖੇਤਰ ਉੱਚ ਢਲਾਨ ਅਤੇ ਅਨਿਸ਼ਚਤ ਮੌਸਮ ਕਾਰਨ ਕਈ ਉੱਚ ਪਰਬਤੀ ਖ਼ਤਰਿਆਂ ਦਾ ਸਾਹਮਣਾ ਕਰਦਾ ਹੈ।

ਭੂਚਾਲ, ਅਚਾਨਕ ਬੱਦਲ ਫਟਣਾ, ਚੱਟਾਨਾਂ ਦਾ ਡਿੱਗਣਾ, ਮਲਬੇ ਦਾ ਵਹਾਅ ਅਤੇ ਗਲੇਸ਼ੀਅਰ ਝੀਲ ਵਿਸਫੋਟ ਵਰਗੀਆਂ ਪ੍ਰਕਿਰਿਆਵਾਂ ਹਿਮਾਲਿਆ ਵਿੱਚ ਸਭ ਤੋਂ ਆਮ ਖ਼ਤਰੇ ਹਨ। ਇਨ੍ਹਾਂ ਕਾਰਨ ਮਨੁੱਖੀ ਜੀਵਨ ਅਤੇ ਬੁਨਿਆਦੀ ਢਾਂਚੇ ਨੂੰ ਵੱਡਾ ਨੁਕਸਾਨ ਹੁੰਦਾ ਹੈ। ਮੌਨਸੂਨ (ਜੂਨ ਤੋਂ ਸਤੰਬਰ) ਦੌਰਾਨ ਬਹੁਤ ਜ਼ਿਆਦਾ ਵਰਖਾ ਕਾਰਨ ਅਚਾਨਕ ਹੜ੍ਹ ਆਉਣ ਅਤੇ ਜ਼ਮੀਨ ਖਿਸਕਣ ਵਰਗੀਆਂ ਕੁਦਰਤੀ ਆਫ਼ਤਾਂ ਆਮ ਤੌਰ 'ਤੇ ਹੁੰਦੀਆਂ ਰਹਿੰਦੀਆਂ ਹਨ। ਅਧਿਐਨਾਂ ਅਨੁਸਾਰ ਪਿਛਲੇ ਦਹਾਕਿਆਂ ਵਿੱਚ ਹਿਮਾਲਿਆ ਵਿੱਚ ਅਜਿਹੀਆਂ ਆਫ਼ਤਾਂ ਦੀ ਗਿਣਤੀ ਅਤੇ ਆਕਾਰ ਵਿੱਚ ਵਾਧਾ ਹੋਇਆ ਹੈ। ਹਿਮਾਲਿਆ ਦੇ ਗਲੇਸ਼ੀਅਰਾਂ ਦੇ ਤੇਜ਼ੀ ਨਾਲ ਪਿਘਲਣ ਅਤੇ ਇਨ੍ਹਾਂ ਖੇਤਰਾਂ ਵਿੱਚ (3000 ਮੀਟਰ ਤੋਂ ਉੱਪਰ) ਭਾਰੀ ਵਰਖਾ ਕਾਰਨ ਆਸਪਾਸ ਦੀਆਂ ਢਲਾਨਾਂ ਅਤੇ ਗਲੇਸ਼ੀਅਰ ਅਸਥਿਰ ਹੋ ਜਾਂਦੇ ਹਨ। ਗਲੇਸ਼ੀਅਰਾਂ ਤੋਂ ਬਣੀਆਂ ਕਈ ਝੀਲਾਂ ਹੋਰ ਫੈਲਦੀਆਂ ਹਨ ਜਿਸ ਨਾਲ ਖ਼ਤਰੇ ਵਧਦੇ ਹਨ। ਹਾਲ ਹੀ ਵਿੱਚ, ਪ੍ਰਿਥਵੀ ਵਿਗਿਆਨੀਆਂ ਅਤੇ ਨੀਤੀ ਨਿਰਮਾਤਾਵਾਂ ਨੇ ਲਗਾਤਾਰ ਗਰਮ ਦਿਨਾਂ ਅਤੇ ਭਾਰੀ ਵਰਖਾ ਵਰਗੀਆਂ ਘਟਨਾਵਾਂ 'ਤੇ ਧਿਆਨ ਕੇਂਦਰਿਤ ਕੀਤਾ ਹੈ ਤਾਂ ਜੋ ਉਨ੍ਹਾਂ ਦੇ ਕਾਰਨਾਂ ਅਤੇ ਨਤੀਜਿਆਂ ਨੂੰ ਸਮਝਿਆ ਜਾ ਸਕੇ। ਹਾਲਾਂਕਿ ਉੱਚ ਪਹਾੜੀ ਮੌਸਮ ਅਤੇ ਭੂਗੋਲ ਦੀਆਂ ਸਥਿਤੀਆਂ ਵਿੱਚ ਅੰਤਰ ਅਤੇ ਹਿਮਾਲਿਆ ਵਿੱਚ ਲੰਬੇ ਸਮੇਂ ਦੇ ਮੌਸਮ ਦੇ ਡੇਟਾ ਦੇ ਮਜ਼ਬੂਤ ਨੈੱਟਵਰਕ ਦੀ ਕਮੀ ਕਾਰਨ ਵਿਗਿਆਨੀਆਂ ਨੂੰ ਅਜੇ ਤੱਕ ਪੂਰੀ ਤਰ੍ਹਾਂ ਸਮਝ ਨਹੀਂ ਆਇਆ ਕਿ ਆਲਮੀ ਤਪਸ਼ ਅਜਿਹੀਆਂ ਘਟਨਾਵਾਂ ਦੀ ਤੀਬਰਤਾ ਅਤੇ ਆਕਾਰ 'ਤੇ ਕਿਵੇਂ ਪ੍ਰਭਾਵ ਪਾਉਂਦੀ ਹੈ। ਉੱਤਰਾਖੰਡ ਭਾਰਤ ਦੇ ਹਿਮਾਲਿਅਨ ਰਾਜਾਂ ਵਿੱਚੋਂ ਇੱਕ ਹੈ, ਜਿੱਥੇ ਕੁਦਰਤੀ ਆਫ਼ਤਾਂ ਦਾ ਲੰਬਾ ਇਤਿਹਾਸ ਹੈ। ਇਨ੍ਹਾਂ ਆਫ਼ਤਾਂ ਕਾਰਨ ਹੇਠਲੇ ਇਲਾਕਿਆਂ ਵਿੱਚ ਰਹਿਣ ਵਾਲੀ ਆਬਾਦੀ ਅਤੇ ਬੁਨਿਆਦੀ ਢਾਂਚੇ ਨੂੰ ਵੱਡਾ ਨੁਕਸਾਨ ਪਹੁੰਚਦਾ ਹੈ। ਇੱਥੇ ਹਰ ਸਾਲ ਵੱਡੀ ਗਿਣਤੀ ਵਿੱਚ ਤੀਰਥ ਯਾਤਰੀ ਅਤੇ ਸੈਰ-ਸਪਾਟਾ ਕਰਨ ਵਾਲੇ ਆਉਂਦੇ ਹਨ। ਹਿਮਾਲਿਆ ਵਿੱਚ ਵੱਧ ਮੌਨਸੂਨੀ ਵਰਖਾ ਕਾਰਨ ਅਚਾਨਕ ਬੱਦਲ ਫਟਣਾ, ਜ਼ਮੀਨ ਖਿਸਕਣ ਅਤੇ ਇਸ ਨਾਲ ਬਣੀਆਂ ਝੀਲਾਂ ਵਿੱਚ ਹੜ੍ਹ ਆ ਜਾਂਦੇ ਹਨ। ਇਹ ਆਫ਼ਤਾਂ ਖੇਤਰੀ ਭੂਗੋਲ ਨੂੰ ਬਦਲ ਦਿੰਦੀਆਂ ਹਨ।ਇਸ ਦਾ ਪ੍ਰਭਾਵ ਇਨ੍ਹਾਂ ਖੇਤਰਾਂ ਦੀ ਜੈਵ ਵਿਭਿੰਨਤਾ 'ਤੇ ਵੀ ਪੈਂਦਾ ਹੈ। ਕਈ ਹੇਠਲੇ ਇਲਾਕਿਆਂ ਵਿੱਚ ਆਫ਼ਤਾਂ ਨੇ ਬੁਨਿਆਦੀ ਢਾਂਚੇ ਨੂੰ ਵੀ ਵੱਡਾ ਨੁਕਸਾਨ ਪਹੁੰਚਾਇਆ ਹੈ।

ਉਦਾਹਰਨ ਵਜੋਂ ਇਸ ਖੇਤਰ ਵਿੱਚ ਜ਼ਮੀਨ ਖਿਸਕਣ ਦੀ ਘਟਨਾ 1866 ਵਿੱਚ, ਫਿਰ 1879 ਵਿੱਚ ਨੈਨੀਤਾਲ ਦੇ ਆਲਮਾ ਹਿੱਲ ਵਿੱਚ ਹੋਈ ਪਰ ਅਗਲੇ ਸਾਲ 19 ਸਤੰਬਰ 1880 ਨੂੰ ਸ਼ਹਿਰ ਦੇ ਉੱਤਰੀ ਪਾਸੇ ਵੱਲ ਇੱਕ ਭਿਆਨਕ ਜ਼ਮੀਨ ਖਿਸਕਣ ਦੀ ਘਟਨਾ ਹੋਈ, ਜਿਸ ਵਿੱਚ 151 ਲੋਕ ਮਾਰੇ ਗਏ। ਜੁਲਾਈ 1983 ਵਿੱਚ ਬਹੁਤ ਜ਼ਿਆਦਾ ਵਰਖਾ ਕਾਰਨ ਕਰਮਣੀ ਨਦੀ ਵਿੱਚ ਹੜ੍ਹ ਆ ਗਿਆ। ਮਲਬੇ ਨੇ 40 ਮੀਟਰ ਉੱਚਾ ਜ਼ਮੀਨ ਖਿਸਕਣ ਦੀ ਘਟਨਾ ਵਾਲਾ ਬੰਨ੍ਹ ਬਣਾਇਆ ਜਿਸ ਨਾਲ ਨਦੀ ਦਾ ਵਹਾਅ ਰੁਕ ਗਿਆ। ਬੰਨ੍ਹ ਪਲ ਭਰ ਵਿੱਚ ਟੁੱਟ ਗਿਆ ਅਤੇ ਜਾਨੀ ਨੁਕਸਾਨ ਦਾ ਕਾਰਨ ਬਣਿਆ। ਅਠਾਰਾਂ ਅਗਸਤ 1998 ਨੂੰ ਕਮਾਊਂ ਹਿਮਾਲਿਆ ਦੇ ਮਾਲਪਾ ਪਿੰਡ ਵਿੱਚ ਵਰਖਾ ਕਾਰਨ ਵੱਡੇ ਪੈਮਾਨੇ 'ਤੇ ਚੱਟਾਨਾਂ ਦੇ ਡਿੱਗਣ ਕਾਰਨ 250 ਲੋਕ ਮਾਰੇ ਗਏ ਅਤੇ 800 ਮਵੇਸ਼ੀ ਮਲਬੇ ਹੇਠਾਂ ਦੱਬੇ ਗਏ। ਇਸੇ ਤਰ੍ਹਾਂ ਮਦਮਹੇਸ਼ਵਰ ਵਾਦੀ ਵਿੱਚ ਭਾਰੀ ਵਰਖਾ ਦੀਆਂ ਘਟਨਾਵਾਂ ਨੇ ਬੇਂਤੀ ਅਤੇ ਪੁੰਡਰ ਪਿੰਡਾਂ ਨੂੰ ਤਬਾਹ ਕਰ ਦਿੱਤਾ ਅਤੇ ਮਦਮਹੇਸ਼ਵਰ ਨਦੀ ਦਾ ਵਹਾਅ ਰੁਕ ਗਿਆ। ਇਸ ਆਫ਼ਤ ਵਿੱਚ 101 ਲੋਕ ਮਾਰੇ ਗਏ। ਇਸੇ ਤਰ੍ਹਾਂ 16 ਤੋਂ 20 ਸਤੰਬਰ 2010 ਦਰਮਿਆਨ ਭਾਰੀ ਵਰਖਾ ਕਾਰਨ ਹੜ੍ਹ ਅਤੇ ਜ਼ਮੀਨ ਧਸਣ ਕਾਰਨ 214 ਵਿਅਕਤੀ ਅਤੇ 1771 ਜਾਨਵਰ ਮਾਰੇ ਗਏ। ਇਸ ਤੋਂ ਇਲਾਵਾ 15 ਤੋਂ 17 ਜੂਨ 2013 ਦਰਮਿਆਨ ਅਸਾਧਾਰਨ ਤੌਰ 'ਤੇ ਸਮੇਂ ਤੋਂ ਪਹਿਲਾਂ ਹੋਈ ਮੌਨਸੂਨੀ ਵਰਖਾ ਅਤੇ ਪਿਘਲਦੀ ਬਰਫ਼ ਨੇ ਗੜਵਾਲ ਹਿਮਾਲਿਆ ਦੀਆਂ ਨਦੀਆਂ (ਜਿਵੇਂ ਕਿ ਅਲਕਨੰਦਾ, ਮੰਦਾਕਿਨੀ, ਯਮੁਨਾ ਨਦੀ) ਵਿੱਚ ਭਿਆਨਕ ਹੜ੍ਹ ਲਿਆ ਦਿੱਤਾ। ਇਸ ਦੇ ਨਤੀਜੇ ਵਜੋਂ ਕਈ ਜਗ੍ਹਾ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵਾਪਰੀਆਂ। ਯਾਤਰਾ ਦੌਰਾਨ ਹਜ਼ਾਰਾਂ ਤੀਰਥ ਯਾਤਰੀ ਜਗ੍ਹਾ-ਜਗ੍ਹਾ ਫਸ ਗਏ। ਜੂਨ 2013 ਵਿੱਚ ਵਿਨਾਸ਼ਕਾਰੀ ਆਫ਼ਤ ਦੇ ਨਤੀਜੇ ਵਜੋਂ 5,000 ਤੋਂ ਵੱਧ ਲੋਕਾਂ ਦੀ ਜਾਨ ਚਲੀ ਗਈ। ਲੱਖਾਂ ਲੋਕ ਪ੍ਰਭਾਵਿਤ ਹੋਏ। ਵਿਸ਼ਵ ਬੈਂਕ ਅਨੁਸਾਰ ਇਸ ਘਟਨਾ ਕਾਰਨ ਵਿੱਤੀ ਨੁਕਸਾਨ 250 ਮਿਲੀਅਨ ਡਾਲਰ ਤੋਂ ਵੱਧ ਸੀ।

ਸੱਤ ਫਰਵਰੀ 2021 ਨੂੰ ਸਵੇਰੇ 10 ਵਜੇ ਚਮੋਲੀ ਜ਼ਿਲ੍ਹੇ ਵਿੱਚ ਰਿਸ਼ੀਗੰਗਾ ਖੇਤਰ ਵਿੱਚ ਮੇਰੌਥੀ ਗਲੇਸ਼ੀਅਰ ਕਾਰਨ ਹੜ੍ਹ ਆਇਆ।

(ਬਾਕੀ ਸਫ਼ਾ 27 'ਤੇ)

ਇੱਕ ਤਾਰਾ ਟੁੱਟਿਆ ਨੀਂ..!

ਡਾ. ਧਰਮਪਾਲ ਸਾਹਿਲ

ਲਗਪਗ 38 ਵਰ੍ਹੇ ਬਾਅਦ ਚੇਤਿਆਂ 'ਚ ਵੱਸੇ ਸ਼ਹਿਰ ਦੇਹਰਾਦੂਨ ਜਾਣ ਦਾ ਸਬੱਬ ਬਣਿਆ। ਉਨ੍ਹਾਂ ਸਾਰੀਆਂ ਵਿੱਦਿਅਕ ਸੰਸਥਾਵਾਂ ਵਿੱਚ ਫੇਰਾ ਪਾਉਣ ਦੀ ਚਾਹਤ ਸੀ, ਜਿੱਥੋਂ ਸਕੂਲੀ ਤੇ ਕਾਲਜ ਦੀ ਪੜ੍ਹਾਈ ਪੂਰੀ ਕੀਤੀ ਸੀ। ਸਾਰਾ ਦਿਨ ਘੁੰਮਦਾ-ਘੁੰਮਾਉਂਦਾ ਸ਼ਾਮ ਨੂੰ ਡੀ ਏ ਵੀ ਕਾਲਜ ਪੁੱਜਾ। ਪੂਰੇ ਸੱਤ ਵਰ੍ਹੇ ਇਸੇ ਕਾਲਜ ਵਿੱਚ ਗੁਜ਼ਾਰੇ ਸਨ। ਸ਼ਾਮ ਦੇ ਘੁਸਮੁਸੇ ਵਿੱਚ ਝਾਉਲਾ ਜਿਹਾ ਪਿਆ ਜਿਵੇਂ ਮੇਰਾ 40 ਸਾਲ ਪੁਰਾਣਾ ਬੀ ਐੱਡ ਦਾ ਜਮਾਤੀ ਮੋਹਨੀ ਤੁਰਿਆ ਆ ਰਿਹਾ ਹੋਵੇ। ਫਿਲਮੀ ਹੀਰੋ ਵਰਗਾ ਕੱਦ-ਕਾਠ ਤੇ ਚਿਹਰਾ। ਬੁੱਲ੍ਹਾਂ ਨਾਲੋਂ ਅੱਖਾਂ ਵੱਧ ਬੋਲਦੀਆਂ। ਰਿਸੈਪਸ਼ਨ ਪਾਰਟੀ ਵਿੱਚ ਵੈੱਲ ਡਰੈੱਸਡ ਤੇ ਵੈੱਲ ਮੈਨਰਡ ਦਾ ਖ਼ਿਤਾਬ ਜਿੱਤਣ ਵਾਲਾ। ਆਪਣੀ ਫਰਾਟੇਦਾਰ ਅੰਗਰੇਜ਼ੀ, ਗਾਇਕੀ ਅਤੇ ਸਾਹਿਤਕ ਗਿਆਨ ਨਾਲ ਮੋਹਨੀ ਨੇ ਸਾਰੇ ਅਧਿਆਪਕਾਂ ਅਤੇ ਜਮਾਤੀਆਂ ਦਾ ਮਨ ਮੋਹ ਲਿਆ ਸੀ। ਸਾਡੀ ਦੋਸਤੀ ਦੇ ਤਾਰ ਜੁੜੇ ਅਤੇ ਅਸੀਂ ਇਕੱਠਿਆਂ ਹੀ ਇੱਕੋ ਬੈਂਚ 'ਤੇ ਬੈਠ ਪੀਰੀਅਡ ਲਾਉਣੇ ਸ਼ੁਰੂ ਕਰ ਦਿੱਤੇ। ਮੋਹਨੀ ਦੂਸਰੇ ਕਾਲਜ 'ਚੋਂ ਐੱਮ ਐੱਸਸੀ ਕਰ ਕੇ ਇੱਥੇ ਦਾਖ਼ਲ ਹੋਇਆ ਸੀ। ਇੱਕ ਦਿਨ ਉਹ ਜਮਾਤ ਵਿੱਚ ਪਹਿਲਾਂ ਥੋੜ੍ਹਾ ਕੰਬਿਆ, ਫਿਰ ਬੇਹੋਸ਼ ਜਿਹਾ ਹੋ ਕੇ ਡੈਸਕ 'ਤੇ ਡਿੱਗ ਪਿਆ। ਮੈਂ ਨੀਮ ਬੇਹੋਸ਼ ਮੋਹਨੀ ਨੂੰ ਉਸ ਦੇ ਘਰ ਪਹੁੰਚਾਉਣ ਦੀ ਜ਼ਿੰਮੇਵਾਰੀ ਲੈ ਲਈ।

ਉਸ ਨੂੰ ਡਿੱਗਦੇ-ਢਹਿੰਦੇ ਨੂੰ ਸਹਾਰਾ ਦੇ ਕੇ ਉਸ ਦੇ ਘਰ ਪਹੁੰਚਾਇਆ। ਅਫਸਰ ਪਿਤਾ, ਉੱਚ ਯੋਗਤਾ ਪ੍ਰਾਪਤ ਜ਼ਹੀਨ ਬੰਗਾਲੀ ਪਰਿਵਾਰ। ਮੈਂ ਫ਼ਿਕਰਮੰਦ ਹੁੰਦਿਆਂ ਉਸ ਦੇ ਮਾਤਾ-ਪਿਤਾ ਨੂੰ ਮੋਹਨੀ ਦੀ ਸਿਹਤ ਨਾਸਾਜ਼ ਹੋਣ ਦੀ ਸੂਚਨਾ ਦਿੱਤੀ ਪਰ ਉਸ ਦੇ ਘਰਦਿਆਂ ਨੇ ਬੜੀ ਹੀ ਬੇਫ਼ਿਕਰੀ ਨਾਲ ਕਿਹਾ ਸੀ, "ਕੁਝ ਨ੍ਹੀਂ ਹੋਇਆ ਇਸ ਨੂੰ, ਥੋੜ੍ਹੀ ਦੇਰ ਵਿੱਚ ਠੀਕ ਹੋ ਜਾਵੇਗਾ।" ਮੈਂ ਉਨ੍ਹਾਂ ਦਾ ਆਪਣੇ ਹੋਣਹਾਰ ਪੁੱਤਰ ਪ੍ਰਤੀ ਰਵੱਈਆ ਦੇਖ ਕੇ ਹੈਰਾਨ ਸੀ। ਪਰਤਦਿਆਂ ਗੇਟ ਤੱਕ ਛੱਡਣ ਆਏ ਮੋਹਨੀ ਦੇ ਪਿਤਾ ਨੇ ਮੈਨੂੰ ਹਦਾਇਤ ਕੀਤੀ, "ਤੂੰ ਭਲੇ ਘਰ ਦਾ ਮੁੰਡਾ ਲਗਦੈਂ, ਮੋਹਨੀ ਦੀ ਸੰਗਤ ਛੱਡ ਦੇ, ਇਸ ਤੋਂ ਦੂਰ ਰਹਿਣ ਵਿੱਚ ਹੀ ਤੇਰੀ ਭਲਾਈ ਹੈ।" ਉਸ ਦੇ ਘਰ ਦਾ ਮਾਹੌਲ ਅਤੇ ਉਨ੍ਹਾਂ ਦੀਆਂ ਗੱਲਾਂ ਮੇਰੇ ਲਈ ਰਹੱਸਮਈ ਸਨ। ਉਸ ਸਮੇਂ ਤਾਂ ਮੈਨੂੰ ਕੁਝ ਵੀ ਪੁੱਛਣ ਦੀ ਹਿੰਮਤ ਨਹੀਂ ਸੀ ਹੋਈ, ਪਰ ਮੈਂ ਸਾਰੀ ਵਾਟ ਸੋਚਦਾ ਰਿਹਾ ਕਿ ਮੋਹਨੀ ਦੇ ਪਿਤਾ ਨੇ ਅਜਿਹਾ ਕਿਉਂ ਕਿਹਾ? ਫਿਰ ਕਈ ਦਿਨ ਮੋਹਨੀ ਕਾਲਜ ਨਹੀਂ ਸੀ ਆਇਆ। ਜੀਅ ਕੀਤਾ ਕਿ ਉਸ ਦੇ ਘਰ ਜਾ ਕੇ ਖ਼ਬਰਸਾਰ ਲਵਾਂ, ਪਰ ਉਸ ਦੇ ਪਿਤਾ ਦੇ ਕਹੇ ਬੋਲ ਮੇਰੇ ਪੈਰਾਂ ਦੀਆਂ ਜ਼ੰਜੀਰਾਂ ਬਣ ਗਏ। ਕੁਝ ਦਿਨਾਂ ਬਾਅਦ ਮੋਹਨੀ ਕਾਲਜ ਆਇਆ। ਸਾਰਾ ਦਿਨ ਜਮਾਤੀਆਂ ਨਾਲ ਹੱਸਦਾ, ਖੇਡਦਾ, ਗਾਉਂਦਾ, ਗੱਲਾਂ-ਬਾਤਾਂ ਕਰਦਾ ਰਿਹਾ। ਕਾਲਜ ਛੁੱਟੀ ਹੋਣ ਮਗਰੋਂ ਉਹ ਕਲਾਸਰੂਮ ਦੇ ਬੈਂਚ 'ਤੇ ਬੇਹੋਸ਼ ਪਿਆ ਸੀ। ਕਾਲਜ ਵਾਲਿਆਂ ਨੇ ਉਸ ਦੇ ਘਰ ਫੋਨ ਕੀਤਾ। ਉਸ ਦੇ ਪਿਤਾ ਨੇ ਆਪਣੀ ਕਾਰ ਭੇਜੀ ਤੇ ਡਰਾਈਵਰ ਡਿੱਗਦੇ-ਢਹਿੰਦੇ ਮੋਹਨੀ ਨੂੰ ਲੈ ਗਿਆ। ਇਹ ਗੱਲ ਮੇਰੀ ਸਮਝ ਤੋਂ ਪਰ੍ਹੇ ਸੀ ਕਿ ਚੰਗੇ-ਭਲੇ ਮੋਹਨੀ ਨੂੰ ਅਚਾਨਕ ਕੀ ਹੋ ਜਾਂਦਾ ਹੈ? ਫਿਰ ਡਰਾਈਵਰ ਮੂੰਹੋਂ ਨਿਕਲੀ ਗੱਲ ਸਾਰੇ ਕਾਲਜ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ ਕਿ ਮੋਹਨੀ ਨਸ਼ੇ ਕਰਦਾ ਹੈ। ਉਸ ਦੇ ਘਰ ਦੇ ਬਹੁਤ ਲਾਚਾਰ ਹਨ।

ਇਹ ਜਾਣ ਕੇ ਪਤਾ ਨਹੀਂ ਮੇਰੇ ਸਿਰ 'ਤੇ ਕਿਹੜਾ ਜਨੂੰਨ ਚੜ੍ਹਿਆ ਕਿ ਮੈਂ ਮੋਹਨੀ ਦੀ ਇਹ ਆਦਤ ਛੁਡਾਉਣ ਦਾ ਪ੍ਰਣ ਕਰ ਲਿਆ। ਮੈਂ ਉਸ ਦੇ ਪਿਤਾ ਦੀ ਹਦਾਇਤ ਨੂੰ ਦਰਕਿਨਾਰ ਕਰਦਿਆਂ ਵੱਧ ਤੋਂ ਵੱਧ ਸਮਾਂ ਮੋਹਨੀ ਨਾਲ ਗੁਜ਼ਾਰਨਾ ਸ਼ੁਰੂ ਕਰ ਦਿੱਤਾ। ਉਸ ਨੂੰ ਘਰੋਂ ਨਾਲ ਲੈ ਕੇ ਕਾਲਜ ਤੇ ਫਿਰ ਛੁੱਟੀ ਮਗਰੋਂ ਘਰ ਛੱਡ ਕੇ ਆਉਂਦਾ। ਉਸ ਦੀਆਂ ਜੇਬਾਂ ਦੀ ਤਲਾਸ਼ੀ ਲੈਂਦਾ। ਉਸ ਨੂੰ ਆਪਣੀ ਦੋਸਤੀ ਦਾ ਵਾਸਤਾ ਪਾਉਂਦਾ। ਉਸ ਦੀ ਢਹਿੰਦੀ ਕਲਾ ਨੂੰ ਮੁੜ ਚੜ੍ਹਦੀਕਲਾ ਵਿੱਚ ਲਿਆਉਣ ਲਈ ਉਸ ਤੋਂ ਕਿੰਨੀ-ਕਿੰਨੀ ਦੇਰ ਗੀਤ ਸੰਗੀਤ ਸੁਣਦਾ। ਉਸ ਵੱਲੋਂ ਪੜ੍ਹੇ ਟੈਗੋਰ, ਕ੍ਰਿਸ਼ਨ ਚੰਦਰ, ਵਿਮਲ ਚੰਦਰ ਆਦਿ ਦੇ ਸਾਹਿਤ ਸਬੰਧੀ ਵਿਚਾਰ-ਚਰਚਾ ਕਰਦਾ। ਮੋਹਨੀ ਦੇ ਮਨ ਵਿੱਚ ਬੈਠੀ ਇਹ ਭਾਵਨਾ ਕਿ ਹੁਣ ਉਹ ਕਦੇ ਵੀ ਨਸ਼ਾ ਨਹੀਂ ਛੱਡ ਸਕੇਗਾ, ਨੂੰ ਮੈਂ ਕਾਫ਼ੀ ਹੱਦ ਤੀਕ ਦੂਰ ਕਰਨ ਵਿੱਚ ਕਾਮਯਾਬ ਵੀ ਹੋ ਗਿਆ। ਮੇਰੀਆਂ ਇਨ੍ਹਾਂ ਕੋਸ਼ਿਸ਼ਾਂ ਤੋਂ ਉਸ ਦੇ ਮਾਤਾ-ਪਿਤਾ ਬਹੁਤ ਖ਼ੁਸ਼ ਸਨ ਕਿ ਮੋਹਨੀ ਮੁੜ ਸਾਧਾਰਨ ਜ਼ਿੰਦਗੀ ਵੱਲ ਪਰਤ ਰਿਹਾ ਹੈ। ਉਹ ਮੈਨੂੰ ਸਾਵਧਾਨ ਕਰਦੇ ਕਿ ਹਰ ਵੇਲੇ ਮੋਹਨੀ ਨਾਲ ਰਹਿਣ ਕਰ ਕੇ ਉਸ ਨੂੰ ਨਸ਼ਾ ਪਹੁੰਚਾਉਣ ਵਾਲੇ ਗੈਂਗ ਦੀਆਂ ਅੱਖਾਂ ਵਿੱਚ ਮੈਂ ਰੜਕਣ ਲੱਗ ਪਿਆ ਹਾਂ, ਉਹ ਮੈਨੂੰ ਕੋਈ ਨੁਕਸਾਨ ਵੀ ਪਹੁੰਚਾ ਸਕਦੇ ਹਨ, ਪਰ ਮੈਨੂੰ ਕਿਸੇ ਦੀ ਪਰਵਾਹ ਨਹੀਂ ਸੀ।

ਉਹ ਮਨ ਹੀ ਮਨ ਡਰਦੇ ਸਨ ਕਿ ਕਿਧਰੇ ਮੈਂ ਵੀ ਮੋਹਨੀ ਵਾਂਗ ਨਸ਼ਿਆਂ ਦਾ ਆਦੀ ਨਾ ਹੋ ਜਾਵਾਂ। ਮੋਹਨੀ ਦਾ ਮੁੜਦਾ ਆਤਮ-ਵਿਸ਼ਵਾਸ ਅਤੇ ਉਸ ਦੇ ਕਾਇਆ ਕਲਪ ਨੂੰ ਦੇਖ ਕੇ ਸਾਰੇ ਹੀ ਖ਼ੁਸ਼ ਤੇ ਹੈਰਾਨ ਸਨ। ਇੱਕ ਦਿਨ ਸਾਡੇ ਕਾਲਜ ਦੀ ਸਭ ਤੋਂ ਖ਼ੂਬਸੂਰਤ ਤੇ ਸਾਡੀ ਜਮਾਤਣ ਕੁੜੀ ਨੇ ਮੋਹਨੀ ਦੇ ਇਸ ਕਾਇਆਕਲਪ ਤੋਂ ਖ਼ੁਸ਼ ਹੋ ਕੇ ਸਾਨੂੰ ਆਪਣੇ ਘਰ ਪਾਰਟੀ 'ਤੇ ਬੁਲਾਇਆ। ਉਸ ਨੇ ਮੇਰੇ ਸਾਹਮਣੇ ਮੋਹਨੀ ਨੂੰ ਪੇਸ਼ਕਸ਼ ਕੀਤੀ, "ਮੋਹਨੀ, ਜੇ ਤੂੰ ਇੰਝ ਹੀ ਵਧੀਆ ਜ਼ਿੰਦਗੀ ਗੁਜ਼ਾਰਨ ਦਾ ਵਚਨ ਦੇਵੇਂ ਤਾਂ ਮੈਂ ਤੇਰੀ ਜੀਵਨ ਸਾਥਣ ਬਣ ਕੇ ਉਮਰ ਭਰ ਸਾਥ ਨਿਭਾਉਣ ਲਈ ਤਿਆਰ ਹਾਂ।" ਮੋਹਨੀ ਉਸ ਸਮੇਂ ਕੁੜੀਆਂ ਵਾਂਗ ਸ਼ਰਮਾ ਗਿਆ ਤੇ ਉਸ ਨੇ ਵਾਅਦਾ ਕਰ ਲਿਆ। ਲੜਕੀ ਦੀ ਸ਼ਰਤ ਸੀ ਕਿ ਤੈਨੂੰ ਘੱਟੋ-ਘੱਟ ਇੱਕ ਸਾਲ ਇਸੇ ਤਰ੍ਹਾਂ ਨਸ਼ਿਆਂ ਤੋਂ ਦੂਰ ਰਹਿ ਕੇ ਦਿਖਾਉਣਾ ਹੋਵੇਗਾ। ਮੋਹਨੀ ਨੇ ਫਿਰ ਹਾਂ ਵਿੱਚ ਸਿਰ ਹਿਲਾ ਦਿੱਤਾ ਸੀ। ਬੀ ਐੱਡ ਮਗਰੋਂ ਮੈਂ ਪੰਜਾਬ ਆ ਕੇ ਅਧਿਆਪਕ ਭਰਤੀ ਹੋ ਗਿਆ ਸੀ। ਮੋਹਨੀ ਨੂੰ ਉਸ ਦੀ ਦੋਸਤ ਕੁੜੀ ਦੇ ਸਹਾਰੇ ਛੱਡ ਆਇਆ। ਉਨ੍ਹਾਂ ਨਾਲ ਮੇਰਾ ਨਾਲ ਸੰਪਰਕ ਟੁੱਟ ਗਿਆ ਸੀ। ਲਗਪਗ ਦੋ ਸਾਲ ਬਾਅਦ ਵਿਆਹ ਹੋਣ ਮਗਰੋਂ ਮੈਂ ਆਪਣੀ ਪਤਨੀ ਨਾਲ ਦੇਹਰਾਦੂਨ-ਮਸੂਰੀ ਘੁੰਮਣ ਗਿਆ ਤਾਂ ਬੜੇ ਹੀ ਚਾਅ ਨਾਲ ਮੋਹਨੀ ਦੇ ਘਰ ਗਿਆ। ਮੋਹਨੀ ਘਰ ਵਿੱਚ ਨਹੀਂ ਸੀ। ਸੱਦੇ ਦੇ ਬਾਵਜੂਦ ਮੇਰੇ ਵਿਆਹ 'ਤੇ ਨਾ ਆਉਣ ਦਾ ਮੈਂ ਉਸ ਦੇ ਮਾਤਾ ਪਿਤਾ ਨਾਲ ਗਿਲਾ ਕਰਦਾ ਰਿਹਾ।

ਉਨ੍ਹਾਂ ਡੂੰਘਾ ਹਉਕਾ ਭਰ ਕੇ ਕਿਹਾ, "ਅਸੀਂ ਕਿਵੇਂ ਆਉਂਦੇ? ਤੇਰੇ ਜਾਣ ਮਗਰੋਂ ਉਸ ਨੇ ਮੁੜ ਨਸ਼ਾ ਲੈਣਾ ਸ਼ੁਰੂ ਕਰ ਦਿੱਤਾ ਸੀ। ਇੱਕ ਰਾਤ ਮੋਹਨੀ ਟਰੱਕ ਹੇਠ ਆ ਕੇ ਮਰ ਗਿਆ ਸੀ ਨਸ਼ੇ ਦੀ ਲੋਰ ਵਿੱਚ। ਪਤਾ ਨਹੀਂ ਕਿੰਨੀਆਂ ਗੱਡੀਆਂ ਉਸ ਦੀ ਲੋਥ ਦੇ ਉੱਪਰੋਂ ਲੰਘੀਆਂ ਸਨ। ਦੂਜੇ ਦਿਨ ਸੜਕ ਤੋਂ ਖੁਰਚ ਕੇ ਉਸ ਦਾ ਜਿਸਮ ਇੱਕਠਾ ਕੀਤਾ ਸੀ। ਕੁੱਤੇ ਦੀ ਮੌਤ ਮਰਿਆ ਸੀ ਉਹ।" ਇਹ ਸੁਣ ਕੇ ਮੇਰਾ ਤ੍ਰਾਹ ਨਿਕਲ ਗਿਆ। ਅੱਜ 40 ਵਰ੍ਹੇ ਮਗਰੋਂ ਲੱਗ ਰਿਹਾ ਹੈ ਜਿਵੇਂ ਕੱਲ੍ਹ ਦੀ ਗੱਲ ਹੋਵੇ। ਹਨੇਰਾ ਵਧ ਗਿਆ ਸੀ ਤੇ ਕਾਲਜ ਦੇ ਵਿਹੜੇ 'ਚ ਖੜੋਤਿਆਂ ਮੇਰੀਆਂ ਪਥਰਾਈਆਂ ਨਜ਼ਰਾਂ ਮੋਹਨੀ ਨੂੰ ਤਲਾਸ਼ ਰਹੀਆਂ ਸਨ। ਸੋਚਦਾ ਹਾਂ ਕਿ ਯੁੱਧ ਨਸ਼ਿਆਂ ਵਿਰੁੱਧ ਜਾਰੀ ਹੈ। ਫਿਰ ਵੀ ਪੰਜਾਬ ਰੋਜ਼ਾਨਾ ਕਿੰਨੇ ਮੋਹਨੀਆਂ ਤੋਂ ਹੱਥ ਧੋ ਰਿਹਾ ਹੈ, ਨਿੱਤ ਕਿੰਨੇ ਅੱਖਾਂ ਦੇ ਤਾਰੇ ਬੇਵਕਤ ਟੁੱਟ ਰਹੇ ਹਨ।

ਯੂਗੋਸਲਾਵੀਆ ਦੀ ਕਹਾਣੀ

ਯੁੱਧ

ਲੇਖਕ : ਈਵਾਨ ਕੈਂਕਰ
ਪੰਜਾਬੀ ਰੂਪ: ਜੰਗ ਬਹਾਦਰ ਗੋਇਲ

ਹਰ ਰੋਜ਼ ਰਾਤ ਵੇਲੇ ਸੌਣ ਤੋਂ ਪਹਿਲਾਂ ਬੱਚੇ ਆਪਸ ਵਿੱਚ ਖ਼ੂਬ ਗੱਲਾਂ ਕਰਦੇ, ਰਸੋਈ ਵਿੱਚ ਚੁੱਲ੍ਹੇ ਅੱਗੇ ਬੈਠੇ ਉਹ ਬਾਤਾਂ ਪਾਉਂਦੇ। ਸ਼ਾਮ ਵੇਲੇ ਸੁਪਨਿਆਂ ਨਾਲ ਭਰੀਆਂ ਅੱਖਾਂ ਨਾਲ ਉਹ ਤਿਰਕਾਲਾਂ ਦਾ ਘੁਸਮੁਸਾ ਖਿੜਕੀ ਰਾਹੀਂ ਰਸੋਈ 'ਚ ਦਾਖ਼ਲ ਹੁੰਦਾ ਵੇਖਦੇ। ਪਰਛਾਵੇਂ ਆਪਣੇ ਨਾਲ ਢੇਰ ਸਾਰੀਆਂ ਕਹਾਣੀਆਂ ਲੈ ਕੇ ਕੰਧਾਂ ਤੇ ਉਸਰਦੇ ਅਤੇ ਹੌਲੀ ਹੌਲੀ ਛੱਤ ਵੱਲ ਵਧਣ ਲੱਗਦੇ।

ਬੱਚੇ ਦਿਲ ਖੋਲ੍ਹ ਕੇ ਗੱਲਾਂ ਕਰਦੇ। ਉਨ੍ਹਾਂ ਦੇ ਜ਼ਿਹਨ ਵਿੱਚ ਖਿੜੀ ਧੁੱਪ ਵਰਗੀਆਂ ਖੁਸ਼ਨੁਮਾ ਕਹਾਣੀਆਂ ਪੁੰਗਰਦੀਆਂ, ਅਜਿਹੀਆਂ ਕਹਾਣੀਆਂ ਜੋ ਪਿਆਰ, ਦੁਲਾਰ ਤੇ ਆਸਾਂ-ਉਮੀਦਾਂ ਨਾਲ ਭਰੀਆਂ ਹੁੰਦੀਆਂ। ਭਵਿੱਖ ਉਨ੍ਹਾਂ ਨੂੰ ਸਕੂਲ ਦੀਆਂ ਅਮੁੱਕ ਛੁੱਟੀਆਂ ਵਾਂਗ ਜਾਪਦਾ- ਨਾ ਕੋਈ ਫ਼ਿਕਰ, ਨਾ ਕੋਈ ਕੰਮ, ਨਾ ਕੋਈ ਔਕੜ। ਫੁੱਲਾਂ ਵਾਲੇ ਪਰਦਿਆਂ ਪਿੱਛੋਂ ਝਾਕਦਾ ਚੰਨ ਚੁੱਪਚਾਪ ਘਰ ਦੇ ਕਸੋਰੇ ਨੂੰ ਚਾਨਣੀ ਨਾਲ ਭਰਦਾ ਰਹਿੰਦਾ। ਸ਼ਬਦ ਬੁੜਬੁੜਾਏ ਜਾਂਦੇ ਜੋ ਅੱਧੇ-ਅਧੂਰੇ ਸਮਝ ਪੈਂਦੇ। ਕਿਸੇ ਵੀ ਕਹਾਣੀ ਦਾ ਨਾ ਕੋਈ ਆਦਿ ਹੁੰਦਾ ਨਾ ਅੰਤ। ਕਈ ਵੇਰਾਂ ਚਾਰੋਂ ਬੱਚੇ ਇੱਕੋ ਵੇਲੇ ਬੋਲਣ ਲੱਗਦੇ। ਉਹ ਹੈਰਾਨੀ ਨਾਲ ਨੀਲੇ ਆਸਮਾਨ 'ਤੇ ਉਸ ਅਲੋਕਾਰੀ ਰੌਸ਼ਨੀ ਤੱਕਦੇ ਜਿੱਥੇ ਹਰ ਬੋਲ ਸੱਚਾ ਸੀ, ਜਿੱਥੇ ਹਰ ਕਹਾਣੀ ਦੀ ਸ਼ਕਲ-ਸੂਰਤ ਸਾਫ਼ ਤੇ ਸਪੱਸ਼ਟ ਸੀ, ਜਿੱਥੇ ਹਰ ਕਹਾਣੀ ਦਾ ਇੱਕ ਸ਼ਾਨਦਾਰ ਅੰਤ ਸੀ।

ਵੇਖਣ 'ਚ ਸਾਰੇ ਬੱਚਿਆਂ ਦਾ ਮੁਹਾਂਦਰਾ ਇੱਕੋ ਜਿਹਾ ਸੀ। ਸਭ ਤੋਂ ਛੋਟੇ ਚਾਰ ਸਾਲਾਂ ਦੇ ਟੋਂਜ਼ੇਕ ਅਤੇ ਸਭ ਤੋਂ ਵੱਡੀ ਗਿਆਰਾਂ ਸਾਲਾਂ ਦੀ ਲੋਇਜ਼ਕਾ ਵਿਚਕਾਰ ਸਹੀ ਪਛਾਣ ਕਰਨੀ ਔਖੀ ਸੀ। ਸਾਰੇ ਬੱਚੇ ਬੜੇ ਦੁਬਲੇ-ਪਤਲੇ ਜਿਹੇ ਸਨ। ਉਨ੍ਹਾਂ ਦੀਆਂ ਅੱਖਾਂ ਵਿੱਚ ਸੁਪਨੇ ਤੈਰਦੇ ਸਨ ਤੇ ਉਹ ਆਪਣੀ ਉਮਰ ਤੋਂ ਵੱਧ ਸਿਆਣੇ ਜਾਪਦੇ ਸਨ।

ਉਸ ਦੁਪਹਿਰ ਕਿਸੇ ਓਪਰੀ ਥਾਂ ਤੋਂ ਉਨ੍ਹਾਂ ਦੇ ਘਰ ਅਜਿਹੀ ਕਲਮੀ ਸ਼ੈਅ ਦਾਖ਼ਲ ਹੋਈ ਜਿਸ ਨੇ ਆਪਣੇ ਵਹਿਸ਼ੀ ਹੱਥਾਂ ਨਾਲ ਆਸਮਾਨ ਦੇ ਤਾਰੇ ਤੋੜ ਸੁੱਟੇ, ਮੌਜ-ਮਸਤੀ ਦੇ ਪਲਾਂ 'ਤੇ ਤੇਜ਼ਾਬ ਛਿੜਕ ਦਿੱਤਾ ਤੇ ਕਹਾਣੀਆਂ ਨੂੰ ਪੈਰਾਂ ਹੇਠ ਮਸਲ ਦਿੱਤਾ।

ਡਾਕ ਰਾਹੀਂ ਜੁਆਰਭਾਟੇ ਵਾਂਗ ਖ਼ਬਰ ਆਈ ਕਿ ਇਟਲੀ ਦੇ ਮੈਦਾਨ 'ਚ ਉਨ੍ਹਾਂ ਦਾ ਪਿਤਾ ਢੇਰੀ ਹੋ ਗਿਆ। ਇਹ ਅਜਿਹੀ ਖ਼ਬਰ ਸੀ ਜੋ ਬੱਚਿਆਂ ਦੀ ਕਲਪਨਾ ਤੋਂ ਪਰ੍ਹੇ ਸੀ। ਇਸ ਦਾ ਕੋਈ ਸਿਰ-ਪੈਰ ਨਹੀਂ ਸੀ। ਫਿਰ ਵੀ ਇਹ ਉਨ੍ਹਾਂ ਸਾਹਮਣੇ ਮੂੰਹ ਅੱਡ ਕੇ ਖਲੋਤੀ ਸੀ। ਉਸ ਦੀ ਹੋਂਦ ਕਿਧਰੇ ਵੀ ਨਹੀਂ ਸੀ- ਨਾ ਭੀੜ ਭਰੇ ਗਿਰਜਾਘਰ 'ਚ ਨਾ ਕਿਸੇ ਗਲੀ ਵਿੱਚ ਤੇ ਨਾ ਚੁੱਲ੍ਹੇ ਦੁਆਲੇ ਪਸਰੇ ਤ੍ਰਿਕਾਲਾਂ ਦੇ ਘੁਸਮੁਸੇ ਵਿੱਚ ਤੇ ਨਾ ਕਿਸੇ ਕਥਾ-ਕਹਾਣੀ 'ਚ। ਉਹ ਮੌਤ ਦਾ ਕੋਈ ਅਤਾ-ਪਤਾ ਨਹੀਂ ਸਨ ਜਾਣਦੇ, ਪਰ ਹੁਣ ਉਹ ਸਭ ਇਸ ਡਰਾਉਣੇ ਦਿਓ ਸਾਹਮਣੇ ਡਰੇ, ਸਹਿਮੇ ਤੇ ਕੰਬਦੇ ਹੋਏ ਖਲੋਤੇ ਸਨ।

"ਪਾਪਾ! ਵਾਪਸ ਤਾਂ ਆਉਣਗੇ, ਨਾ?" ਟੋਂਚੇਕ ਨੇ ਪੁੱਛਿਆ!

"ਜਦੋਂ ਉਹ ਢੇਰੀ ਹੋ ਚੁੱਕੇ ਹਨ ਤਾਂ ਫੇਰ ਉਹ ਵਾਪਸ ਕਿਵੇਂ ਆ ਸਕਦੇ ਹਨ।" ਲੋਇਜ਼ਕਾ ਨੇ ਹੰਝੂਆਂ ਭਰੀ ਆਵਾਜ਼ 'ਚ ਕਿਹਾ।

ਚਾਰੋਂ ਪਾਸੇ ਚੁੱਪ ਪਸਰ ਗਈ। ਉਹ ਤਾਂ ਹੁਣ ਅਜਿਹੀ ਚੱਟਾਨ ਸਾਹਮਣੇ ਖੜ੍ਹੇ ਸਨ ਜਿਸ ਦੇ ਪਾਰ ਕੁਝ ਵੀ ਵਿਖਾਈ ਨਹੀਂ ਸੀ ਦੇ ਰਿਹਾ।

"ਮੈਂ ਤਾਂ ਹੁਣੇ ਹੀ ਯੁੱਧ ਦੇ ਮੈਦਾਨ 'ਚ ਜਾ ਰਿਹਾ ਹਾਂ।" ਸੱਤ ਸਾਲਾਂ ਦੇ ਮੈਸੀ ਨੇ ਫ਼ੈਸਲਾਕੁਨ ਆਵਾਜ਼ ਵਿੱਚ ਕਿਹਾ। ਲੱਗਦਾ ਸੀ ਉਸ ਨੂੰ ਇਹ ਗੱਲ ਹੁਣੇ-ਹੁਣੇ ਸੁੱਝੀ ਸੀ। ਉਸ ਦੀ ਜਾਚੇ ਇਸ ਮੌਕੇ ਸ਼ਾਇਦ ਇਹੋ ਢੁੱਕਵੀਂ ਗੱਲ ਹੋ ਸਕਦੀ ਸੀ।

"ਪਰ ਤੂੰ ਤਾਂ ਅਜੇ ਬਹੁਤ ਛੋਟਾ ਹੈਂ।" ਚਾਰ ਸਾਲਾਂ ਦੇ ਟੋਂਚੇਕ ਨੇ ਡੂੰਘੀ, ਗੰਭੀਰ ਆਵਾਜ਼ 'ਚ ਇੰਝ ਕਿਹਾ ਜਿਵੇਂ ਉਹ ਮੈਸੀ ਤੋਂ ਕਈ ਵਰ੍ਹੇ ਵੱਡਾ ਹੋਵੇ।

ਮਿਲਕਾ ਆਪਣੇ ਭੈਣ ਭਰਾਵਾਂ 'ਚੋਂ ਸਭ ਤੋਂ ਪਤਲੀ ਸੀ। ਉਸ ਨੇ ਆਪਣੇ ਪਿੰਡੇ 'ਤੇ ਆਪਣੀ ਮਾਂ ਦਾ ਸ਼ਾਲ ਲਪੇਟਿਆ ਹੋਇਆ ਸੀ। ਉਹ ਤਾਂ ਕਿਸੇ ਪਾਂਧੀ ਦੇ ਹੱਥ 'ਚ ਫੜੀ ਨਿੱਕੀ ਜਿਹੀ ਪੋਟਲੀ ਵਾਂਗ ਜਾਪਦੀ ਸੀ। ਉਸ ਨੇ ਆਪਣੀ ਨਾਜ਼ੁਕ ਜਿਹੀ ਆਵਾਜ਼ ਵਿੱਚ ਪੁੱਛਿਆ; "ਯੁੱਧ ਕੀ ਹੁੰਦਾ ਹੈ, ਮੈਸੀ? ਤੂੰ ਮੈਨੂੰ ਦੱਸ ਤੇ ਫੇਰ ਯੁੱਧ ਦੀ ਕਹਾਣੀ ਸੁਣਾ।"

ਮੈਸੀ ਡੌਰ-ਭੌਰ ਹੋਇਆ ਆਪਣੀ ਸਭ ਤੋਂ ਵੱਡੀ ਭੈਣ ਲੋਇਜ਼ਕਾ ਵੱਲ ਵੇਖਣ ਲੱਗਾ। ਸੋਚ-ਸੋਚ ਕੇ ਲੋਇਜ਼ਕਾ ਬੋਲੀ, "ਵੇਖੋ, ਯੁੱਧ, ਯੁੱਧ ਹੁੰਦਾ ਹੈ ਜਿਸ ਵਿੱਚ ਲੋਕ ਇੱਕ ਦੂਜੇ ਨੂੰ ਮਾਰ-ਮੁਕਾਉਣ ਲਈ ਬੰਦੂਕਾਂ 'ਚੋਂ ਗੋਲੀਆਂ ਚਲਾਉਂਦੇ ਹਨ। ਜਿਹੜਾ ਆਦਮੀ ਜਿੰਨੇ ਜ਼ਿਆਦਾ ਆਦਮੀ ਮਾਰਦਾ ਹੈ, ਉਹ ਓਨਾ ਹੀ ਬਹਾਦਰ ਸਮਝਿਆ ਜਾਂਦਾ ਹੈ। ਉਸ ਨੂੰ ਤਗ਼ਮੇ ਤੇ ਇਨਾਮ ਮਿਲਦੇ ਹਨ। ਕੋਈ ਉਸ ਨੂੰ ਬੁਰਾ ਨਹੀਂ ਕਹਿੰਦਾ। ਸ਼ਾਇਦ ਇਸ ਦਾ ਨਾਮ ਹੈ, ਯੁੱਧ!"

"ਪਰ ਆਦਮੀ-ਆਦਮੀ ਨੂੰ ਮਾਰਦਾ ਕਿਉਂ ਹੈ?" ਮਿਲਕਾ ਨੇ ਫੇਰ ਪੁੱਛਿਆ।

"ਆਪਣੇ ਰਾਜੇ ਦੀ ਸ਼ਾਨ ਖਾਤਰ!" ਲੋਇਜ਼ਕਾ ਨੇ ਕਿਹਾ।

ਸ਼ਾਮ ਘਿਰ ਆਈ। ਕੰਧ 'ਤੇ ਇੱਕ ਤਸਵੀਰ ਉਘੜੀ ਜਿਸ ਦਾ ਚਿਹਰਾ ਇਲਾਹੀ ਨੂਰ ਨਾਲ ਚਮਕ ਰਿਹਾ ਸੀ। ਉਹ ਅਡੋਲ ਬੈਠੇ ਬਹੁਤ ਮੁਸ਼ਕਿਲ ਨਾਲ ਸਾਹ ਲੈ ਰਹੇ ਸਨ। ਉਹ ਇਸ ਤਰ੍ਹਾਂ ਬੈਠੇ ਸਨ ਜਿਵੇਂ ਗਿਰਜਾਘਰ ਵਿੱਚ ਸਿਰ ਝੁਕਾਈ ਪ੍ਰਾਰਥਨਾ ਵਿੱਚ ਬੈਠੇ ਹੋਣ।

ਸਭ 'ਤੇ ਭਾਰੀ ਹੋ ਰਹੀ ਚੁੱਪੀ ਨੂੰ ਤੋੜਨ ਲਈ ਮੈਸੀ ਨੇ ਜੋਸ਼ ਵਿੱਚ ਕਿਹਾ;

"ਮੈਂ ਦੁਸ਼ਮਣਾਂ ਨਾਲ ਲੜਨ ਜਾ ਰਿਹਾ ਹਾਂ।"

"ਦੁਸ਼ਮਣ ਕਿਹੋ ਜਿਹਾ ਹੁੰਦਾ ਹੈ?" ਕੀ ਉਸ ਦੇ ਸਿੰਗ ਹੁੰਦੇ ਹਨ?" ਮਿਲਕਾ ਨੇ ਪੁੱਛਿਆ!

"ਹਾਂ, ਹਾਂ, ਹੁੰਦੇ ਹਨ। ਸਿੰਗਾਂ ਤੋਂ ਬਿਨਾਂ ਭਲਾ ਕੋਈ ਕਿਸੇ ਨੂੰ ਕਿਵੇਂ ਮਾਰ ਸਕਦਾ ਹੈ?" ਟੋਂਚੇਕ ਨੇ ਇੰਝ ਕਿਹਾ ਜਿਵੇਂ ਉਹ ਸਭ ਕੁਝ ਜਾਣਦਾ ਹੋਵੇ।

ਇਸ ਦਾ ਸਹੀ-ਸਹੀ ਜਵਾਬ ਤਾਂ ਮੈਸੀ ਵੀ ਨਹੀਂ ਸੀ ਜਾਣਦਾ। ਫਿਰ ਵੀ ਉਸ ਨੇ ਝਕਦਿਆਂ ਹੋਇਆਂ ਕਿਹਾ; "ਮੇਰੇ ਖਿਆਲ ਵਿੱਚ ਦੁਸ਼ਮਣਾਂ ਦੇ ਸਿੰਗ ਜ਼ਰੂਰ ਹੁੰਦੇ ਹਨ...।"

"ਦੁਸ਼ਮਣਾਂ ਦੇ ਸਿੰਗ ਕਿਵੇਂ ਹੋ ਸਕਦੇ ਹਨ। ਉਹ ਵੀ ਆਮ ਆਦਮੀ ਵਾਂਗ ਆਦਮੀ ਹੁੰਦਾ ਹੈ" ਕਹਿ ਕੇ ਉਹ ਪਲ ਭਰ ਲਈ ਰੁਕੀ ਤੇ ਫੇਰ ਬੋਲੀ, "ਪਰ, ਉਸ ਕੋਲ ਜ਼ਮੀਰ ਨਹੀਂ ਹੁੰਦੀ।"

ਸਭ ਤੋਂ ਵੱਡੀ ਭੈਣ ਦੀ ਗੱਲ ਸੁਣਕੇ ਸਭ ਚੁੱਪ ਹੋ ਗਏ। ਲੰਮੀ ਖ਼ਾਮੋਸ਼ੀ ਤੋਂ ਬਾਅਦ ਟੋਂਚੈਕ ਨੇ ਪੁੱਛਿਆ, "ਪਰ ਕੋਈ ਬੰਦਾ ਯੁੱਧ 'ਚ ਢੇਰੀ ਕਿਵੇਂ ਹੁੰਦਾ ਹੈ?" ਕਹਿ ਕੇ ਉਹ ਪਿੱਠ ਭਾਰ ਹੇਠਾਂ ਡਿੱਗ ਪਿਆ ਤੇ ਬੋਲਿਆ, "ਕੀ ਇੰਝ?"

"ਨਹੀਂ, ਉਹ ਸਦਾ ਲਈ ਚਲਾ ਜਾਂਦਾ ਹੈ।" ਮੈਸੀ ਨੇ ਕਿਹਾ।

"ਪਾਪਾ ਨੇ ਤਾਂ ਮੇਰੇ ਲਈ ਖਿਡੌਣਾ ਲੈ ਕੇ ਆਉਣ ਦਾ ਵਾਅਦਾ ਕੀਤਾ ਸੀ...।" ਟੋਂਚੇਕ ਨੇ ਡੁਸਕਦਿਆਂ ਕਿਹਾ।

"ਹੁਣ ਉਹ ਤੇਰੇ ਲਈ ਖਿਡੌਣਾ ਕਿਵੇਂ ਲਿਆ ਸਕਦੇ ਹਨ, ਉਹ ਤਾਂ ਢੇਰੀ ਹੋ ਚੁੱਕੇ ਹਨ।" ਮੈਸੀ ਨੇ ਕਿਹਾ।

ਬੱਚਿਆਂ ਦੀਆਂ ਵੱਡੀਆਂ-ਵੱਡੀਆਂ ਅੱਖਾਂ ਵਿੱਚ ਹੁਣ ਕੋਈ ਸਵਾਲ ਨਹੀਂ ਸੀ ਬਾਕੀ ਬਚਿਆ। ਉਨ੍ਹਾਂ ਦੇ ਦਿਲਾਂ ਅੰਦਰ ਡੂੰਘਾ ਸੋਗ ਤੇ ਖ਼ੌਫ਼ ਸੀ। ਉਨ੍ਹਾਂ ਦਾ ਮਨ-ਮਸਤਕ ਕਿਵੇਂ ਰਹੱਸਮਈ ਕਾਲੀ-ਸਿਆਹ ਚਾਦਰ 'ਚ ਢਕਿਆ ਹੋਇਆ ਸੀ।

ਠੀਕ ਉਸ ਸਮੇਂ ਘਰ ਦੇ ਬਾਹਰ ਚੌਂਤਰੇ 'ਤੇ ਬੱਚਿਆਂ ਦੇ ਬੁਢੇ ਦਾਦਾ-ਦਾਦੀ ਪਥਰਾਈਆਂ ਅੱਖਾਂ ਨਾਲ ਡੁੱਬਦੇ ਸੂਰਜ ਨੂੰ ਤੱਕ ਰਹੇ ਸਨ।

ਪਸ਼ੂਆਂ ਦੇ ਵਾੜੇ 'ਚੋਂ ਆ ਰਹੀ ਸਿਸਕੀਆਂ ਦੀ ਦਰਦਨਾਕ ਆਵਾਜ਼ ਚਾਰੋਂ ਪਾਸੇ ਫੈਲੀ ਭਿਆਨਕ ਚੁੱਪ ਨੂੰ ਚੀਰ ਰਹੀ ਸੀ। ਇਹ ਬੱਚਿਆਂ ਦੀ ਮਾਂ ਦਾ ਇੱਕ-ਜਵਾਨ ਵਿਧਵਾ ਦਾ ਰੁਦਨ ਸੀ। ਉਹ ਦਿਨ ਭਰ ਦੇ ਭੁੱਖੇ-ਤਿਹਾਏ ਪਸ਼ੂਆਂ ਨੂੰ ਚਾਰਾ ਪਾਉਣ ਵਾੜੇ 'ਚ ਆਈ ਸੀ ਤੇ ਉੱਥੇ ਹੀ ਇੱਕ ਖੂੰਜੇ 'ਚ ਬੈਠੀ ਰੋ ਰਹੀ ਸੀ।

ਕਾਵਿ ਸੰਸਾਰ

ਦੀਵਾਲੀਆ ਸਲਤਨਤ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308

ਉੱਖੜ ਗਈਆਂ ਨੇ ਸੜਕਾਂ, ਅੱਜ ਸਾਮਰਾਜ ਦੀਆਂ,
ਬੀਤੇ ਹੋਏ ਸਮਿਆਂ ਨੂੰ, ਰੋ ਰੋ ਪੁਕਾਰਦੀਆਂ।
ਮਹਿਲਾਂ ਤੇ ਕਿਲਿਆਂ ਦੀਆਂ, ਨੀਹਾਂ ਨੇ ਖੋਖਲੀਆਂ,
ਮੱਧਮ ਪੈ ਗਈਆਂ ਸ਼ਾਨਾਂ, ਜੋ ਸਨ ਚਮਕਾਰਦੀਆਂ।
ਸਮੇਂ ਸਨ ਉਹ ਵੀ ਜਦੋਂ, ਸੀ ਦੁਨੀਆ ਕੰਬਦੀ,
ਧਰਤ ਦੀਆਂ ਕਈ ਕੌਮਾਂ, ਸਲੂਟਾਂ ਸੀ ਮਾਰਦੀਆਂ।
ਚੜ੍ਹਿਆ ਰਹਿੰਦਾ ਸੀ ਸੂਰਜ, ਇਨ੍ਹਾਂ ਦੇ ਰਾਜ ਉੱਤੇ,
ਅੱਜ ਸੂਰਜ ਦੀਆਂ ਕਿਰਨਾਂ, ਘੱਟ ਹੀ ਲਿਸ਼ਕਾਰਦੀਆਂ।
ਉੱਖੜ ਕੇ ਸਲਤਨਤ ਡਿਗ ਰਹੀ, ਆਪਣੇ ਮੂੰਹ ਪਰਨੇ,
ਚੱਲਦੀਆਂ ਨਹੀਂ ਹੁਣ ਚਾਲਾਂ, ਪੁਰਾਣੀ ਪਰਕਾਰ ਦੀਆਂ।
ਸਾਮ, ਦਾਮ ਅਤੇ ਦੰਡ, ਭੇਦ, ਸਭ ਹੋ ਗਏ ਖੁੰਢੇ,
ਬਿੱਲੀਆਂ ਖਚਰੀਆਂ ਅੱਖਾਂ, ਹੁਣ ਨਹੀਂ ਪੁਚਕਾਰਦੀਆਂ।
ਲੁੱਟੀ ਦੁਨੀਆ ਦੀ ਮਾਇਆ, ਖਾ ਗਏ ਵਿਹਲੇ ਬਹਿ,
ਕਰਜ਼ਿਆਂ ਦੀ ਖ਼ੂਬ ਕਮਾਈ, ਬੈਂਕਾਂ ਡਕਾਰਦੀਆਂ।
ਨੌਜਵਾਨੀ ਭੁੱਲ ਗਈ ਹੁਣ, ਕਰਨੀਆਂ ਮਿਹਨਤਾਂ,
ਹੱਥ 'ਤੇ ਹੱਥ ਧਰ ਬੈਠੀਆਂ, ਮੱਖੀਆਂ ਮਾਰਦੀਆਂ।
ਬਦਲ ਜਾਣਗੇ ਨਕਸ਼ੇ, ਬਰਤਾਨਵੀ ਸਲਤਨਤ ਦੇ,
ਹਾਰਨਗੀਆਂ ਹੁਣ ਫੌਜਾਂ, ਜੋ ਨਹੀਂ ਸਨ ਹਾਰਦੀਆਂ।

ਗ਼ਜ਼ਲ

ਡਾ. ਹਰਨੇਕ ਸਿੰਘ ਕਲੇਰ

ਕਿਥੇ ਨਿਭਾਉਣੀ ਤੂੰ ਵਫ਼ਾ, ਹੁਣ ਢੋਲ ਜਾਨੀਆ,
ਕਰਦਾ ਰਵੀਂ ਤੂੰ ਜ਼ਿੰਦਗੀ ਵਿਚ ਮਿਹਰਬਾਨੀਆਂ।
ਚਾਨਣ ਲਈ ਸੂਰਜ ਨਹੀਂ ਤਾਂ ਬਣ ਤੂੰ ਦੀਪ ਹੀ,
ਜ਼ਿੰਦਗੀ ਨੂੰ ਸੰਭਾਲ ਲੈ ਕਰ ਨਾ ਨਾਦਾਨੀਆਂ।
ਹੀਰੇ ਜੈਸਾ ਸੀ ਦਿਲ ਉਂਦੋਂ ਯਾਰੋ ਯਾਦ ਹੈ ਸਭ ਕੁਝ,
ਖਰਚਣ ਨੂੰ ਮਿਲਦੇ ਸੀ ਮਸਾਂ ਆਨੇ-ਦੁਆਨੀਆਂ।
ਹਰ ਇੱਕ ਕਲੀ ਹੀ ਬਾਗ ਦੀ ਮੁਰਝਾ ਗਈ ਉਂਦੋਂ,
ਮਣਕੇ ਖਿੰਡਾ ਗਈਆਂ ਜਦੋਂ ਸਭ ਟੁੱਟ ਗਾਨੀਆਂ।
ਖੇਡਣ ਕਬੱਡੀ ਹੁਣ ਕਿਵੇਂ, ਨਸ਼ਿਆਂ 'ਤੇ ਗਭਰੂ,
ਗਿਣਤੀ ਕਰੇ ਹੁਣ ਕੌਣ ਜੋ ਰੁੜੀਆਂ ਜਵਾਨੀਆਂ।
ਬਣ ਕੇ ਵਪਾਰੀ ਤੂੰ ਕਿਤੇ ਘਰ ਨਾ ਲੁੱਟਾ ਲਵੀਂ,
'ਢਾਈ' 'ਤੇ ਵੀ ਮਾਰਨ ਨੂੰ ਫਿਰਦੇ ਨੇ ਭਾਨੀਆਂ।
ਹੱਕਾਂ ਲਈ ਕਿਹੜਾ ਲੜੂ ਫਿਰਦੇ ਕਵੀ ਬਣੇ,
ਜੇ ਹੋਣ ਨਾ ਗ਼ਜ਼ਲਾਂ ਦੇ ਵਿੱਚ ਯਾਰੋ ਰਵਾਨੀਆ।
ਕਲਯੁਗ ਕਹੀਂ, ਸਤਜੁਗ ਕਹੀਂ, ਮਰਜ਼ੀ ਹੈ ਦੋਸਤਾ,
ਮਰਦਾਂ ਦੇ ਨਾਲੋਂ ਅੱਜਕੱਲ੍ਹ, ਅੱਗੇ ਜਨਾਨੀਆਂ।
ਸ਼ਾਇਰ ਕਹਾਉਣਾ ਹੈ ਬੜਾ ਔਖਾ 'ਕਲੇਰ' ਜੀ,
ਲਿੱਖਣ ਨਾ ਦੁੱਖਾਂ ਦੀ ਕਥਾ ਟੁੱਟਣ ਉਹ ਕਾਨੀਆਂ।

ਆਤਮ ਬੋਧ

ਸੰਤਵੀਰ

ਸੰਭਲ ਜਾ!
ਸੱਚ ਬੋਲੋਂ ਹਟਜਾ,
ਐਵੇਂ ਖੰਭ ਪੁਟਾ ਲਵੇਂਗਾ।
ਕੱਖਾਂ ਦੀ ਕੁੱਲੀ ਹੈ ਤੇਰੀ
ਲਾਂਬੂ ਐਵੇਂ ਲਵਾ ਲਵੇਂਗਾ।
ਸੰਗ ਹਵਾਵਾਂ ਚੱਲਣਾ ਸਿੱਖ ਲੈ,
ਜ਼ਿੰਦਗੀ ਸੌਖੀ ਹੋ ਜਾਵੇਗੀ
ਆਦਰਸ਼ਵਾਦ ਦੇ ਚੱਕਰ ਵਿੱਚ ਤੂੰ
ਝੁਗਾ ਚੌੜ ਕਰਾ ਲਵੇਂਗਾ।
ਹੱਕ ਸੱਚ ਦੇ ਨਾਹਰੇ ਲਾਉਂਦਾ,
ਇੱਕ ਦਿਨ 'ਕੱਲਾ ਰਹਿ ਜਾਵੇਂਗਾ,
ਚੱਲਦਾ ਰਿਹਾ ਜੇ ਇਨ੍ਹਾਂ ਰਾਹਾਂ 'ਤੇ
ਨਵਾਂ ਹੀ ਚੰਨ ਚੜ੍ਹਾ ਲਵੇਂਗਾ।

ਅੱਖਾਂ ਮੀਟ ਕੇ ਜਿਊਣਾ ਸਿੱਖ ਲੈ
ਰੰਗ-ਬਰੰਗੇ ਲੋਕਾਂ ਦੇ ਵਿੱਚ,
ਬੇਖ਼ੁਦਾ ਲੋਕਾਂ ਦੀ ਖ਼ਾਤਰ ਤੂੰ
ਜਿੰਦ ਕੁਠਾਲੀ ਪਾ ਲਵੇਂਗਾ।
ਸ਼ਿਵਲੀ ਦੇ ਫੁੱਲਾਂ ਤੋਂ ਰੋਇਆ,
ਕੀ ਤੂੰ ਜੋਗ ਕਮਾਵੇਂਗਾ,
ਆਪਣੀ ਹਸਤੀ ਗੁਆ ਕੇ ਕਿੱਦਾਂ
ਦੁਨੀਆ ਨਵੀਂ ਵਸਾਵੇਂਗਾ।
ਸਿੱਖ ਲੈ ਸਿਆਸਤ, ਨੇਤਾ ਬਣ ਜਾ
ਲਾਉਂਦਾ ਜਾ
ਬੁਝਾਉਂਦਾ ਜਾ
ਆਪ ਸੁਖੀ ਤੇ ਅਗੰਤ ਸੁਖੇਲਾ
ਜ਼ਿੰਦਗੀ ਸਫ਼ਲ ਬਣਾ ਲਵੇਂਗਾ।

ਰਿਸ਼ਤੇ...

ਕੁਲਵਿੰਦਰ ਵਿਰਕ

ਰਿਸ਼ਤਿਆਂ ਦੇ ਅਰਥਾਂ ਤੋਂ
ਸੱਖਣਾ ਰਹਿਣਾ
ਚੰਗਾ ਨਹੀਂ ਹੁੰਦਾ,
ਕੁਝ ਰਿਸ਼ਤਿਆਂ ਦੇ
ਬਹੁਤਾ ਨਾਲ ਖਹਿਣਾ ਵੀ
ਚੰਗਾ ਨਹੀਂ ਹੁੰਦਾ।
ਗੱਲ ਤਾਂ ਰਿਸ਼ਤਿਆਂ ਦੀ ਹੈ !
ਜਿੰਨ੍ਹਾਂ ਦੇ ਅਰਥ
ਹਰੇਕ ਬੰਦੇ ਲਈ ਵੱਖਰੇ,
ਰਿਸ਼ਤੇ
ਕਿਸੇ ਲਈ ਅਪਣੱਤ ਤੇ ਨਸੀਬ
ਤੇ ਕਿਸੇ ਲਈ

ਮਨ ਦਾ ਬੋਝ
ਹਰ ਰਿਸ਼ਤੇ ਦੀ ਵੱਖਰੀ ਅਹਿਮੀਅਤ
ਰਿਸ਼ਤੇ
ਕਦੇ ਆਪਣਾਪਨ ਜਤਾਉਂਦੇ,
ਕਦੇ ਬੇਗ਼ਾਨਗੀ ਦਾ
ਅਹਿਸਾਸ ਕਰਵਾਉਂਦੇ
ਕੁਝ ਰਿਸ਼ਤੇ
ਉਮਰਾਂ ਤੀਕ
ਸਾਥ ਨਿਭਾਉਂਦੇ
ਰਿਸ਼ਤੇ
ਪਨਪਦੇ ਰਹਿੰਦੇ
ਟੁੱਟਦੇ ਰਹਿੰਦੇ

ਮਨ ਮੈਲੇ ਦੀ ਸਫ਼ਾਈ

ਸੁਰਜੀਤ ਸਿੰਘ ਸੰਸਾਰਪੁਰੀ

ਆਓ ਸਾਰੇ ਆਪਣੇ ਅੰਦਰ ਮਾਰੀਏ ਝਾਤੀ,
ਕੈਸਾ ਜੀਵਨ ਹੈ ਅਸੀਂ ਬਿਤਾਇਆ।
ਕੀ ਕੁੱਝ ਚੰਗਾ-ਮਾੜਾ ਕੀਤਾ,
ਕਿੰਨਾ ਕੁ ਤਰਥੱਲ ਹੈ ਮਚਾਇਆ।
ਕਿੰਨੀ ਹੱਥੀਂ ਮਿਹਨਤ ਕੀਤੀ,
ਕਿੰਨਾ ਖਾਧਾ ਹੱਕ ਪਰਾਇਆ।
ਕਿੰਨਿਆਂ ਦੇ ਕਲੇਜੇ ਠੰਢ ਪਾਈ,
ਕਿੰਨਿਆਂ ਦਾ ਦਿਲ ਅਸੀਂ ਦੁਖਾਇਆ।
ਸਬਰ-ਸੰਤੋਖ ਨਾਲ ਕਿੰਨਾ ਜੀਵਨ ਕੱਟਿਆ,
ਕਿੰਨਾ ਲੋਭ ਤੇ ਲਾਲਚ ਹੈ ਵਧਾਇਆ।
ਕਿੰਨੀ ਈਰਖਾ-ਨਫ਼ਰਤ ਮਨ ਵਿੱਚ ਰੱਖੀ,
ਚੁਗਲੀ ਤੇ ਸਾੜੇ ਨਾਲ ਕਿੰਨੇ ਹਨ ਪੁਆੜੇ ਪਾਏ।
ਰਿਸ਼ਤੇ-ਨਾਤਿਆਂ ਵਿੱਚ ਕਿੰਨੀ ਅਪੱਣਤ ਹੈ ਰੱਖੀ,
ਤਾਹਨੇ-ਮਿਹਣਿਆਂ ਦੇ ਕਿੰਨੇ ਹਨ ਤੀਰ ਚਲਾਏ।
ਕਿੰਨਾ ਉਸ ਸਿਰਜਣਹਾਰ ਨੂੰ ਯਾਦ ਹੈ ਰੱਖਿਆ,
ਕਿੰਨਾ ਹਉਮੈਂ ਦੀਰਘ ਰੋਗ ਹੈ ਲਗਾਇਆ।
ਆਓ ਆਪਣੇ ਮਨ ਮੈਲੇ ਦੀ ਕਰੀਏ ਸਫ਼ਾਈ,
ਜਿਸ ਨੇ ਜੀਵਨ ਸਾਡਾ ਹੈ ਕੁਰਾਹੇ ਪਾਇਆ।

ਫ਼ਰਕ

ਜਗਜੀਤ ਸਿੰਘ ਲੱਡਾ

ਓਏ ਸੱਜਣਾ! ਜੱਫੀ, ਜੱਫੀ ਵਿੱਚ ਫ਼ਰਕ ਹੁੰਦਾ ਏ।
ਹਰ ਜੱਫੀ 'ਚ ਭਰਿਆ ਨਹੀਓਂ ਠਰਕ ਹੁੰਦਾ ਏ।
ਓਏ ਸੱਜਣਾ! ਜੱਫੀ, ਜੱਫੀ ਵਿੱਚ ਫ਼ਰਕ ਹੁੰਦਾ ਏ।
ਮਾਂ ਦੀ ਜੱਫੀ, ਭੈਣ ਦੀ ਜੱਫੀ ਤੇ ਧੀ ਦੀ ਜੱਫੀ,
ਇਨ੍ਹਾਂ ਦੀ ਜੱਫੀ 'ਚ ਮੋਹ ਦਾ ਅਰਕ ਹੁੰਦਾ ਏ।
ਓਏ ਸੱਜਣਾ! ਜੱਫੀ, ਜੱਫੀ ਵਿੱਚ ਫ਼ਰਕ ਹੁੰਦਾ ਏ।
ਪਿਓ ਦੀ ਜੱਫੀ, ਭਰਾ ਦੀ ਜੱਫੀ, ਪੁੱਤ ਦੀ ਜੱਫੀ,
ਇਸ ਤੋਂ ਦੂਰ ਹੋਇਆਂ ਬੇੜਾ ਗਰਕ ਹੁੰਦਾ ਏ।
ਓਏ ਸੱਜਣਾ! ਜੱਫੀ, ਜੱਫੀ ਵਿੱਚ ਫ਼ਰਕ ਹੁੰਦਾ ਏ।
ਯਾਰ ਦੀ ਜੱਫੀ, ਪਿਆਰ ਦੀ ਜੱਫੀ, ਨਾਰ ਦੀ ਜੱਫੀ
ਇਸ ਜੱਫੀ ਤੋਂ ਚਾਹ ਕੇ ਵੀ ਨਾ ਸਰਕ ਹੁੰਦਾ ਏ।
ਓਏ ਸੱਜਣਾ! ਜੱਫੀ, ਜੱਫੀ ਵਿੱਚ ਫ਼ਰਕ ਹੁੰਦਾ ਏ।
ਰਿਸ਼ਤੇਦਾਰਾਂ ਤੇ ਸਾਥੀਆਂ ਦੀ ਜੱਫੀ ਛੱਡਿਆਂ,
ਸੁਣਿਆ 'ਲੱਡੇ' ਨੇ ਕਿ ਮਿਲਦਾ ਨਰਕ ਹੁੰਦਾ ਏ।
ਓਏ ਸੱਜਣਾ! ਜੱਫੀ, ਜੱਫੀ ਵਿੱਚ ਫ਼ਰਕ ਹੁੰਦਾ ਏ।

ਸਾਂਝ

ਗੁਰਜੀਤ ਸਿੰਘ ਟਿਵਾਣਾ

ਅਮੀਰ-ਗ਼ਰੀਬ, ਜ਼ਾਤ-ਪਾਤ ਦਾ ਪਾੜਾ ਮੁੱਕ ਜਾਏ।
ਧਰਮ ਦੇ ਨਾਂ 'ਤੇ ਹੁੰਦਾ, ਹਮਲਾ ਹਾੜਾ ਮੁੱਕ ਜਾਏ।
ਸੰਘਣੀਆਂ ਤੇ ਠੰਢੀਆਂ ਛਾਵਾਂ ਬਖ਼ਸ਼ੀ ਰੁੱਖਾਂ ਨੂੰ।
ਜਿਨ੍ਹਾਂ 'ਚ ਵਸਦੀਆਂ ਧੀਆਂ, ਸਲਾਮਤ ਰੱਖੀਂ ਕੁੱਖਾਂ ਨੂੰ।
ਮਾਂ-ਬਾਪ, ਬਜ਼ੁਰਗਾਂ ਦਾ ਰੱਖਣ ਖ਼ਿਆਲ,
ਐਸਾ ਅਦਬ, ਰੱਬਾ ਬਖ਼ਸ਼ੀ ਪੁੱਤਾਂ ਨੂੰ।
ਏਕਾ ਭਾਈਚਾਰਾ ਵਧ ਜਾਵੇ ਲੋਕਾਂ 'ਚ,
ਮੁੜ ਭਾਗ ਲੱਗਣ, ਮੇਰੇ ਪਿੰਡ ਦੀਆਂ ਸੱਥਾਂ ਨੂੰ।
ਖ਼ਤਮ ਹੋ ਜਾਵੇ, ਇਹ ਨਫ਼ਰਤ ਦਾ ਭਾਂਬੜ,
'ਟਿਵਾਣੇ' ਮੋੜ ਲਿਆਵੇ ਕੋਈ, ਪਿਆਰ ਦੀਆਂ ਰੁੱਤਾਂ ਨੂੰ।

ਕੌਤਕ

ਗੁਰਜੋਧ ਕੌਰ

ਸੋਚ ਤੋਂ ਪਰ੍ਹੇ ਅਸਾਂ ਨੂੰ ਮਾਣ ਬਖ਼ਸ਼ਿਆ,
ਰਮ ਰੂਹ 'ਚ, ਖ਼ੁਦਾਈ ਓਸ ਆਪ ਕੀਤੀ।
ਰਹਿਮਤਾਂ ਤੋਂ ਪਾਰ ਸਾਡੀ ਝਾਤ ਹੈ ਨਹੀਂ,
ਸਾਡੀ ਸਜ਼ਾ ਉਸ ਮੁਆਫ਼ ਖ਼ੁਦ ਆਪ ਕੀਤੀ!
ਖਾਲੀ ਤੁਰੇ ਸਾਂ, ਅੰਗ-ਸੰਗ ਜਾਣ ਉਸ ਨੂੰ,
ਝੋਲੀ ਭਰਨ ਦੀ ਰਸਮ ਉਸ ਆਪ ਕੀਤੀ!
ਮੂੰਹੋਂ ਨਿਕਲੇ ਹਰਫ਼ ਹੋ ਗਏ ਸੋਨ ਰੰਗੇ
ਖੇਡ ਕੌਤਕ, ਦੀ ਜੋਧ! ਉਸ ਬਾਤ ਕੀਤੀ!

ਗ਼ਜ਼ਲ

ਯਾਦਵਿੰਦਰ ਸਿੰਘ ਕਲੋਲੀ

ਜਦੋਂ ਤੱਕ ਰਾਹਵਾਂ ਵਿੱਚ ਹਨੇਰਾ ਹੈ ਸੱਜਣਾ,
ਉਹ ਹਰ ਪਗਡੰਡੀ 'ਤੇ ਦੀਵੇ ਜਗਾਉਂਦਾ ਹੋਵੇਗਾ।
ਚੰਨ ਦੇ ਨਿਕਲਣ ਦਾ ਇੰਤਜ਼ਾਰ ਨਹੀਂ ਕਰਦਾ,
ਹਰ ਸ਼ਾਖ ਉੱਤੇ ਜੁਗਨੂੰ ਬਿਠਾਉਂਦਾ ਹੋਵੇਗਾ।
ਸੁੱਤੇ ਆਲ੍ਹਣਿਆਂ 'ਚ ਪੰਛੀ ਅੱਜ ਕਰਨ ਗੱਲਾਂ,
ਕਾਲੀ ਰਾਤੇ ਹਨੇਰਾ ਕੋਈ ਭਜਾਉਂਦਾ ਹੋਵੇਗਾ।
ਹੁਣ ਚਲਿਆ ਏ ਕੂੜ ਦਾ ਪ੍ਰਚਾਰ ਸਭ ਪਾਸੇ,
ਉਹ ਨਗਾਰੇ ਦੀ ਚੋਟ 'ਤੇ ਸੱਚ ਸੁਣਾਉਂਦਾ ਹੋਵੇਗਾ।
ਅੱਜ ਨਸ਼ਿਆਂ ਨੇ ਖਾ ਲਈ ਜਵਾਨੀ ਓ ਸੱਜਣਾ,
ਉਹ ਮਸ਼ਾਲਾਂ ਬਾਲ ਕੇ ਸਭ ਨੂੰ ਜਗਾਉਂਦਾ ਹੋਵੇਗਾ।
ਇੱਥੇ ਲੁੱਟਿਆ ਜਾਂਦਾ ਦੁੱਖ ਭਰਦੇ ਨੇ ਮਾਪੇ,
ਉਹ ਉਦਾਸ ਰੁੱਤਾਂ ਵਿੱਚ ਦੁੱਖ ਵਡਾਉਂਦਾ ਹੋਵੇਗਾ।
ਸਾਉਣ ਮਹੀਨੇ ਵੀ ਪੀਘਾਂ ਸੁੰਨੀਆਂ ਜਾਪਣ,
ਉਹ ਸੁੱਕੇ ਬਿਰਖਾਂ 'ਤੇ ਪੀਘ ਝੁਟਾਉਂਦਾ ਹੋਵੇਗਾ।
ਜਦੋਂ ਤੱਕ ਰਾਹਵਾਂ ਵਿੱਚ ਹਨੇਰਾ ਹੈ ਸੱਜਣਾ,
ਉਹ ਹਰ ਪਗਡੰਡੀ 'ਤੇ ਦੀਵੇ ਜਗਾਉਂਦਾ ਹੋਵੇਗਾ।

ਭਰੋਸਾ

ਜਸਵਿੰਦਰ ਸਰੋਏ

ਭਰੋਸਾ ਟੁੱਟਣ ਲਈ ਤੇ ਹੁੰਦੇ ਨੇ ਵਾਅਦੇ ਭੁੱਲਣ ਲਈ,
ਗੈਰਾਂ ਨਾਲ ਸਨੇਹ ਨਿਭਦਾ, ਆਪਣੇ ਰੁਲਣ ਲਈ।
ਮੂਲ ਨਾਲੋਂ ਵਿਆਜ ਪਿਆਰਾ, ਵੱਡੇ ਤੇ ਸ਼ਾਹੂਕਾਰਾਂ ਨੂੰ,
ਚੇਤੇ ਰੱਖਣਾ ਭੇਤ ਤੇ ਪਰਦੇ, ਰੱਖੇ ਜਾਂਦੇ ਨੇ ਖੁੱਲ੍ਹਣ ਲਈ।
ਜ਼ਿੰਦਗੀ ਸੁੱਟੇ ਵਿੱਚ ਸਮੁੰਦਰ, ਵਕਤ ਸਿਖਾਵੇ ਤੈਰਨ ਨੂੰ,
ਬਿਨਾਂ ਕੀਤਿਆਂ ਕੁੱਝ ਨਹੀਂ ਹੋਣਾ, ਹਰ ਸ਼ੁਰੂਆਤ ਹੈ ਮੁੱਕਣ ਲਈ।
ਦਿਲ ਦਾ ਇਸ਼ਾਰਾ ਭੈੜਾ, ਅੱਖੀਆਂ ਦੀ ਕਹਿਣ ਗੁਸਤਾਖੀ
ਤਣਾਓ ਦਾ ਰੋਗ ਅਵੱਲਾ, 'ਜਸਵਿੰਦਰਾ' ਸਾਹ ਸੁੱਕਣ ਲਈ।

ਰਾਜ਼ਲ

ਬਲਜਿੰਦਰ ਸਿੰਘ 'ਬਾਲੀ ਰੇਤਗੜ੍ਹ'

ਦੇ ਦਿੱਤਾ ਹੈ ਪਾ ਕੇ ਪਰਚਾ, ਤੋਹਫ਼ਾ ਪੱਤਰਕਾਰਾਂ ਨੂੰ,
ਦੇਖੋ ਕਿੰਨਾ ਪੈਣੈ ਮਹਿੰਗਾ, ਦਬਕਾ ਦੇਸ਼ ਦੇ ਗਦਾਰਾਂ ਨੂੰ।
ਤੇਰੀ ਕਵਿਤਾ ਸਫ਼ਰ ਕਰਾ ਸਕਦੀ ਹੈ ਜਬਰੀ ਜੇਲ੍ਹਾਂ ਦਾ,
ਐਵੇਂ ਨਾ ਤੂੰ ਤੁਰਿਆ ਕਰ ਕਾਵਿ ਸਮਾਗਮ ਦਰਬਾਰਾਂ ਨੂੰ।
ਆਖ ਰਹੇ ਓਹ ਗੂੰਗਾ ਹੋ ਜਾ, ਕੰਨਾਂ ਤੋਂ ਵੀ ਬਿਲਕੁਲ ਬਹਿਰਾ,
ਬਸ ਅੰਨ੍ਹਾ ਵੋਟਰ ਚਾਹੀਦੈ, ਇਨ੍ਹਾਂ ਅਜ਼ਾਰੇਦਾਰਾਂ ਨੂੰ।
ਡੰਡੇ ਨਾਲ ਡਰਾ ਰੱਖੇ ਨੇ, ਮਜ਼ਦੂਰ-ਕਿਸਾਨ ਧਨਾਢਾਂ ਨੇ,
ਲਾ ਸੈਂਸਰ ਚੁੱਪ ਕਰਾ ਦਿੱਤਾ, ਸਿਰਕੱਢ ਅਖ਼ਬਾਰਾਂ ਨੂੰ।
ਚੁੱਪ ਚੁਪੀਤੇ, ਨੰਗੇ ਪਿੰਡੇ, ਕਿਰਤੀ ਕਿਉਂ ਝੱਲੀ ਜਾਂਦੇ,
ਗ਼ੈਰਤ ਤੇ ਅਕਲਾਂ ਖੋਹ ਕੇ, ਪੀੜ੍ਹੀ ਦਰ ਪੀੜ੍ਹੀ ਮਾਰਾਂ ਨੂੰ।
ਜਬਰੀ ਚੌਧਰ ਚੋਰ ਬਾਜ਼ਾਰੀ, ਗੁੰਡਾਗਰਦੀ ਹਾਕਮ ਦੀ,
ਨਾ ਇਨਸਾਫ਼ ਅਦਾਲਤ ਅੰਦਰ, ਮੌਜਾਂ ਭੰਡ-ਨਚਾਰਾਂ ਨੂੰ।
* * *

ਵਰਦਾਨ

ਚਰਨਜੀਤ ਨੌਹਰਾ

ਚਾਨਣਾਂ ਦੇ ਵੈਰੀ ਹੋਏ, ਜੋ ਕਦੇ ਸ਼ਮ੍ਹਾਦਾਨ ਹੁੰਦੇ ਸੀ,
ਸਰਾਪ ਵਰਗੇ ਹੋ ਗਏ, ਜੋ ਕਦੇ ਵਰਦਾਨ ਹੁੰਦੇ ਸੀ।
ਇਹ ਸੀ ਬਿਸਾਤ ਉਸ ਦੀ, ਜੋ ਜਾਪਦੀ ਮੁਹੱਬਤ ਸੀ,
ਬਹੁਤ ਚਲਾਕ ਨਿਕਲੇ, ਜੋ ਬੜੇ ਨਾਦਾਨ ਹੁੰਦੇ ਸੀ।
ਨਾ ਫਿਰ ਬੇਕਦਰੀ ਹੋਣੀ ਸੀ ਨਾ ਰੁਲ਼ਦੀ ਵਫ਼ਾ ਹੀ,
ਜੇ ਮਿਲ ਜਾਂਦੇ ਜੋ ਮੁਹੱਬਤ ਦੇ ਕਦਰਦਾਨ ਹੁੰਦੇ ਸੀ।
ਰਮਜ਼ ਸਮਝ ਜਾਂਦੇ ਸੀ ਖ਼ਾਮੋਸ਼ੀ ਦੀ ਵੀ ਅਕਸਰ,
ਯਾਦ ਨੇ ਉਹ ਚਿਹਰੇ ਜੋ ਸਦਾ ਰਾਜ਼ਦਾਨ ਹੁੰਦੇ ਸੀ।
ਲਿਖ ਦਿੰਦਾ 'ਨੌਹਰਾ' ਉਹ ਹੀ ਜੋ ਦਿਲੋਂ ਮਹਿਸੂਸਦਾ,
ਹੱਡੀਂ ਹੰਢਾਏ ਤਜਰਬੇ ਔਖੇ ਤੇ ਅੱਖਰਦਾਨ ਹੁੰਦੇ ਸੀ।

ਟੀ.ਵੀ. ਅਤੇ ਇੰਟਰਨੈਟ ਨੇ ਖੋਹ ਲਈਆਂ ਬਾਲ ਉਮਰ ਦੀਆਂ ਖੇਡਾਂ

ਕੰਪਿਊਟਰ ਜਾਂ ਫੋਨ 'ਤੇ ਖੇਡਾਂ ਖੇਡ ਕੇ ਬੱਚਿਆਂ ਦੀ ਬੁੱਧੀ ਤਾਂ ਵਿਕਸਤ ਹੋ ਸਕਦੀ ਹੈ ਪਰ ਸਿਹਤ ਨਹੀਂ

ਬਲਜਿੰਦਰ ਮਾਨ

ਸਮੇਂ ਦੀ ਤੋਰ ਨਾਲ ਸਾਡੀਆਂ ਬਾਲ ਖੇਡਾਂ ਟੀ.ਵੀ. ਤੇ ਇੰਟਰਨੈੱਟ ਨੇ ਖੋਹ ਲਈਆਂ।ਅੱਜ ਬਹੁਤੇ ਬੱਚੇ ਵਿਹਲੇ ਸਮੇਂ ਵਿੱਚ ਇਨ੍ਹਾਂ ਸਾਧਨਾਂ ਨਾਲ ਜੁੜ ਕੇ ਆਪਣੇ ਸਮੇਂ ਤੇ ਸਿਹਤ ਦਾ ਨਾਸ਼ ਕਰਦੇ ਹਨ। ਵਿਗਿਆਨੀਆਂ ਦਾ ਕਹਿਣਾ ਹੈ ਕਿ ਟੀ.ਵੀ. ਜਾਂ ਫੋਨ 'ਤੇ ਖੇਡਾਂ ਖੇਡ ਕੇ ਬੱਚਿਆਂ ਦੀ ਬੁੱਧੀ ਤਾਂ ਵਿਕਸਤ ਹੋ ਸਕਦੀ ਹੈ ਪਰ ਸਿਹਤ ਨਹੀਂ। ਕੋਟਲਾ ਛਪਾਕੀ, ਬਾਂਦਰ ਕੀਲਾ, ਬਾਰਾਂ ਟਾਹਣੀ, ਖਿੱਦੋ ਖੁੰਡੀ, ਗੁੱਲੀ ਡੰਡਾ, ਛੂਹ ਛੁਆਈ, ਲੁਕਣ ਮੀਟੀ, ਪਿੱਠੂ ਕਾਇਮ, ਅੱਡਾ ਖੱਡਾ, ਬਾਂਟੇ ਆਦਿ ਜਿਹੀਆਂ ਅਨੇਕਾਂ ਖੇਡਾਂ ਸਨ ਜਿਹੜੀਆਂ ਅਸੀਂ ਬਾਲ ਉਮਰੇ ਖੇਡਦੇ ਰਹੇ ਸਾਂ।

ਬਾਲੜੀਆਂ ਦੀਆਂ ਪੁਰਾਤਨ ਖੇਡਾਂ ਵਿੱਚ ਪੀਚੋ ਬੱਕਰੀ, ਬੁੱਢੀ ਮਾਈ, ਕਿੱਕਲੀ, ਲੰਗਾ ਲੋਰੀਆ, ਸਮੁੰਦਰ ਤੇ ਮੱਛੀ, ਗੀਟੇ, ਗੁੱਡੀਆਂ ਪਟੋਲੇ, ਰੰਗਣੀਏ ਨੀਂ ਰੰਗ ਬੋਲ, ਵੰਗਾਂ ਦੀ ਖੇਡ, ਬਿੱਲੀਏ ਨੀਂ ਬਿਲੀਏ, ਟੱਲੀਆਂ ਮਟੱਲੀਆਂ, ਰੱਸੀ ਟੱਪਣਾ, ਭੰਡਾ ਭੰਡਾਰੀਆ ਆਦਿ ਬੜੀਆਂ ਹਰਮਨ ਪਿਆਰੀਆਂ ਰਹੀਆਂ ਹਨ।

ਅਜੋਕੇ ਸਮੇਂ ਨੇ ਸਾਡੇ ਸਾਰੇ ਜੀਵਨ ਫ਼ਲਸਫ਼ੇ ਨੂੰ ਹੀ ਬਦਲ ਦਿੱਤਾ ਹੈ। ਕਿਸੇ ਬੱਚੇ ਕੋਲ ਵਿਹਲ ਹੀ ਨਹੀਂ ਰਿਹਾ। ਤੜਕੇ ਹੀ ਸਕੂਲ ਬੱਸ ਬੱਚਿਆਂ ਨੂੰ ਸਕੂਲ ਵੱਲ ਲੈ ਜਾਂਦੀ ਹੈ ਤੇ ਸ਼ਾਮ ਨੂੰ ਘਰ ਛੱਡ ਦਿੰਦੀ ਹੈ। ਬਾਅਦ ਵਿੱਚ ਟਿਊਸ਼ਨ ਦਾ ਭਾਰ ਬਸਤੇ ਦੇ ਭਾਰ ਨਾਲ ਬੱਚਿਆਂ ਨੂੰ ਦੱਬੀ ਫਿਰ ਰਿਹਾ ਹੈ। ਹਰ ਮਾਪੇ ਦੀ ਇਹ ਇੱਛਾ ਹੁੰਦੀ ਹੈ ਕਿ ਉਨ੍ਹਾਂ ਦਾ ਬੱਚਾ ਪੜ੍ਹਕੇ ਵੱਡਾ ਅਫ਼ਸਰ ਬਣੇ ਪਰ ਉਸ ਦੀ ਮਾਨਸਿਕਤਾ ਦੀ ਕਿਸੇ ਨੂੰ ਪਰਵਾਹ ਨਹੀਂ ਹੈ। ਇਸੇ ਕਰਕੇ ਨੌਜਵਾਨ ਪੀੜ੍ਹੀ ਮਾਪਿਆਂ ਤੇ ਅਧਿਆਪਕਾਂ ਤੋਂ ਬਾਗੀ ਹੋ ਰਹੀ ਹੈ। ਇਸ ਲਈ ਸਾਨੂੰ ਆਪਣੇ ਬੱਚਿਆਂ ਨੂੰ ਖੇਡਾਂ ਨਾਲ ਜੋੜਨਾ ਚਾਹੀਦਾ ਹੈ। ਭਾਵੇਂ ਅੱਜ ਕੱਲ੍ਹ ਆਧੁਨਿਕ ਸਾਧਨਾਂ ਨੇ ਸਾਨੂੰ ਪੂਰੀ ਤਰ੍ਹਾਂ ਘੇਰਿਆ ਹੋਇਆ ਹੈ। ਫਿਰ ਵੀ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਬਾਲਾਂ ਨੂੰ ਉਨ੍ਹਾਂ ਦੀ ਮਾਨਸਿਕਤਾ ਅਤੇ ਸਰੀਰ ਨੂੰ ਵਿਕਸਤ ਕਰਨ ਵਾਲੀਆਂ ਬਾਲ ਖੇਡਾਂ ਖੇਡਣ ਦਾ ਮੌਕਾ ਦੇਈਏ।ਸਕੂਲ ਕਾਲਜਾਂ ਵਿੱਚ ਜਾ ਕੇ ਤਾਂ ਫੁੱਟਬਾਲ, ਕਬੱਡੀ, ਖੋ- ਖੋ, ਅਥਲੈਟਿਕਸ, ਹਾਕੀ, ਕ੍ਰਿਕਟ ਆਦਿ ਅਨੇਕਾਂ ਪ੍ਰਕਾਰ ਦੀਆਂ ਖੇਡਾਂ ਖੇਡਣ ਦਾ ਮੌਕਾ ਮਿਲ ਜਾਂਦਾ ਹੈ। ਬਸ ਲੋੜ ਹੈ ਤਾਂ ਬਚਪਨ ਦੀਆਂ ਖੇਡਾਂ ਨੂੰ ਸੰਭਾਲਣ ਦੀ। ਇਨ੍ਹਾਂ ਖੇਡਾਂ ਰਾਹੀਂ ਹੀ ਉਨ੍ਹਾਂ ਦਾ ਹਰ ਪੱਖੋਂ ਵਿਕਾਸ ਹੋਵੇਗਾ। ਮਨ ਦੀ ਖ਼ੁਸ਼ੀ ਨਾਲ ਹੀ ਤਨ 'ਤੇ ਟਹਿਕ ਆਉਂਦੀ ਹੈ। ਜਦੋਂ ਬੱਚੇ ਮਨ ਚਾਹੀਆਂ ਖੇਡਾਂ ਖੇਡਦੇ ਹਨ ਤਾਂ ਉਨ੍ਹਾਂ ਦਾ ਮਨ ਫੁੱਲ ਵਾਂਗ ਖਿੜ ਜਾਂਦਾ ਹੈ। ਸੋ ਆਓ ਆਪਾਂ ਸਾਰੇ ਰਲਕੇ ਬੱਚਿਆਂ ਦੇ ਬਚਪਨ ਨੂੰ ਮੋੜ ਲਿਆਈਏ। ਪਿੰਡਾਂ ਦੀਆਂ ਬੋਹੜਾਂ ਥੱਲੇ ਅਤੇ ਥੜਿਆਂ ਲਾਗੇ ਉਨ੍ਹਾਂ ਨੂੰ ਬਾਲ ਖੇਡਾਂ ਖੇਡਣ ਦੇ ਮੌਕੇ ਪ੍ਰਦਾਨ ਕਰੀਏ। ਇਹ ਮੌਕੇ ਉਨ੍ਹਾਂ ਦੇ ਜੀਵਨ ਸੰਘਰਸ਼ ਨੂੰ ਹਿੰਮਤ, ਲਗਨ, ਹੌਸਲੇ, ਦ੍ਰਿੜਤਾ, ਇਮਾਨਦਾਰੀ, ਇੱਛਾ ਸ਼ਕਤੀ ਆਦਿ ਗੁਣਾਂ ਨਾਲ ਭਰਪੂਰ ਕਰਨਗੇ। ਜਿਸ ਬਾਲ ਅੰਦਰ ਇਨ੍ਹਾਂ ਗੁਣਾਂ ਦੇ ਬੀਜ ਪੁੰਗਰ ਪੈਣ ਉਹ ਵੱਡਾ ਹੋ ਕੇ ਵਧੀਆ ਤੇ ਮਜ਼ਬੂਤ ਇਨਸਾਨ ਬਣਦਾ ਹੈ।

ਪੂਰੇ ਮਾਨਸਿਕ ਢਾਂਚੇ ਨੂੰ ਖੇਡਾਂ ਦੇ ਮਨੋਰੰਜਨ ਨਾਲ ਹੀ ਸ਼ਿੰਗਾਰਿਆ ਤੇ ਸੰਵਾਰਿਆ ਜਾ ਸਕਦਾ ਹੈ। ਮਨੋਰੰਜਕ ਢੰਗ ਨਾਲ ਉਸਰਿਆ ਬਚਪਨ ਚੰਗੀ ਜੁਆਨੀ ਦੀ ਉਮੀਦ ਬੰਨ੍ਹਦਾ ਹੈ। ਮਾਨਸਿਕ ਤੇ ਸਰੀਰਕ ਤੌਰ 'ਤੇ ਤੰਦਰੁਸਤ ਨਾਗਰਿਕ ਹੀ ਦੇਸ਼ ਕੌਮ ਦੀ ਰਾਖੀ ਅਤੇ ਸੰਚਾਲਨ ਸੁਚੱਜੇ ਢੰਗ ਨਾਲ ਕਰ ਸਕਦੇ ਹਨ। ਖੇਡ ਰੁਚੀ ਨਾਲ ਅਸੀਂ ਹੋਰ ਅੱਗੇ ਵਧ ਕੇ ਜੀਵਨ ਸਫ਼ਰ ਦੀਆਂ ਅਨੇਕਾਂ ਮੰਜ਼ਿਲਾਂ ਨੂੰ ਸਰ ਕਰ ਸਕਦੇ ਹਾਂ। ਇਸ ਖੇਤਰ ਵਿੱਚ ਵਧੀਆ ਕੈਰੀਅਰ ਦੀਆਂ ਸੰਭਾਵਨਾਵਾਂ ਵੀ ਮੌਜੂਦ ਹਨ। ਖੇਡ ਕੋਟੇ ਰਾਹੀਂ ਅਸੀਂ ਆਪਣੀਆਂ ਰਾਜ ਪੱਧਰੀ ਜਾਂ ਕੌਮੀ ਪੱਧਰੀ ਪ੍ਰਾਪਤੀਆਂ ਨਾਲ ਉੱਚ ਅਹੁਦਿਆਂ 'ਤੇ ਵੀ ਬਿਰਾਜਮਾਨ ਹੋ ਸਕਦੇ ਹਾਂ। ਲੋੜ ਹੈ ਬਾਲਾਂ ਨੂੰ ਉਨ੍ਹਾਂ ਦੀ ਮਨ ਚਾਹੀ ਖੇਡ ਖੇਡਣ ਦਾ ਮੌਕਾ ਪ੍ਰਦਾਨ ਕਰਨ ਦੀ।ਅਸੀਂ ਬਚਪਨ ਵਿੱਚ ਪਹਿਲੀ ਜ਼ਿੰਮੇਵਾਰੀ ਮਾਂ ਤੇ ਫਿਰ ਪਰਿਵਾਰ ਸਿਰ ਪਾਉਂਦੇ ਹਾਂ। ਉਸ ਤੋਂ ਬਾਅਦ ਸਾਰੇ ਅਧਿਆਪਕਾਂ ਨੇ ਇਨ੍ਹਾਂ ਰੁਚੀਆਂ ਨੂੰ ਪ੍ਰਫੁੱਲਿਤ ਕਰਨ ਵਿੱਚ ਯੋਗਦਾਨ ਪਾਉਣਾ ਹੁੰਦਾ ਹੈ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਹਰ ਸਕੂਲ ਵਿੱਚ ਇੱਕ ਸਰੀਰਕ ਸਿੱਖਿਆ ਅਧਿਆਪਕ ਜ਼ਰੂਰ ਮੁਹੱਈਆ ਕਰੇ। ਸਰੀਰਕ ਤੌਰ 'ਤੇ ਕਮਜ਼ੋਰ ਪੀੜ੍ਹੀ ਕਿਸੇ ਦਾ ਵੀ ਭਲਾ ਨਹੀਂ ਕਰ ਸਕਦੀ। ਇਸ ਲਈ ਆਓ ਆਪਾਂ ਸਾਰੇ ਰਲਕੇ ਬਾਲ ਉਮਰ ਦੀਆਂ ਖੇਡਾਂ ਨੂੰ ਮੁੜ ਸੁਰਜੀਤ ਕਰੀਏ। ਅਜਿਹਾ ਕਰਨ ਨਾਲ ਵੀ ਅਸੀਂ ਸੋਹਣੇ ਤੇ ਸੁਚੱਜੇ ਸਮਾਜ ਦੀ ਸਿਰਜਣਾ ਕਰ ਸਕਾਂਗੇ।

ਨਿਆਗਰਾ ਫ਼ਾਲਜ਼ 'ਤੇ ਮਨਾਏ ਜਾਣਗੇ ਫ਼ੀਫ਼ਾ ਵਰਲਡ ਕੱਪ 2026 ਦੇ ਜਸ਼ਨ

ਵੈਨਕੂਵਰ/ਏ.ਟੀ.ਨਿਊਜ਼: ਫ਼ੀਫ਼ਾ ਵੱਲੋਂ 2026 ਵਰਲਡ ਕੱਪ ਦੇ ਜਸ਼ਨ ਮਨਾਉਣ ਲਈ ਕੈਨੇਡਾ ਭਰ ਵਿੱਚ ਇੱਕ ਵੱਡੇ ਪੱਧਰ ਦਾ ਦੇਸ਼-ਵਿਆਪੀ ਟੂਰ ਕਰਨ ਦਾ ਐਲਾਨ ਕੀਤਾ ਗਿਆ ਹੈ, ਜਿਸਦਾ ਅੰਤਿਮ ਪੜਾਅ ਜੁਲਾਈ ਮਹੀਨੇ ਵਿੱਚ ਨਿਆਗਰਾ ਫ਼ਾਲਜ਼ 'ਤੇ ਹੋਵੇਗਾ।

ਇਸ ਟੂਰ ਦੌਰਾਨ ਕੈਨੇਡਾ ਦੀਆਂ 34 ਕਮਿਊਨਿਟੀਆਂ ਵਿੱਚ ਖ਼ਾਸ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ, ਜਿਨ੍ਹਾਂ ਰਾਹੀਂ ਫ਼ੁਟਬਾਲ ਪ੍ਰੇਮੀਆਂ ਵਿੱਚ ਵਰਲਡ ਕੱਪ ਲਈ ਉਤਸ਼ਾਹ ਪੈਦਾ ਕੀਤਾ ਜਾਵੇਗਾ। ਇਹ ਟੂਰ ਦੇਸ਼ ਭਰ ਦੇ ਵੱਖ-ਵੱਖ ਸ਼ਹਿਰਾਂ ਅਤੇ ਇਲਾਕਿਆਂ ਨੂੰ ਕਵਰ ਕਰੇਗਾ। ਦੱਸਿਆ ਜਾ ਰਿਹਾ ਹੈ ਕਿ ਇਸ ਪਹਿਲ ਦਾ ਮਕਸਦ ਲੋਕਾਂ ਨੂੰ ਵਰਲਡ ਕੱਪ ਨਾਲ ਜੋੜਨਾ ਅਤੇ ਖੇਡਾਂ ਪ੍ਰਤੀ ਰੁਚੀ ਨੂੰ ਵਧਾਉਣਾ ਹੈ। ਟੂਰ ਦੌਰਾਨ ਵੱਖ-ਵੱਖ ਸੱਭਿਆਚਾਰਕ ਅਤੇ ਖੇਡ ਸਮਾਰੋਹ ਵੀ ਕਰਵਾਏ ਜਾਣਗੇ, ਜਿਸ ਨਾਲ ਹਰ ਉਮਰ ਦੇ ਲੋਕਾਂ ਨੂੰ ਸ਼ਾਮਲ ਹੋਣ ਦਾ ਮੌਕਾ ਮਿਲੇਗਾ।

ਜ਼ਿਕਰਯੋਗ ਹੈ ਕਿ 2026 ਦਾ ਫ਼ੀਫ਼ਾ ਵਰਲਡ ਕੱਪ ਕੈਨੇਡਾ, ਅਮਰੀਕਾ ਅਤੇ ਮੈਕਸੀਕੋ ਵੱਲੋਂ ਸਾਂਝੇ ਤੌਰ 'ਤੇ ਕਰਵਾਇਆ ਜਾ ਰਿਹਾ ਹੈ, ਜਿਸ ਕਾਰਨ ਇਸ ਟੂਰ ਨੂੰ ਖਾਸ ਮਹੱਤਤਾ ਦਿੱਤੀ ਜਾ ਰਹੀ ਹੈ।

ਫ਼ੀਫ਼ਾ ਵਿਸ਼ਵ ਕੱਪ 2026 ਲਈ ਸਾਰੀਆਂ 48 ਟੀਮਾਂ ਨੂੰ ਅੰਤਿਮ ਰੂਪ ਦਿੱਤਾ ਗਿਆ ਹੈ। ਮਹਾਂਦੀਪਾਂ ਵਿੱਚ ਹੋਏ ਕੁਆਲੀਫ਼ਾਇਰ ਅਤੇ ਪਲੇਆਫ਼ ਦੌਰ ਤੋਂ ਬਾਅਦ ਇਨ੍ਹਾਂ ਟੀਮਾਂ ਦੀ ਪੁਸ਼ਟੀ ਕੀਤੀ ਗਈ ਸੀ। ਅੰਤਿਮ ਛੇ ਸਥਾਨਾਂ ਦਾ ਫ਼ੈਸਲਾ ਮਾਰਚ ਵਿੱਚ ਕੀਤਾ ਗਿਆ ਸੀ। ਸਵੀਡਨ, ਤੁਰਕੀ, ਬੋਸਨੀਆ ਅਤੇ ਹਰਜ਼ੇਗੋਵਿਨਾ, ਅਤੇ ਚੈੱਕ ਗਣਰਾਜ ਨੇ ਪਲੇਆਫ਼ ਰਾਹੀਂ ਕੁਆਲੀਫ਼ਾਈ ਕੀਤਾ।

ਇਰਾਕ ਅਤੇ ਡੀਆਰ ਕਾਂਗੋ ਨੇ ਅੰਤਰ-ਮਹਾਂਦੀਪੀ ਪਲੇਆਫ਼ ਰਾਹੀਂ ਆਖਰੀ ਦੋ ਸਥਾਨ ਸੁਰੱਖਿਅਤ ਕੀਤੇ। ਇਰਾਕ ਨੇ ਬੋਲੀਵੀਆ ਨੂੰ 2-1 ਨਾਲ ਹਰਾ ਕੇ ਅੰਤਿਮ ਸਥਾਨ ਸੁਰੱਖਿਅਤ ਕੀਤਾ। ਸੰਯੁਕਤ ਰਾਜ ਅਮਰੀਕਾ, ਮੈਕਸੀਕੋ ਅਤੇ ਕੈਨੇਡਾ 11 ਜੂਨ ਤੋਂ 19 ਜੁਲਾਈ ਤੱਕ ਟੂਰਨਾਮੈਂਟ ਦੀ ਮੇਜ਼ਬਾਨੀ ਕਰਨਗੇ। ਇਹ ਪਹਿਲਾ ਐਡੀਸ਼ਨ ਹੋਵੇਗਾ, ਜਿਸ ਵਿੱਚ 48 ਟੀਮਾਂ ਅਤੇ 12 ਗਰੁੱਪ ਸ਼ਾਮਲ ਹੋਣਗੇ।

ਉਲੰਪਿਕ ਹਾਕੀ ਵਿੱਚ ਪੰਜਾਬੀਆਂ ਦੀ ਸਰਦਾਰੀ

ਨਵਦੀਪ ਸਿੰਘ ਗਿੱਲ

ਪੈਰਿਸ ਵਿੱਚ ਚੱਲ ਰਹੀਆਂ ਉਲੰਪਿਕ ਖੇਡਾਂ ਵਿੱਚ ਭਾਰਤੀ ਹਾਕੀ ਟੀਮ ਇੱਕ ਵਾਰ ਫਿਰ ਪੰਜਾਬੀ ਖਿਡਾਰੀ ਹਰਮਨਪ੍ਰੀਤ ਸਿੰਘ ਦੀ ਕਪਤਾਨੀ ਹੇਠ ਖੇਡ ਰਹੀ ਹੈ। ਉਲੰਪਿਕਸ ਖੇਡਾਂ ਵਿੱਚ ਸਭ ਤੋਂ ਵੱਧ, 10 ਵਾਰ ਪੰਜਾਬੀ ਖਿਡਾਰੀ ਨੂੰ ਹਾਕੀ ਟੀਮ ਦੀ ਕਪਤਾਨੀ ਦਾ ਸੁਭਾਗ ਹਾਸਲ ਹੋਇਆ। ਇਕੱਲੀ ਪੰਜਾਬੀ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੇ ਦੇਸ਼ ਨੂੰ ਤਿੰਨ ਉਲੰਪਿਕ ਕਪਤਾਨ ਦਿੱਤੇ ਹਨ ਅਤੇ ਜਲੰਧਰ ਨੇੜਲੇ ਪਿੰਡ ਮਿੱਠਾਪੁਰ ਨੇ ਵੀ ਦੋ ਕਪਤਾਨ ਦਿੱਤੇ। ਭਾਰਤੀ ਹਾਕੀ ਵਿੱਚ ਮੁੱਢ ਤੋਂ ਹੀ ਪੰਜਾਬੀਆਂ ਦੀ ਸਰਦਾਰੀ ਰਹੀ ਹੈ।

ਉਲੰਪਿਕ ਤਗ਼ਮਾ ਜਿੱਤਣ ਵਿੱਚ ਵੀ ਸਭ ਤੋਂ ਵੱਡੀ ਗਿਣਤੀ ਪੰਜਾਬੀ ਖਿਡਾਰੀਆਂ ਦੀ ਹੈ। ਭਾਰਤ ਨੇ ਹੁਣ ਤੱਕ ਉਲੰਪਿਕ ਖੇਡਾਂ ਵਿੱਚ ਹਾਕੀ ਮੁਕਾਬਲਿਆਂ ਵਿੱਚ 9 ਸੋਨੇ, 1 ਚਾਂਦੀ ਤੇ 3 ਕਾਂਸੀ ਦੇ ਤਗ਼ਮਿਆਂ ਸਣੇ ਕੁੱਲ 12 ਤਗ਼ਮੇ ਜਿੱਤੇ ਹਨ। ਪੰਜਾਬ ਦੇ 50 ਖਿਡਾਰੀ ਅਜਿਹੇ ਹਨ ਜਿਨ੍ਹਾਂ ਵੱਖ-ਵੱਖ ਮੌਕਿਆਂ ਉਤੇ ਤਗ਼ਮੇ ਜਿੱਤੇ ਹਨ। ਸਭ ਤੋਂ ਵੱਧ ਚਾਰ ਤਗ਼ਮੇ ਜਿੱਤਣ ਵਾਲਾ ਖਿਡਾਰੀ ਵੀ ਪੰਜਾਬੀ ਹੈ। ਊਧਮ ਸਿੰਘ ਨੇ ਤਿੰਨ ਸੋਨੇ ਅਤੇ ਇੱਕ ਚਾਂਦੀ ਦਾ ਤਗ਼ਮਾ ਜਿੱਤਿਆ, ਬਲਬੀਰ ਸਿੰਘ ਸੀਨੀਅਰ ਨੇ ਤਿੰਨ ਵਾਰ ਸੋਨੇ ਦਾ ਤਗ਼ਮਾ ਜਿੱਤਿਆ। ਹੈਲਸਿੰਕੀ ਉਲੰਪਿਕ-1952 ਦੇ ਫਾਈਨਲ ਵਿੱਚ ਬਲਬੀਰ ਸਿੰਘ ਸੀਨੀਅਰ ਨੇ ਪੰਜ ਗੋਲ ਕੀਤੇ ਜੋ ਉਲੰਪਿਕ ਇਤਿਹਾਸ ਦੇ ਕਿਸੇ ਵੀ ਫਾਈਨਲ ਵਿੱਚ ਸਭ ਤੋਂ ਵੱਧ ਗੋਲ ਕਰਨ ਦਾ ਰਿਕਾਰਡ ਹੈ। ਟੋਕੀਓ ਉਲੰਪਿਕ-1964 ਵਿੱਚ ਸੋਨ ਤਗ਼ਮਾ ਜਿੱਤਣ ਵਾਲੀ ਭਾਰਤੀ ਟੀਮ ਵੱਲੋਂ ਖੇਡਦਿਆਂ ਪ੍ਰਿਥੀਪਾਲ ਸਿੰਘ 10 ਗੋਲਾਂ ਨਾਲ ਟਾਪ ਸਕੋਰਰ ਬਣਿਆ। 1980 ਵਿੱਚ ਸੋਨ ਤਗ਼ਮਾ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਵੱਲੋਂ ਸਭ ਤੋਂ ਵੱਧ 14 ਗੋਲ ਸੁਰਿੰਦਰ ਸਿੰਘ ਸੋਢੀ ਨੇ ਕੀਤੇ ਸਨ।

ਉਲੰਪਿਕ ਹਾਕੀ ਵਿੱਚ ਭਾਰਤ ਦੀ ਕਪਤਾਨੀ ਕਰਨ ਵਾਲੇ 10 ਪੰਜਾਬੀ ਕਪਤਾਨਾਂ ਦੀ ਗੱਲ ਕਰੀਏ ਤਾਂ 1956 ਵਿੱਚ ਮੈਲਬਰਨ ਵਿਖੇ ਪਹਿਲੀ ਵਾਰ ਪੰਜਾਬੀ ਖਿਡਾਰੀ ਨੂੰ ਹਾਕੀ ਟੀਮ ਦੀ ਕਪਤਾਨੀ ਕਰਨ ਦਾ ਮੌਕਾ ਮਿਲਿਆ ਅਤੇ ਭਾਰਤੀ ਹਾਕੀ ਟੀਮ ਨੇ ਸੋਨੇ ਦਾ ਤਗ਼ਮਾ ਜਿੱਤਿਆ। ਬਲਬੀਰ ਸਿੰਘ ਸੀਨੀਅਰ ਦੀ ਇਹ ਤੀਜੀ ਉਲੰਪਿਕਸ ਸੀ ਅਤੇ ਤੀਜਾ ਹੀ ਸੋਨ ਤਗ਼ਮਾ ਸੀ। ਇਸ ਤੋਂ ਬਾਅਦ 1964 ਵਿੱਚ ਟੋਕੀਓ ਵਿਖੇ ਚਰਨਜੀਤ ਕੁਮਾਰ ਨੇ ਕਪਤਾਨੀ ਕੀਤੀ ਅਤੇ ਭਾਰਤ ਨੇ ਸੋਨੇ ਦਾ ਤਗ਼ਮਾ ਜਿੱਤਿਆ। ਊਨਾ (ਸਾਂਝੇ ਪੰਜਾਬ ਦਾ ਹਿੱਸਾ) ਜੰਮਪਲ ਚਰਨਜੀਤ ਕੁਮਾਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਿਦਿਆਰਥੀ ਸਨ।1968 ਵਿੱਚ ਮੈਕਸੀਕੋ ਵਿੱਚ ਪ੍ਰਿਥੀਪਾਲ ਸਿੰਘ ਤੇ ਗੁਰਬਖ਼ਸ਼ ਸਿੰਘ ਭਾਰਤੀ ਹਾਕੀ ਟੀਮ ਦੇ ਸੰਯੁਕਤ ਕਪਤਾਨ ਸਨ ਜਦੋਂ ਭਾਰਤੀ ਟੀਮ ਨੇ ਕਾਂਸੀ ਦਾ ਤਗ਼ਮਾ ਜਿੱਤਿਆ। ਪ੍ਰਿਥੀਪਾਲ ਸਿੰਘ ਦਾ ਜਨਮ ਨਨਕਾਣਾ ਸਾਹਿਬ (ਹੁਣ ਪਾਕਿਸਤਾਨ) ਦਾ ਹੈ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦਾ ਵਿਦਿਆਰਥੀ ਸੀ। 1972 ਵਿੱਚ ਮਿਊਨਿਖ ਵਿੱਚ ਫਿਰੋਜ਼ਪੁਰ ਦੇ ਹਰਮੀਕ ਸਿੰਘ ਨੇ ਭਾਰਤ ਦੀ ਕਪਤਾਨੀ ਕੀਤੀ ਅਤੇ ਭਾਰਤੀ ਟੀਮ ਨੇ ਕਾਂਸੀ ਦਾ ਤਗ਼ਮਾ ਜਿੱਤਿਆ। ਹਰਮੀਕ ਸਿੰਘ ਦਾ ਭਰਾ ਅਜੀਤ ਸਿੰਘ ਅਤੇ ਭਤੀਜਾ ਗਗਨ ਅਜੀਤ ਸਿੰਘ ਵੀ ਉਲੰਪੀਅਨ ਹਨ। 1976 ਵਿੱਚ ਮਾਂਟਰੀਅਲ ਵਿੱਚ ਅਜੀਤ ਪਾਲ ਸਿੰਘ ਨੇ ਭਾਰਤੀ ਹਾਕੀ ਟੀਮ ਦੀ ਕਪਤਾਨੀ ਕੀਤੀ। 1975 ਵਿੱਚ ਇਕਲੌਤਾ ਸੰਸਾਰ ਕੱਪ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਦੇ ਕਪਤਾਨ ਰਹੇ ਅਜੀਤ ਪਾਲ ਸਿੰਘ ਹਾਕੀ ਦੇ ਮੱਕਾ ਸੰਸਾਰਪੁਰ ਦੇ ਰਹਿਣ ਵਾਲੇ ਹਨ।

1976 ਤੋਂ 16 ਵਰ੍ਹਿਆਂ ਬਾਅਦ 1992 ਵਿੱਚ ਬਾਰਸੀਲੋਨਾ ਵਿੱਚ ਕਿਸੇ ਪੰਜਾਬੀ ਖਿਡਾਰੀ ਨੂੰ ਕਪਤਾਨੀ ਮਿਲੀ। ਮਿੱਠਾਪੁਰ ਦੇ ਪਰਗਟ ਸਿੰਘ ਨੂੰ ਕਪਤਾਨ ਬਣਾਇਆ ਗਿਆ। 1996 ਵਿੱਚ ਐਟਲਾਂਟਾ ਵਿੱਚ ਵੀ ਪਰਗਟ ਸਿੰਘ ਕਪਤਾਨ ਸਨ ਅਤੇ ਉਹ ਪਹਿਲੇ ਤੇ ਇਕਲੌਤੇ ਖਿਡਾਰੀ ਹਨ ਜਿਨ੍ਹਾਂ ਨੂੰ ਦੋ ਵਾਰ ਓਲੰਪਿਕ ਖੇਡਾਂ ਵਿੱਚ ਹਾਕੀ ਟੀਮ ਦੀ ਕਪਤਾਨੀ ਮਿਲੀ। 2000 ਵਿੱਚ ਸਿਡਨੀ ਵਿੱਚ ਰਮਨਦੀਪ ਸਿੰਘ ਗਰੇਵਾਲ ਨੂੰ ਕਪਤਾਨੀ ਮਿਲੀ। ਰਮਨਦੀਪ ਸਿੰਘ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਵਿਦਿਆਰਥੀ ਸੀ। 21 ਵਰ੍ਹਿਆਂ ਬਾਅਦ ਪੰਜਾਬ ਨੂੰ ਫਿਰ ਕਪਤਾਨੀ ਮਿਲੀ ਜਦੋਂ ਮਿੱਠਾਪੁਰ ਦੇ ਮਨਪ੍ਰੀਤ ਸਿੰਘ ਨੂੰ ਟੋਕੀਓ ਉਲੰਪਿਕ-2021 ਵਿੱਚ ਭਾਰਤੀ ਹਾਕੀ ਟੀਮ ਦਾ ਕਪਤਾਨ ਬਣਾਇਆ ਗਿਆ ਅਤੇ ਭਾਰਤ ਨੇ ਕਾਂਸੀ ਦਾ ਤਗ਼ਮਾ ਜਿੱਤਿਆ। ਮਨਪ੍ਰੀਤ ਸਿੰਘ ਦੀ ਕਪਤਾਨੀ ਹੇਠ ਭਾਰਤ ਨੇ 41 ਵਰ੍ਹਿਆਂ ਬਾਅਦ ਉਲੰਪਿਕ ਤਗ਼ਮਾ ਜਿੱਤਿਆ।

ਸੁਰਾਂ ਦੀ ਮਲਿਕਾ ਸੀ ਆਸ਼ਾ ਭੌਸਲੇ

ਆਸ਼ਾ ਭੌਸਲੇ ਨੇ ਡਿਸਕੋ, ਪੌਪ ਅਤੇ ਵੈਸਟਰਨ ਤਾਲਾਂ ਨੂੰ ਭਾਰਤੀ ਰੰਗਤ ਵਿੱਚ ਰੰਗਣ ਵਿੱਚ ਗਾ ਕੇ ਨੌਜਵਾਨ ਪੀੜ੍ਹੀ ਦੇ ਦਿਲਾਂ ਨੂੰ ਟੁੰਬਿਆ। ਭਾਰਤੀ ਸੰਗੀਤ ਸੁਣਨ ਵਾਲਾ ਹਰ ਵਿਅਕਤੀ ਸਦਾ ਹੀ ਉਨ੍ਹਾਂ ਦੀ ਇਸ ਅਣਮੁੱਲੀ ਵਿਰਾਸਤ ਤੋਂ ਪ੍ਰਭਾਵਿਤ ਰਹੇਗਾ। ਆਸ਼ਾ ਭੌਸਲੇ ਨੇ ਆਪਣੀ ਲਗਨ ਨਾਲ ਇਹ ਸਾਬਤ ਕਰ ਦਿੱਤਾ ਹੈ ਕਿ ਸਖ਼ਤ ਤਪੱਸਿਆ ਨਾਲ ਕੋਈ ਵੀ ਵਿਅਕਤੀ ਸੰਘਰਸ਼ ਤੋਂ ਪਾਰ ਜਾ ਕੇ ਆਪਣੀ ਵਿਲੱਖਣ ਪਛਾਣ ਬਣਾ ਸਕਦਾ ਹੈ ਅਤੇ ਸਦਾ ਲਈ ਲੋਕਾਂ ਦੇ ਦਿਲਾਂ ਵਿੱਚ ਅਮਰ ਹੋ ਸਕਦਾ ਹੈ।

ਕੇ.ਕੇ. ਰੱਤੂ

ਭਾਰਤੀ ਫ਼ਿਲਮਾਂ ਦੇ ਸੰਗੀਤ ਜਗਤ ਦੀ ਇੱਕ ਰੋਮਾਨੀ ਆਵਾਜ਼ ਹੁਣ ਇਸ ਦੁਨੀਆ ਵਿੱਚ ਨਹੀਂ ਰਹੀ। ਆਪਣੀ ਮਿੱਠੀ ਆਵਾਜ਼ ਨਾਲ ਕਰੋੜਾਂ ਲੋਕਾਂ ਦੀ ਰੂਹ ਨੂੰ ਛੂਹਣ ਵਾਲੀ ਆਸ਼ਾ ਭੌਸਲੇ, ਜਿਸ ਨੂੰ ਸਾਰੇ ਪਿਆਰ ਨਾਲ ਆਸ਼ਾ ਤਾਈ ਵੀ ਆਖਦੇ ਸਨ, ਦੀ ਮੌਤ ਸੁਰਾਂ ਦੀ ਦੁਨੀਆ ਵਿੱਚ ਇੱਕ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਹੈ। ਆਸ਼ਾ ਭੌਸਲੇ ਉਹ ਸ਼ਖ਼ਸੀਅਤ ਸੀ, ਜਿਸ ਨੇ ਭਾਰਤੀ ਸੰਗੀਤ ਦੇ ਇਤਿਹਾਸ ’ਚ ਨਵਾਂ ਮੁਕਾਮ ਹਾਸਿਲ ਕੀਤਾ। ਆਸ਼ਾ ਭੌਸਲੇ ਨੇ 92 ਸਾਲ ਦੀ ਉਮਰ ਭੋਗੀ ਤੇ ਇਸ ਸਫ਼ਰ ਦਾ ਵੱਡਾ ਹਿੱਸਾ ਲਗਪਗ 80 ਸਾਲ ਸੰਗੀਤ ਨਾਲ ਉਨ੍ਹਾਂ ਦਾ ਗੂੜ੍ਹਾ ਰਿਸ਼ਤਾ ਰਿਹਾ। ਇਸ ਸਫ਼ਰ ਦੌਰਾਨ ਆਸ਼ਾ ਭੌਸਲੇ ਨੇ 24 ਤੋਂ ਵੱਧ ਭਾਸ਼ਾਵਾਂ ਵਿੱਚ ਲਗਪਗ 12 ਹਜ਼ਾਰ ਗੀਤ ਗਾਏ।

ਆਸ਼ਾ ਭੌਸਲੇ ਨੇ ਸੰਗੀਤ ਜਗਤ ਦੀ ਨੁਹਾਰ ਨੂੰ ਜੋ ਰੁਖ਼ ਦਿੱਤਾ ਹੈ, ਉਹ ਇਸ ਦੀ ਵਿਰਾਸਤ ਦਾ ਇੱਕ ਅਣਮੁੱਲਾ ਹਿੱਸਾ ਹੈ। ‘ਢਲ ਗਿਆ ਦਿਨ ਹੋ ਗਈ ਸ਼ਾਮ’ ਤੇ ‘ਕਜਰਾ ਮੁਹੱਬਤ ਵਾਲਾ’ ਵਰਗੇ ਗੀਤ ਅੱਜ ਵੀ ਲੋਕਾਂ ਦੇ ਦਿਲਾਂ ਵਿੱਚ ਵਸੇ ਹੋਏ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਕੰਮ ਵਿੱਚੋਂ ਸਕੂਨ ਮਿਲਦਾ ਹੈ ਤੇ ਇਹ ਸਿਰਫ਼ ਕਰੜੀ ਮਿਹਨਤ ਨਾਲ ਹੀ ਪ੍ਰਾਪਤ ਹੁੰਦਾ ਹੈ। ਉਨ੍ਹਾਂ ਦੀ ਜ਼ਿੰਦਗੀ ਖ਼ੁਦ ਇਸ ਦੀ ਗਵਾਹੀ ਵੀ ਭਰਦੀ ਹੈ। ਉਨ੍ਹਾਂ ਨਾ ਸਿਰਫ਼ ਹਰ ਗੀਤ ਨੂੰ ਪੂਰੀ ਲਗਨ ਨਾਲ ਗਾਇਆ, ਸਗੋਂ ਉਸ ਵਿੱਚ ਪਰੋਏ ਸ਼ਬਦਾਂ ਨੂੰ ਬਣਦੇ ਅਹਿਸਾਸ ਵੀ ਬਖ਼ਸ਼ੇ ਹਨ। ਅੱਜ ਸੰਗੀਤ ਦੀ ਫ਼ਿਜ਼ਾ ਵਿੱਚ ਉਦਾਸੀ ਹੈ। ਆਸ਼ਾ ਭੌਸਲੇ ਦੀ ਆਵਾਜ਼ ਨੇ ਹਰ ਪੀੜ੍ਹੀ ਦੇ ਦਿਲ ਨੂੰ ਟੁੰਬਿਆ ਹੈ ਤੇ ਹਰ ਦਿਲ ਵਿਚਲੇ ਅਹਿਸਾਸ ਨੂੰ ਛੂਹਿਆ ਵੀ ਹੈ। ਗੀਤ ਭਾਵੇਂ ਦਿਲ ਦੀ ਉਦਾਸੀ ਦਾ ਹੋਵੇ, ਮਨ ਦੇ ਚਾਅ ਦਾ, ਪਿਆਰ ਦਾ, ਭਗਤੀ ਦਾ ਜਾਂ ਰਿਸ਼ਤਿਆਂ ਦੀ ਮਿਠਾਸ ਦਾ, ਆਸ਼ਾ ਦੀ ਆਵਾਜ਼ ਨੇ ਹਰ ਸ਼ਬਦ ਨਾਲ ਵਫ਼ਾ ਕਮਾਈ ਹੈ।

ਆਪਣੇ ਗੀਤਾਂ ਸਦਕਾ ਆਸ਼ਾ ਭੌਸਲੇ ਸਦਾ ਹੀ ਸਾਡੀਆਂ ਯਾਦਾਂ ਵਿੱਚ ਤਾਜ਼ਾ ਰਹਿਣਗੇ। 1986 ਵਿੱਚ ਫ਼ਿਲਮ ਇੰਸਟੀਚਿਊਟ ਪੁਣੇ ਵਿੱਚ ਪੜ੍ਹਾਈ ਦੌਰਾਨ ਪਹਿਲੀ ਵਾਰ ਮੈਨੂੰ ਉਨ੍ਹਾਂ ਨਾਲ ਮਿਲਣ ਦਾ ਮੌਕਾ ਮਿਲਿਆ। ਇਸ ਮਗਰੋਂ ਵੀ ਕਈ ਵਾਰ ਮੈਨੂੰ ਇਹ ਸੁਭਾਗ ਪ੍ਰਾਪਤ ਹੋਇਆ। ਉਨ੍ਹਾਂ ਦੀ ਹਰ ਮਿਲਣੀ ਮੈਨੂੰ ਸੰਗੀਤ ਬਾਰੇ ਕੁਝ ਨਵਾਂ ਤੇ ਅਣਮੁੱਲਾ ਦੱਸ ਜਾਂਦੀ। ਅੱਜ ਉਨ੍ਹਾਂ ਦੇ ਤੁਰ ਜਾਣ ਮਗਰੋਂ ਵੀ ਉਨ੍ਹਾਂ ਦੇ ਕਹੇ ਬੋਲ ਸਦਾ ਮੇਰੇ ਚੇਤਿਆਂ ਵਿੱਚ ਵਸੇ ਰਹਿਣਗੇ। ਆਸ਼ਾ ਭੌਸਲੇ ਦਾ ਜਨਮ 8 ਸਤੰਬਰ 1933 ਨੂੰ ਸਾਂਗਲੀ, ਮਹਾਰਾਸ਼ਟਰ ਵਿੱਚ ਹੋਇਆ ਸੀ। ਉਨ੍ਹਾਂ ਦੇ ਪਰਿਵਾਰ ਦੀ ਸੰਗੀਤ ਨਾਲ ਡੂੰਘੀ ਸਾਂਝ ਸੀ। ਪਿਤਾ ਪੰਡਿਤ ਦੀਨਾਨਾਥ ਮੰਗੇਸ਼ਕਰ ਇੱਕ ਮਸ਼ਹੂਰ ਥੀਏਟਰ ਅਦਾਕਾਰ ਅਤੇ ਗਾਇਕ ਸਨ। ਉਨ੍ਹਾਂ ਦੀ ਮਾਂ ਸ਼ੇਵਾਂਤੀ ਗੁਜਰਾਤੀ ਪਰਿਵਾਰ ਦੀ ਧੀ ਸੀ। ਉਨ੍ਹਾਂ ਦੀ ਵੱਡੀ ਭੈਣ ਲਤਾ ਮੰਗੇਸ਼ਕਰ ਵੀ ਸੰਗੀਤ ਜਗਤ ਵਿੱਚ ਸੁਰਾਂ ਦੀ ਰਾਣੀ ਬਣੀ। ਜਦੋਂ ਆਸ਼ਾ ਭੌਸਲੇ 9 ਸਾਲਾਂ ਦੀ ਸੀ ਤਾਂ ਉਨ੍ਹਾਂ ਦੇ ਪਿਤਾ ਦਾ ਦੇਹਾਂਤ ਹੋ ਗਿਆ। ਪਰਿਵਾਰ ਨੂੰ ਆਰਥਿਕ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ ਤੇ ਉਹ ਪਰਿਵਾਰ ਨਾਲ ਪਹਿਲਾਂ ਕੋਹਲਾਪੁਰ ਤੇ ਮਗਰੋਂ ਮੁੰਬਈ ਆ ਗਈ। ਇਥੇ ਦੋਵੇਂ ਭੈਣਾਂ ਨੇ ਪਰਿਵਾਰ ਲਈ ਵਿੱਤੀ ਸਹਾਰਾ ਬਣਦਿਆਂ ਫ਼ਿਲਮਾਂ ਦੇ ਗੀਤਾਂ ਲਈ ਗਾਉਣਾ ਸ਼ੁਰੂ ਕੀਤਾ। ਆਸ਼ਾ ਭੌਸਲੇ ਨੇ 1943 ਵਿੱਚ ਮਰਾਠੀ ਫ਼ਿਲਮ ‘ਮਾਝਾ ਬਾਲ’ ਲਈ ਗੀਤ ‘ਛਲਾ ਛਲਾ ਨਵ ਬਾਲਾ’ ਗਾਇਆ।

ਆਪਣੀ ਭੈਣ ਵਾਂਗ ਆਸ਼ਾ ਭੌਸਲੇ ਨੇ ਵੀ ਕੜੀ ਮਿਹਨਤ ਤੇ ਸੰਗੀਤ ਦੀ ਤਪੱਸਿਆ ਨਾਲ ਆਪਣੇ ਲਈ ਇੱਕ ਮਜ਼ਬੂਤ ਥਾਂ ਬਣਾਈ। ਆਸ਼ਾ ਭੌਸਲੇ ਦੀ ਆਵਾਜ਼ ਹਰ ਮੂਡ ਤੇ ਹਰ ਵੰਨਗੀ ਦੇ ਗੀਤਾਂ ਲਈ ਢੁੱਕਵੀਂ ਲਗਦੀ ਸੀ। ਉਨ੍ਹਾਂ ਫ਼ਿਲਮੀ ਗੀਤ, ਗਜ਼ਲਾਂ, ਭਜਨ, ਲੋਕ ਗੀਤ, ਪੌਪ ਤੇ ਡਿਸਕੋ ਸੰਗੀਤ ਵਿੱਚ ਵੀ ਆਪਣੀ ਡੂੰਘੀ ਛਾਪ ਛੱਡੀ ਤੇ ਭਾਰਤੀ ਸੰਗੀਤ ਨੂੰ ਵਿਸ਼ਵ ਪੱਧਰ ਤੱਕ ਉੱਚਾ ਚੁੱਕਣ ਵਿੱਚ ਇਕ ਅਹਿਮ ਭੂਮਿਕਾ ਅਦਾ ਕੀਤੀ।

ਆਸ਼ਾ ਭੌਸਲੇ ਨੇ ਲਗਪਗ 950 ਤੋਂ ਵੱਧ ਫ਼ਿਲਮਾਂ ਲਈ ਗੀਤ ਗਾ ਕੇ ਗਿੰਨੀਜ਼ ਵਰਲਡ ਰਿਕਾਰਡ ਵਿੱਚ ਸਭ ਤੋਂ ਵੱਧ ਗੀਤ ਗਾਉਣ ਵਾਲੀ ਗਾਇਕਾ ਵਜੋਂ ਆਪਣਾ ਨਾਂਅ ਦਰਜ ਕਰਵਾਇਆ। ਉਨ੍ਹਾਂ ਦੀਆਂ ਮਿੱਠੀਆਂ ਯਾਦਾਂ ਅਤੇ ਗੀਤਾਂ ਦੇ ਮੁਖੜੇ ਅੱਜ ਵੀ ਲੋਕਾਂ ਦੇ ਮਨਾਂ ਵਿੱਚ ਰੁਮਕਦੇ ਹਨ। ‘ਪੀਆ ਤੂ... ਅਬ ਤੋ ਆਜਾ’ (ਕਾਰਵਾਂ) ਦੀ ਆਕਰਸ਼ਕ ਆਵਾਜ਼ ਨੇ ਲੋਕਾਂ ਨੂੰ ਮੰਤਰ-ਮੁਗਧ ਕਰ ਦਿੱਤਾ। ‘ਦਮ ਮਾਰੋ ਦਮ’ (ਹਰੇ ਰਾਮਾ ਹਰੇ ਕ੍ਰਿਸ਼ਨਾ) ਗੀਤ ਵਿੱਚ ਇੱਕ ਵੱਖਰੀ ਊਰਜਾ ਦਾ ਹੁਲਾਰਾ ਸੀ। ‘ਚੁਰਾ ਲੀਆ ਹੈ ਤੁਮਨੇ ਜੋ ਦਿਲ ਕੋ’ (ਯਾਦੋਂ ਕੀ ਬਾਰਾਤ) ਰੁਮਾਂਟਿਕ ਗੀਤਾਂ ਵਿੱਚ ਸਭ ਤੋਂ ਵੱਧ ਪ੍ਰਚੱਲਿਤ ਰਿਹਾ ਗੀਤ ਹੈ। ਇਸ ਦੇ ਨਾਲ ਹੀ ‘ਇਨ ਆਂਖੋਂ ਕੀ ਮਸਤੀ ਕੇ’ ਅਤੇ ‘ਦਿਲ ਚੀਜ਼ ਕਿਆ ਹੈ’ (ਉਮਰਾਓ ਜਾਨ) ਗਾ ਕੇ ਉਨ੍ਹਾਂ ਗਜ਼ਲਾਂ ਨੂੰ ਵੀ ਇੱਕ ਨਵੀਂ ਜਾਨ ਬਖ਼ਸ਼ੀ। ‘ਯੇ ਮੇਰਾ ਦਿਲ’ (ਡੌਨ), ‘ਆਜਾ ਆਜਾ... ਮੈਂ ਹੂੰ ਪਿਆਰ ਤੇਰਾ’ (ਤੀਸਰੀ ਮੰਜ਼ਿਲ) ਅਤੇ ‘ਰਾਤ ਅਕੇਲੀ ਹੈ’ ਵਰਗੇ ਗੀਤ ਅੱਜ ਵੀ ਪਾਰਟੀਆਂ ਤੇ ਜਸ਼ਨਾਂ ਨੂੰ ਜੀਵੰਤ ਬਣਾਉਂਦੇਹਨ। ਉਨ੍ਹਾਂ ਨੇ ਓ ਪੀ ਨਈਅਰ, ਐੱਸ ਡੀ ਬਰਮਨ, ਆਰ ਡੀ ਬਰਮਨ, ਖਯਾਮ ਅਤੇ ਬੱਪੀ ਲਾਹਿਰੀ ਵਰਗੇ ਮਹਾਨ ਸੰਗੀਤਕਾਰਾਂ ਨਾਲ ਕੰਮ ਕੀਤਾ ਅਤੇ ਹਰ ਇੱਕ ਨਾਲ ਗੀਤਾਂ ਦਾ ਇੱਕ ਵਿਲੱਖਣ ਰੰਗ ਪੇਸ਼ ਕੀਤਾ। ਆਸ਼ਾ ਭੌਸਲੇ ਨੇ ਆਪਣੀ ਸਖ਼ਤ ਮਿਹਨਤ ਨਾਲ ਜੀਵਨ ਦੇ ਸੰਘਰਸ਼ ਵਿੱਚੋਂ ਉਪਲੱਬਧੀਆਂ ਦਾ ਰਾਹ ਬਣਾਇਆ। ਉਨ੍ਹਾਂ ਨੂੰ ਕਈ ਫ਼ਿਲਮਫ਼ੇਅਰ ਐਵਾਰਡ, ਨੈਸ਼ਨਲ ਫ਼ਿਲਮ ਐਵਾਰਡਜ਼ 2008 ’ਚ ਪਦਮ ਵਿਭੂਸ਼ਣ ਅਤੇ 2000 ’ਚ ਦਾਦਾ ਸਾਹਿਬ ਫ਼ਾਲਕੇ ਐਵਾਰਡ ਵਰਗੇ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੀ ਵਿਦਾਈ ਨਾਲ ਭਾਰਤੀ ਸੁਰ ਸੰਗੀਤ ਤੇ ਫ਼ਿਲਮੀ ਦੁਨੀਆ ਦੀ ਇੱਕ ਦਮਦਾਰ ਆਵਾਜ਼ ਸਦਾ ਲਈ ਖ਼ਾਮੋਸ਼ ਹੋ ਗਈ ਹੈ ਪਰ ਉਨ੍ਹਾਂ ਦੀ ਵਿਰਾਸਤ ਸਦਾ ਅਮਰ ਰਹੇਗੀ। ਆਸ਼ਾ ਤਾਈ ਦੀ ਆਵਾਜ਼ ਆਉਣ ਵਾਲੇ ਲੰਬੇ ਸਮੇਂ ਤੱਕ ਸਾਡੇ ਚੇਤਿਆਂ ਵਿੱਚ ਇਸੇ ਤਰ੍ਹਾਂ ਗੂੰਜਦੀ ਰਹੇਗੀ।

ਆਸ਼ਾ ਭੌਸਲੇ ਦੀ ਸ਼ਖ਼ਸੀਅਤ ਐਸੀ ਸੀ ਕਿ ਉਨ੍ਹਾਂ ਨਾਲ ਬਿਤਾਏ ਕੁਝ ਪਲ ਵੀ ਤੁਹਾਨੂੰ ਉਨ੍ਹਾਂ ਦੀ ਡੂੰਘੀ ਤੇ ਗੰਭੀਰ ਸੋਚ ਨਾਲ ਵਾਕਫ਼ ਕਰਵਾਉਂਦੇ ਸਨ। ਇਸ ਦੇ ਨਾਲ ਹੀ ਉਨ੍ਹਾਂ ਵਿੱਚ ਹਾਲੇ ਵੀ ਉਹੀ ਚਹਿਕ ਸੀ, ਜੋ ਅਣਭੋਲ ਉਮਰ ਦੇ ਬੱਚਿਆਂ ਵਿੱਚ ਹੁੰਦੀ ਹੈ। ਉਨ੍ਹਾਂ ਦੀ ਆਵਾਜ਼ ਜਿੰਨੀ ਮਿੱਠੀ ਸੀ ਸੁਭਾਅ ਓਨਾ ਹੀ ਮਿਲਾਪੜਾ। ਐਸੀ ਸ਼ਖ਼ਸੀਅਤ ਦਾ ਇਸ ਜਹਾਨ ਤੋਂ ਰੁਖ਼ਸਤ ਹੋਣਾ ਸਰੋਤਿਆਂ ਲਈ ਅਸਿਹ ਦੁੱਖ ਵਾਲਾ ਅਨੁਭਵ ਹੈ। ਫ਼ਿਰ ਵੀ ਆਸ਼ਾ ਤਾਈ ਸਦਾ ਹੀ ਸਾਡੀਆਂ ਯਾਦਾਂ ਵਿੱਚ ਜਿਊਂਦੀ ਰਹੇਗੀ।

ਵਿਹਲੇ ਪਏ ਪੰਜਾਬੀ ਸਿਨੇਮਿਆਂ ’ਚ ਰੌਣਕਾਂ ਲੱਗਣ ਲੱਗੀਆਂ

ਡਾ. ਸੁਖਦਰਸ਼ਨ ਸਿੰਘ

ਪਿਛਲੇ ਕੁਝ ਸਾਲਾਂ ਤੋਂ ਪੰਜਾਬੀ ਫ਼ਿਲਮਾਂ ਵੱਡੀ ਗਿਣਤੀ ’ਚ ਬਣ ਰਹੀਆਂ ਹਨ, ਪਰ ਪਿਛਲੇ ਦੋ ਕੁ ਸਾਲਾਂ ਤੋਂ ਪੰਜਾਬੀ ਸਿਨੇਮਾ ਫ਼ਿਲਮਾਂ ਦੀ ਗਿਣਤੀ ਪੱਖੋਂ ਤਾਂ ਉਚਾਣ ਵੱਲ ਜਾ ਰਿਹਾ ਹੈ, ਪਰ ਸਫ਼ਲਤਾ ਪੱਖੋਂ ਨਿਵਾਣ ਵੱਲ ਰੁੜ੍ਹ ਰਿਹਾ ਸੀ। ਸਫ਼ਲਤਾ ਦੇ ਸੋਕੇ ਵਾਲੇ ਇਸ ਦੌਰ ਵਿੱਚ ਪਿਛਲੇ ਹਫ਼ਤੇ ਰਿਲੀਜ਼ ਹੋਈ ਫ਼ਿਲਮ ‘ਰੱਬ ਦਾ ਰੇਡੀਓ-3’ ਇੱਕ ਠੰਢੀ ਹਵਾ ਦੇ ਬੁੱਲੇ ਵਾਂਗ ਆਈ ਹੈ। ਇਸ ਨੇ ਪੰਜਾਬੀ ਫ਼ਿਲਮਾਂ ਤੋਂ ਉਚਾਟ ਹੋ ਚੁੱਕੇ ਦਰਸ਼ਕਾਂ ਨੂੰ ਮੁੜ ਸਿਨੇਮਿਆਂ ਵੱਲ ਲਿਆਉਣ ਲਈ ਵੱਡਾ ਹੰਭਲਾ ਮਾਰਿਆ ਹੈ। ਇਸ ਹੰਭਲੇ ਪਿੱਛੇ ਫ਼ਿਲਮ ਦਾ ਹਰ ਪੱਖੋਂ ਮਿਆਰੀ ਅਤੇ ਪੰਜਾਬੀਅਤ ਦੀ ਸਾਫ਼-ਸੁਥਰੀ ਤਸਵੀਰ ਪੇਸ਼ ਕਰਨਾ ਹੈ।

ਇਸ ਫ਼ਿਲਮ ਦੀ ਸਭ ਤੋਂ ਵੱਡੀ ਖ਼ਾਸੀਅਤ ਇਸ ਦੇ ਵਿਸ਼ਾ ਪੱਖ ਤੋਂ ਹੈ। ਇਸ ਫ਼ਿਲਮ ਰਾਹੀਂ ਪੰਜਾਬ ਵਿੱਚ ਫ਼ੋਕੀ ਚੌਧਰ ਕਾਰਨ ਖ਼ਤਮ ਹੋ ਰਹੇ ਭਾਈਚਾਰੇ ਅਤੇ ਜ਼ਮੀਨਾਂ-ਜਾਇਦਾਦਾਂ ਨੂੰ ਲੈ ਕੇ ਟੁੱਟ ਰਹੇ ਪਰਿਵਾਰਾਂ ਦੀ ਸੱਚੀ-ਸੁੱਚੀ ਤਸਵੀਰ ਪੇਸ਼ ਕੀਤੀ ਹੈ। ਇਸ ਤਰ੍ਹਾਂ ਦੇ ਵਿਸ਼ੇ ਨੂੰ ਹੱਥ ਪਾਉਣ ਦੀ ਅਜੇ ਤੱਕ ਹੋਰਨਾਂ ਪੰਜਾਬੀ ਫ਼ਿਲਮਸਾਜ਼ਾਂ ਨੇ ਜਹਿਮਤ ਹੀ ਨਹੀਂ ਕੀਤੀ। ਸਗੋਂ ਜ਼ਿਆਦਾਤਰ ਪੰਜਾਬੀ ਫ਼ਿਲਮਸਾਜ਼ ਕਾਮੇਡੀ ਦੇ ਨਾਮ ’ਤੇ ਪੰਜਾਬੀਅਤ ਅਤੇ ਪੰਜਾਬੀ ਸੱਭਿਆਚਾਰ ਦਾ ਮਜ਼ਾਕ ਉਡਾਉਣ ’ਤੇ ਤੁਲੇ ਹੋਏ ਹਨ। ‘ਰੱਬ ਦਾ ਰੇਡੀਓ-3’ ਦੇ ਨਿਰਦੇਸ਼ਕ ਹੈਰੀ ਭੱਟੀ ਅਤੇ ਨਾਇਕ ਤਰਸੇਮ ਜੱਸੜ ਦੀ ਟੀਮ ਨੇ ਆਪਣੀ ਇਸ ਫ਼ਿਲਮ ਰਾਹੀਂ ਵੀ ਆਪਣੇ ਮਿਆਰ ਨੂੰ ਕਾਇਮ ਰੱਖਿਆ ਹੈ। ਫ਼ਿਲਮ ਰਾਹੀਂ ਪੰਜਾਬ ’ਚ ਵਿਛ ਰਹੇ ਸੜਕਾਂ ਦੇ ਜਾਲ ਕਾਰਨ ਉਤਪੰਨ ਹੋ ਰਹੀਆਂ ਸਮਾਜਿਕ ਤੇ ਪਰਿਵਾਰਕ ਪ੍ਰਸਥਿਤੀਆਂ ਦੀ ਬੜੀ ਸੋਹਣੀ ਤਸਵੀਰ ਖਿੱਚੀ ਹੈ ਅਤੇ ਪੰਜਾਬੀਆਂ ਨੂੰ ਸੁਚੇਤ ਕੀਤਾ ਹੈ ਕਿ ਭਾਈਚਾਰੇ ਅਤੇ ਪਰਿਵਾਰਾਂ ਦੀ ਥਾਂ ਜ਼ਮੀਨਾਂ-ਜਾਇਦਾਦਾਂ ਨਹੀਂ ਲੈ ਸਕਦੀਆਂ। ਹੋਰਨਾਂ ਪੰਜਾਬੀ ਫ਼ਿਲਮਸਾਜ਼ਾਂ ਨੂੰ ਇਸ ਫ਼ਿਲਮ ਦੇ ਵਿਸ਼ੇ ਅਤੇ ਕਹਾਣੀ ਤੋਂ ਪ੍ਰੇਰਨਾ ਲੈ ਕੇ ਅਜਿਹੀਆਂ ਮਿਆਰੀ ਫ਼ਿਲਮਾਂ ਦੀ ਸਿਰਜਣਾ ਕਰਨੀ ਚਾਹੀਦੀ ਹੈ।

ਫ਼ਿਲਮ ਦਾ ਦੂਸਰਾ ਅਹਿਮ ਪੱਖ ਹੈ ਫ਼ਿਲਮ ਦੀ ਕਹਾਣੀ ਤੇ ਨਿਰਦੇਸ਼ਨ। ਜਸ ਗਰੇਵਾਲ ਦੁਆਰਾ ਲਿਖੀ ਇਸ ਖ਼ੂਬਸੂਰਤ ਫ਼ਿਲਮ ਦੇ ਨਿਰਦੇਸ਼ਨ ਦੀ ਜ਼ਿੰਮੇਵਾਰੀ ਹੈਰੀ ਭੱਟੀ ਨੇ ਬਾਖ਼ੂਬੀ ਨਿਭਾਈ ਹੈ। ਫ਼ਿਲਮ ਵਿੱਚ ਇੱਕ ਵੀ ਫ਼ਾਲਤੂ ਦ੍ਰਿਸ਼ ਨਹੀਂ ਅਤੇ ਨਾ ਹੀ ਫ਼ਿਲਮ ਕਿਧਰੇ ਵੀ ਨਿਵਾਣ ਵੱਲ ਜਾਂਦੀ ਹੈ ਭਾਵ ਅਕਾਊ ਹੁੰਦੀ ਹੈ। ਫ਼ਿਲਮ ਜਿਸ ਪੱਧਰ ਤੋਂ ਸ਼ੁਰੂ ਹੁੰਦੀ ਹੈ, ਉਸ ਨੂੰ ਅਖ਼ੀਰ ਤੱਕ ਬਰਕਰਾਰ ਰੱਖਦੀ ਹੈ। ਫ਼ਿਲਮ ਦੀਆਂ ਲੋਕੇਸ਼ਨਾਂ, ਪੁਸ਼ਾਕਾਂ, ਫ਼ਿਲਮ ਦੀ ਕਹਾਣੀ ਦੇ ਪੂਰੀ ਤਰ੍ਹਾਂ ਅਨੁਕੂਲ ਹਨ। ਤਰਸੇਮ ਜੱਸੜ ਜਿਸ ਤਰ੍ਹਾਂ ਦਾ ਟਰੈਂਡ ਸਿਰਜਕ ਗਾਇਕ /ਸ਼ਖ਼ਸ ਹੈ, ਉਸ ਦਾ ਪ੍ਰਭਾਵ ਫ਼ਿਲਮ ’ਚ ਪੂਰੀ ਤਰ੍ਹਾਂ ਝਲਕਦਾ ਹੈ। ਇਸ ਤੋਂ ਇਲਾਵਾ ਕਿਰਦਾਰਾਂ ਅਨੁਸਾਰ ਭਾਸ਼ਾ ਵਰਤੀ ਗਈ ਹੈ ਅਤੇ ਅਸੱਭਿਅਕ ਭਾਸ਼ਾ ਬੋਲਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ।

ਫ਼ਿਲਮ ’ਚ ਪੰਜਾਬੀਆਂ ਦੇ ਅਣਖੀ ਅਤੇ ਨਿਮਰ ਸੁਭਾਅ ਦੀ ਪੂਰੀ ਝਲਕ ਮਿਲਦੀ ਹੈ। ਇਸ ਦੇ ਨਾਲ ਹੀ ਪੰਜਾਬੀ ਰਸਮਾਂ-ਰਵਾਇਤਾਂ ਨੂੰ ਬਹੁਤ ਸੂਖ਼ਮ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਨਿਰਦੇਸ਼ਕ ਨੇ ਹਰ ਕਿਰਦਾਰ ਨੂੰ ਪੂਰੀ ਤਰ੍ਹਾਂ ਸਥਾਪਤ ਕੀਤਾ ਹੈ ਅਤੇ ਹਰ ਇੱਕ ਸਹਿ ਅਦਾਕਾਰ ਨੇ ਆਪਣੀ ਵਿਲੱਖਣ ਪਛਾਣ ਬਣਾਈ ਹੈ। ਫ਼ਿਲਮ ਦੇ ਨਾਇਕ ਤਰਸੇਮ ਜੱਸੜ, ਨਾਇਕਾ ਨਿਮਰਤ ਖਹਿਰਾ, ਸਹਿ ਨਾਇਕ ਨਵਦੀਪ ਕਲੇਰ ਅਤੇ ਰੌਣਕ ਜੋਸ਼ੀ ਤੋਂ ਇਲਾਵਾ ਸਾਰੇ ਸਹਿਯੋਗੀ ਕਲਾਕਾਰਾਂ ਨੇ ਵੀ ਆਪਣੇ ਕਿਰਦਾਰਾਂ ਨਾਲ ਨਿਆਂ ਹੀ ਨਹੀਂ ਕੀਤਾ ਸਗੋਂ ਯਾਦਗਾਰੀ ਬਣਾਇਆ ਹੈ। ਜਤਿੰਦਰ ਜੀਤੂ, ਨਿਰਮਲ ਰਿਸ਼ੀ, ਗੁਰਪ੍ਰੀਤ ਭੰਗੂ, ਸੀਮਾ ਕੌਸ਼ਲ, ਸੁਨੀਤਾ ਧੀਰ, ਸਤਵੰਤ ਕੌਰ, ਰੁਪਿੰਦਰ ਰੂਪੀ, ਮਲਕੀਤ ਰੌਣੀ, ਤਰਸੇਮ ਪਾਲ, ਸ਼ਿਵੰਦਰ ਮਾਹਲ, ਸੁੱਖੀ ਚਾਹਲ, ਪ੍ਰਕਾਸ਼ ਗਾਧੂ, ਸਰਦਾਰ ਸੋਹੀ, ਗੁਰਮੀਤ ਸਾਜਨ, ਬਨਿੰਦਰ ਬਨੀ, ਪਵਨ ਜੌਹਲ, ਜੱਸੀ ਜਸਪ੍ਰੀਤ, ਵਿਕਾਸ, ਮਨਜੀਤ ਸਿੰਘ ਆਦਿ ਨੇ ਆਪੋ-ਆਪਣੇ ਕਿਰਦਾਰਾਂ ਨੂੰ ਬਾਖ਼ੂਬੀ ਨਿਭਾਇਆ। ਇਹ ਫ਼ਿਲਮ ਪੰਜਾਬੀ ਫ਼ਿਲਮਾਂ ਦੇ ਬਹੁਤ ਸਾਰੇ ਸਹਿਯੋਗੀ ਕਲਾਕਾਰਾਂ ਦੀ ਪਛਾਣ ਹੋਰ ਗੂੜ੍ਹੀ ਕਰੇਗੀ।

ਗੀਤ-ਸੰਗੀਤ ਪੱਖੋਂ ਵੀ ਫ਼ਿਲਮ ਕਾਬਿਲੇ-ਤਾਰੀਫ਼ ਹੈ ਕਿਉਂਕਿ ‘ਰੱਬ ਦਾ ਰੇਡੀਓ-3’ ’ਚ ਕਹਾਣੀ ਦੀ ਲੋੜ ਅਨੁਸਾਰ ਸਾਫ਼-ਸੁਥਰੇ ਗੀਤ ਸ਼ਾਮਲ ਕੀਤੇ ਗਏ ਹਨ ਨਾ ਕਿ ਹੋਰਨਾਂ ਫ਼ਿਲਮਾਂ ਵਾਂਗ ਠੋਸੇ ਗਏ ਹਨ। ਸਮੁੱਚੇ ਰੂਪ ’ਚ ਇਹ ਫ਼ਿਲਮ ਘਾਟੇ ’ਚ ਚੱਲ ਰਹੀ ਪੰਜਾਬੀ ਫ਼ਿਲਮ ਸਨਅਤ ਨੂੰ ਨਵਾਂ ਹੁਲਾਰਾ ਦੇਣ ਦੇ ਸਮਰੱਥ ਹੈ। ਇਸ ਦੇ ਨਾਲ ਹੀ ਇਹ ਫ਼ਿਲਮ ਹੋਰਨਾਂ ਫ਼ਿਲਮਸਾਜ਼ਾਂ ਨੂੰ ਇਹ ਰਸਤਾ ਵੀ ਦਿਖਾਉਂਦੀਹੈ ਕਿ ਪੰਜਾਬੀ ਫ਼ਿਲਮਾਂ ਲਈ ਕਿਹੋ-ਜਿਹੇ ਵਿਸ਼ਿਆਂ ਦੀ ਚੋਣ ਕੀਤੀ ਜਾਵੇ ਅਤੇ ਇਨ੍ਹਾਂ ਨੂੰ ਪੇਸ਼ ਕਰਨ ਲਈ ਕਿੰਨੀ ਮਿਹਨਤ ਕਰਨ ਦੀ ਲੋੜ ਹੈ। ਅਖ਼ੀਰ ’ਚ ਕਹਿ ਸਕਦੇ ਹਾਂ ਕਿ ‘ਵਿਹਲੀ ਜਨਤਾ’ ਪ੍ਰੋਡਕਸ਼ਨ ਦੀ ਇਹ ਫ਼ਿਲਮ ਵਿਹਲੇ ਪਏ ਪੰਜਾਬੀ ਸਿਨੇਮਿਆਂ ’ਚ ਰੌਣਕਾਂ ਪਰਤਾਉਣ ਲਈ ਸਹਾਈ ਸਿੱਧ ਹੋਵੇਗੀ।

ਭਾਰਤੀ ਭਾਈਚਾਰਾ ਸਾਡੇ ਸਮਾਜ ਦਾ ਅਹਿਮ ਹਿੱਸਾ

ਤਾਂ ਹੀ ਪੁਲਿਸ ਦਖਲ ਦਿੰਦੀ ਹੈ।ਨਿਊਜ਼ੀਲੈਂਡ ਵਰਗੇ ਦੇਸ਼ਾਂ ਵਿੱਚ ਪ੍ਰਧਾਨ ਮੰਤਰੀ ਸਿੱਧੇ ਤੌਰ 'ਤੇ ਪੁਲਿਸ ਜਾਂ ਅਦਾਲਤ ਨੂੰ ਇਹ ਹੁਕਮ ਨਹੀਂ ਦੇ ਸਕਦਾ ਕਿ ਕਿਸੇ ਦਾ ਵਿਰੋਧ ਪ੍ਰਦਰਸ਼ਨ ਰੋਕ ਦਿੱਤਾ ਜਾਵੇ। ਜੇਕਰ ਸਰਕਾਰ ਅਜਿਹਾ ਕਰਦੀ ਹੈ, ਤਾਂ ਇਸ ਨੂੰ 'ਲੋਕਤੰਤਰੀ ਹੱਕਾਂ ਦਾ ਘਾਣ' ਮੰਨਿਆ ਜਾਂਦਾ ਹੈ, ਜਿਸ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਜਾ ਸਕਦੀ ਹੈ। ?ਨਿਊਜ਼ੀਲੈਂਡ ਸਰਕਾਰ ਉਦੋਂ ਤੱਕ ਦਖਲ ਨਹੀਂ ਦਿੰਦੀ ਜਦੋਂ ਤੱਕ ਕੋਈ ਕਾਨੂੰਨ ਭੰਗ ਨਾ ਹੋਵੇ। ?ਸਿੱਖ ਭਾਈਚਾਰਾ ਅਜਿਹੇ ਮੌਕਿਆਂ 'ਤੇ ਹਿਊਮਨਰਾਈਟਸ ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਵਾ ਸਕਦਾ ਹੈ ਜੇਕਰ ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

***

ਜੇ ਜੰਗ ਅੱਜ ਵੀ ਰੁਕ ਜਾਵੇ, ਰੋਜ਼ਾਨਾ 1.2 ਕਰੋੜ ਬੈਰਲ ਉਤਪਾਦਨ ਪ੍ਰਭਾਵਿਤ

ਮਾਹਿਰਾਂ ਅਨੁਸਾਰ ਮਿਡਲ ਈਸਟ ਵਿੱਚ ਰੋਜ਼ਾਨਾ 1.2 ਕਰੋੜ ਬੈਰਲ ਕੱਚੇ ਤੇਲ ਦਾ ਉਤਪਾਦਨ ਰੁਕ ਗਿਆ ਹੈ। ਤੇਲ ਦੇ ਖੂਹਾਂ ਨੂੰ ਦੁਬਾਰਾ ਚਾਲੂ ਕਰਨਾ ਅਤੇ ਨੁਕਸਾਨੀਆਂ ਪਾਈਪਲਾਈਨਾਂ ਨੂੰ ਠੀਕ ਕਰਨਾ ਇੱਕ ਲੰਬੀ ਅਤੇ ਜਟਿਲ ਪ੍ਰਕਿਰਿਆ ਹੈ, ਜਿਸ ਕਾਰਨ ਸਪਲਾਈ ਚੇਨ ਲੰਬੇ ਸਮੇਂ ਤੱਕ ਪ੍ਰਭਾਵਿਤ ਰਹੇਗੀ।

ਭਾਰਤ 'ਤੇ ਪੈਣ ਵਾਲਾ ਤਿੱਖਾ ਅਸਰ

ਇਹ ਜੰਗ ਸਿਰਫ਼ ਪੈਟਰੋਲ-ਡੀਜ਼ਲ ਤੱਕ ਸੀਮਤ ਨਹੀਂ ਹੈ, ਇਸ ਦਾ ਅਸਰ ਭਾਰਤੀ ਰਸੋਈ ਅਤੇ ਖੇਤੀ 'ਤੇ ਵੀ ਪਵੇਗਾ:

ਯੂਰੀਆ ਦੀਆਂ ਕੀਮਤਾਂ ਵਿੱਚ 65% ਅਤੇ ਅਮੋਨੀਆ ਵਿੱਚ 40% ਦਾ ਵਾਧਾ ਹੋਇਆ ਹੈ। ਭਾਰਤ ਆਪਣੀ 40% ਖਾਦ ਲਈ ਇਸੇ ਖੇਤਰ 'ਤੇ ਨਿਰਭਰ ਹੈ।

ਖਾਦਾਂ ਦੀ ਕੀਮਤ ਵਧਣ ਨਾਲ ਖਾਣ-ਪੀਣ ਦੀਆਂ ਵਸਤਾਂ ਮਹਿੰਗੀਆਂ ਹੋਣਗੀਆਂ।

ਖਾੜੀ ਦੇਸ਼ਾਂ ਵਿੱਚ ਰਹਿ ਰਹੇ 2 ਕਰੋੜ ਤੋਂ ਵੱਧ ਏਸ਼ੀਆਈ (ਭਾਰਤੀ, ਨੇਪਾਲੀ, ਬੰਗਲਾਦੇਸ਼ੀ) ਸਿੱਧੇ ਖ਼ਤਰੇ ਵਿੱਚ ਹਨ। ਵਿਦੇਸ਼ਾਂ ਤੋਂ ਆਉਣ ਵਾਲੇ ਪੈਸੇ ਵਿੱਚ 5% ਦੀ ਗਿਰਾਵਟ ਆ ਸਕਦੀ ਹੈ, ਜੋ ਭਾਰਤ ਦੀ ਜੀਡੀਪੀ ਨੂੰ ਪ੍ਰਭਾਵਿਤ ਕਰੇਗੀ।

ਇਹ ਜੰਗ ਸਿਰਫ਼ ਦੋ ਦੇਸ਼ਾਂ ਦੀ ਲੜਾਈ ਨਹੀਂ ਰਹੀ, ਸਗੋਂ ਇਹ ਇੱਕ ਵਿਸ਼ਵਵਿਆਪੀ ਮਾਨਵਤਾਵਾਦੀ ਅਤੇ ਆਰਥਿਕ ਸੰਕਟ ਬਣ ਗਈ ਹੈ, ਜਿਸ ਦੇ ਜ਼ਖ਼ਮ ਭਰਨ ਵਿੱਚ ਅਗਲੇ ਕਈ ਸਾਲ ਲੱਗਣਗੇ। ਤੇਲ ਦੀਆਂ ਵਧਦੀਆਂ ਕੀਮਤਾਂ ਕਾਰਨ ਕਈ ਦੇਸ਼ਾਂ ਨੂੰ ਆਪਣੇ ਐਮਰਜੈਂਸੀ ਸਟਾਕ ਕੱਢਣੇ ਪਏ ਹਨ। ਜੇਕਰ ਸਪਲਾਈ ਚੇਨ ਬਹਾਲ ਨਾ ਹੋਈ ਤਾਂ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਵਧਣਗੀਆਂ। ਬਿਜਲੀ ਅਤੇ ਉਤਪਾਦਨ ਲਾਗਤ ਵਧਣ ਨਾਲ ਮਹਿੰਗਾਈ ਹੋਰ ਵਧੇਗੀ। ਵਿਸ਼ਵ ਆਰਥਿਕ ਮੰਦੀ ਦਾ ਖ਼ਤਰਾ ਹੋਰ ਗੰਭੀਰ ਹੋ ਜਾਵੇਗਾ।

***

ਇਰਾਨ-ਅਮਰੀਕਾ ਜੰਗ:

ਜੇਕਰ ਹੇਗਸੇਥ ਨੂੰ ਹਟਾਇਆ ਜਾਂਦਾ ਹੈ, ਤਾਂ ਇਹ ਟਰੰਪ ਦੀ ਰਣਨੀਤੀ ਲਈ ਇੱਕ ਵੱਡੀ ਹਾਰ ਹੋਵੇਗੀ। ਹਾਲਾਂਕਿ, ਸੰਸਦ (ਕਾਂਗਰਸ) ਵਿੱਚ ਰਿਪਬਲਿਕਨ ਪਾਰਟੀ ਦੇ ਬਹੁਮਤ ਕਾਰਨ ਇਸ ਪ੍ਰਸਤਾਵ ਦਾ ਪਾਸ ਹੋਣਾ ਮੁਸ਼ਕਿਲ ਹੈ, ਪਰ ਇਹ ਸਰਕਾਰ ਦੀ ਸਾਖ ਨੂੰ ਨੁਕਸਾਨ ਪਹੁੰਚਾ ਰਿਹਾ ਹੈ।

ਹਾਲ ਹੀ ਦੇ ਸਰਵੇਖਣਾਂ (ਮਾਰਚ-ਅਪ੍ਰੈਲ 2026) ਅਨੁਸਾਰ:ਲਗਭਗ 56% ਤੋਂ 61% ਅਮਰੀਕੀ ਜਨਤਾ ਇਰਾਨ ਵਿਰੁੱਧ ਸੈਨਿਕ ਕਾਰਵਾਈ ਤੋਂ ਖੁਸ਼ ਨਹੀਂ ਹੈ। ਲੋਕਾਂ ਨੂੰ ਲੱਗਦਾ ਹੈ ਕਿ ਇਸ ਜੰਗ ਨੇ ਅਮਰੀਕਾ ਨੂੰ ਸੁਰੱਖਿਅਤ ਬਣਾਉਣ ਦੀ ਬਜਾਏ ਹੋਰ ਖ਼ਤਰੇ ਵਿੱਚ ਪਾ ਦਿੱਤਾ ਹੈ। ਕੁਝ ਅਜਿਹੇ ਵੋਟਰ ਜਿਨ੍ਹਾਂ ਨੇ 2024 ਵਿੱਚ ਟਰੰਪ ਨੂੰ ਵੋਟ ਦਿੱਤੀ ਸੀ, ਹੁਣ ਆਪਣੇ ਫੈਸਲੇ 'ਤੇ ਪਛਤਾਵਾ ਕਰ ਰਹੇ ਹਨ।

* ਜੰਗ ਕਾਰਨ ਤੇਲ ਦੀਆਂ ਕੀਮਤਾਂ / 100 ਪ੍ਰਤੀ ਬੈਰਲ ਤੱਕ ਪਹੁੰਚ ਰਹੀਆਂ ਹਨ। ਜੇਕਰ ਅਮਰੀਕਾ ਵਿੱਚ ਗੈਸ ਅਤੇ ਰੋਜ਼ਾਨਾ ਦੀਆਂ ਵਸਤੂਆਂ ਦੀਆਂ ਕੀਮਤਾਂ ਇਸੇ ਤਰ੍ਹਾਂ ਵਧਦੀਆਂ ਰਹੀਆਂ, ਤਾਂ ਟਰੰਪ ਨੂੰ ਆਪਣੀ ਹੀ ਪਾਰਟੀ ਦੇ ਅੰਦਰੋਂ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

*ਕਈ ਯੂਰਪੀ ਦੇਸ਼ ਅਤੇ ਅਮਰੀਕਾ ਦੇ ਪੁਰਾਣੇ ਸਹਿਯੋਗੀ ਇਸ ਜੰਗ ਕਾਰਨ ਟਰੰਪ ਪ੍ਰਸ਼ਾਸਨ ਤੋਂ ਦੂਰੀ ਬਣਾ ਰਹੇ ਹਨ। ਚੀਨ ਅਤੇ ਰੂਸ ਵਰਗੇ ਦੇਸ਼ ਇਸ ਸਥਿਤੀ ਦਾ ਫਾਇਦਾ ਉਠਾ ਕੇ ਆਪਣਾ ਪ੍ਰਭਾਵ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਟਰੰਪ ਸਰਕਾਰ ਨੂੰ ਸੰਵਿਧਾਨਕ ਤੌਰ 'ਤ ਤੁਰੰਤ ਕੋਈ ਖ਼ਤਰਾ ਨਹੀਂ ਹੈ ਕਿਉਂਕਿ ਉਨ੍ਹਾਂ ਕੋਲ ਸੰਸਦ ਵਿੱਚ ਬਹੁਗਿਣਤੀ ਹੈ। ਪਰ ਰਾਜਨੀਤਿਕ ਤੌਰ 'ਤੇ ਸਰਕਾਰ ਕਾਫੀ ਕਮਜ਼ੋਰ ਹੋਈ ਹੈ। ਜੇਕਰ ਇਰਾਨ ਨਾਲ ਹੋਇਆ ਮੌਜੂਦਾ 'ਸੀਜ਼ਫਾਇਰ' ਫੇਲ੍ਹ ਹੁੰਦਾ ਹੈ ਅਤੇ ਜੰਗ ਦੁਬਾਰਾ ਸ਼ੁਰੂ ਹੁੰਦੀ ਹੈ, ਤਾਂ ਸਰਕਾਰ ਲਈ ਮੁਸ਼ਕਿਲਾਂ ਹੋਰ ਵਧ ਸਕਦੀਆਂ ਹਨ।

***

ਕੀ ਟਰੰਪ ਇਰਾਨ ਨੂੰ ਝੁਕਾ ਸਕਣਗੇ ?

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਟਰੰਪ ਨੇ ਇਰਾਨ ਨੂੰ ਫ਼ੌਜੀ ਤੌਰ 'ਤੇ ਤਾਂ ਕਾਫੀ ਹੱਦ ਤੱਕ ਝੁਕਾ ਦਿੱਤਾ ਹੈ, ਪਰ ਸਿਆਸੀ ਅਤੇ ਆਰਥਿਕ ਤੌਰ 'ਤੇ ਇਰਾਨ ਅਜੇ ਵੀ ਅਮਰੀਕਾ ਲਈ ਇੱਕ ਵੱਡੀ ਸਿਰਦਰਦੀ ਬਣਿਆ ਹੋਇਆ ਹੈ।ਆਉਣ ਵਾਲੇ ਕੁਝ ਦਿਨਾਂ ਵਿੱਚ ਪਾਕਿਸਤਾਨ ਵਿੱਚ ਹੋਣ ਵਾਲੀ 'ਸ਼ਾਂਤੀ ਗੱਲਬਾਤ' ਇਹ ਤੈਅ ਕਰੇਗੀ ਕਿ ਟਰੰਪ ਆਪਣੀ ਗੱਲ ਮਨਵਾ ਸਕਦੇ ਹਨ ਜਾਂ ਨਹੀਂ।

* ਚੀਨ ਦੀ ਮੌਜੂਦਗੀ ਅਮਰੀਕਾ ਲਈ ਇਰਾਨ ਨੂੰ ਪੂਰੀ ਤਰ੍ਹਾਂ 'ਝੁਕਾਉਣ' ਜਾਂ ਆਪਣੀਆਂ ਸ਼ਰਤਾਂ ਮਨਾਉਣ ਵਿੱਚ ਇੱਕ ਬਹੁਤ ਵੱਡੀ ਰੁਕਾਵਟ ਹੈ।

ਚੀਨ, ਇਰਾਨੀ ਤੇਲ ਦਾ ਸਭ ਤੋਂ ਵੱਡਾ ਖਰੀਦਦਾਰ ਹੈ। ਅਮਰੀਕਾ ਵੱਲੋਂ ਲਗਾਈਆਂ ਗਈਆਂ ਸਖ਼ਤ ਪਾਬੰਦੀਆਂ ਦੇ ਬਾਵਜੂਦ, ਚੀਨ ਲਗਾਤਾਰ ਇਰਾਨ ਤੋਂ ਤੇਲ ਖਰੀਦ ਰਿਹਾ ਹੈ।

ਇਹ ਪੈਸਾ ਇਰਾਨੀ ਆਰਥਿਕਤਾ ਨੂੰ ਡਿੱਗਣ ਤੋਂ ਬਚਾਉਂਦਾ ਹੈ, ਜਿਸ ਕਾਰਨ ਇਰਾਨ 'ਤੇ ਅਮਰੀਕੀ ਪਾਬੰਦੀਆਂ ਦਾ ਉਹ ਅਸਰ ਨਹੀਂ ਹੁੰਦਾ ਜੋ ਅਮਰੀਕਾ ਚਾਹੁੰਦਾ ਹੈ।

ਹਾਲੀਆ ਰਿਪੋਰਟਾਂ ਅਨੁਸਾਰ ਚੀਨ ਇਰਾਨ ਨੂੰ ਸਿੱਧੇ ਤੌਰ 'ਤੇ ਜੰਗ ਵਿੱਚ ਸ਼ਾਮਲ ਹੋ ਕੇ ਮਦਦ ਨਹੀਂ ਕਰ ਰਿਹਾ, ਪਰ ਉਹ 'ਦੋਹਰੀ ਵਰਤੋਂ' ਵਾਲੀ ਤਕਨਾਲੋਜੀ ਮੁਹੱਈਆ ਕਰਵਾ ਰਿਹਾ ਹੈ:ਚੀਨ ਤੋਂ ਮਿਜ਼ਾਇਲ ਬਣਾਉਣ ਲਈ ਜ਼ਰੂਰੀ ਕੈਮੀਕਲ ਅਤੇ ਚਿਪਸ ਇਰਾਨ ਪਹੁੰਚ ਰਹੇ ਹਨ। ਇਰਾਨ ਅਮਰੀਕੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਲਈ ਚੀਨ ਦੇ 'ਬੇਈਡੂ' ਨੇਵੀਗੇਸ਼ਨ ਸਿਸਟਮ ਦੀ ਵਰਤੋਂ ਕਰ ਰਿਹਾ ਹੈ। ਖ਼ਬਰਾਂ ਹਨ ਕਿ ਚੀਨ ਤੀਜੇ ਦੇਸ਼ਾਂ ਰਾਹੀਂ ਇਰਾਨ ਨੂੰ ਮੋਢੇ 'ਤੇ ਰੱਖ ਕੇ ਚਲਾਉਣ ਵਾਲੀਆਂ ਮਿਜ਼ਾਈਲਾਂ ਭੇਜਣ ਦੀ ਤਿਆਰੀ ਵਿੱਚ ਹੈ।

ਚੀਨ ਸੰਯੁਕਤ ਰਾਸ਼ਟਰ ਅਤੇ ਹੋਰ ਕੌਮਾਂਤਰੀ ਮੰਚਾਂ 'ਤੇ ਅਮਰੀਕੀ ਕਾਰਵਾਈਆਂ ਦਾ ਵਿਰੋਧ ਕਰਦਾ ਹੈ। ਉਹ ਇਸ ਜੰਗ ਨੂੰ ਅਮਰੀਕੀ ਹਮਲਾਵਰਤਾ ਵਜੋਂ ਪੇਸ਼ ਕਰਕੇ ਦੁਨੀਆ ਦੇ ਹੋਰ ਦੇਸ਼ਾਂ ਨੂੰ ਅਮਰੀਕਾ ਦੇ ਵਿਰੁੱਧ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਚੀਨ ਆਪਣੇ ਆਪ ਨੂੰ ਇੱਕ 'ਸ਼ਾਂਤੀ ਦੂਤ' ਵਜੋਂ ਪੇਸ਼ ਕਰ ਰਿਹਾ ਹੈ, ਜਿਸ ਨਾਲ ਟਰੰਪ ਸਰਕਾਰ 'ਤੇ ਜੰਗ ਰੋਕਣ ਦਾ ਨੈਤਿਕ ਦਬਾਅ ਵਧਦਾ ਹੈ।

ਚੀਨ ਲਈ ਇਰਾਨ ਨੂੰ ਬਚਾਉਣਾ ਉਸ ਦੀ ਆਪਣੀ ਊਰਜਾ ਸੁਰੱਖਿਆ ਲਈ ਜ਼ਰੂਰੀ ਹੈ। ਜੇਕਰ ਟਰੰਪ ਇਰਾਨ ਵਿੱਚ ਸੱਤਾ ਬਦਲ ਦਿੰਦੇ ਹਨ, ਤਾਂ ਚੀਨ ਨੂੰ ਡਰ ਹੈ ਕਿ ਉੱਥੇ ਇੱਕ ਅਮਰੀਕਾ-ਪੱਖੀ ਸਰਕਾਰ ਆ ਜਾਵੇਗੀ, ਜੋ ਚੀਨ ਨੂੰ ਤੇਲ ਦੀ ਸਪਲਾਈ ਰੋਕ ਸਕਦੀ ਹੈ।

ਜਿੰਨਾ ਚਿਰ ਚੀਨ ਇਰਾਨ ਦੇ ਪਿੱਛੇ ਖੜ੍ਹਾ ਹੈ, ਟਰੰਪ ਲਈ ਇਰਾਨ ਨੂੰ 'ਆਤਮ-ਸਮਰਪਣ' ਲਈ ਮਜਬੂਰ ਕਰਨਾ ਲਗਭਗ ਅਸੰਭਵ ਹੈ। ਅਮਰੀਕਾ ਇਰਾਨ ਨੂੰ ਫ਼ੌਜੀ ਤੌਰ 'ਤੇ ਕਮਜ਼ੋਰ ਤਾਂ ਕਰ ਸਕਦਾ ਹੈ, ਪਰ ਚੀਨੀ ਮਦਦ ਕਾਰਨ ਇਰਾਨ ਲੰਬੇ ਸਮੇਂ ਤੱਕ ਜੰਗ ਜਾਰੀ ਰੱਖਣ ਦੇ ਯੋਗ ਰਹੇਗਾ। ਜੇਕਰ ਟਰੰਪ ਚੀਨ 'ਤੇ ਸਖ਼ਤੀ ਕਰਦੇ ਹਨ, ਤਾਂ ਇਹ ਵਿਵਾਦ ਇੱਕ 'ਵਿਸ਼ਵ ਜੰਗ' ਦਾ ਰੂਪ ਲੈ ਸਕਦਾ ਹੈ, ਜਿਸ ਲਈ ਫਿਲਹਾਲ ਅਮਰੀਕੀ ਜਨਤਾ ਤਿਆਰ ਨਹੀਂ ਹੈ।

***

ਕੈਨੇਡਾ ਵਿੱਚ ਸਿੱਖਾਂ ਵਿਰੁੱਧ

ਇਸਲਾਮੋਫੋਬੀਆ ਲਈ ਕੀਤਾ ਗਿਆ ਸੀ। ਰਿਪੋਰਟ ਨੇ ਬਹੁਤ ਹੀ ਬਾਰੀਕੀ ਨਾਲ ਨਫ਼ਰਤ ਦੇ ਤਿੰਨ ਮੁੱਖ ਸਰੋਤਾਂ ਦੀ ਪਛਾਣ ਕੀਤੀ ਹੈ।ਪਹਿਲਾ, ਸਥਾਨਕ ਨਸਲਵਾਦ, ਜੋ ਦਸਤਾਰ ਅਤੇ ਪਛਾਣ ਕਾਰਨ ਪੈਦਾ ਹੁੰਦਾ ਹੈ। ਦੂਜਾ, ਕੈਨੇਡਾ ਦੇ ਆਰਥਿਕ ਹਾਲਾਤ, ਜਿੱਥੇ ਮਹਿੰਗਾਈ ਅਤੇ ਘਰਾਂ ਦੀ ਕਿੱਲਤ ਦਾ ਗੁੱਸਾ ਸਿੱਖਾਂ 'ਤੇ ਕੱਢਿਆ ਜਾ ਰਿਹਾ ਹੈ ,ਕਿਉਂਕਿ ਉਹ ਦੂਰੋਂ ਪਛਾਣੇ ਜਾਂਦੇ ਹਨ। ਤੀਜਾ ਅਤੇ ਸਭ ਤੋਂ ਖ਼ਤਰਨਾਕ ਪਹਿਲੂ ਹੈ ਵਿਦੇਸ਼ੀ ਪ੍ਰਭਾਵ। ਭਾਰਤ ਤੋਂ ਸੋਸ਼ਲ ਮੀਡੀਆ ਰਾਹੀਂ ਫੈਲਾਈ ਜਾ ਰਹੀ ਫਿਰਕੂਆਂ ਵਲੋਂ ਨਫਰਤਅਤੇ ਸਿੱਖਾਂ ਨੂੰ 'ਅੱਤਵਾਦੀ' ਸਿੱਧ ਕਰਨ ਦੀ ਕੋਸ਼ਿਸ਼ ਨੇ ਕੈਨੇਡਾ ਦੀਆਂ ਸੜਕਾਂ 'ਤੇ ਸਿੱਖਾਂ ਲਈ ਖ਼ਤਰਾ ਵਧਾ ਦਿੱਤਾ ਹੈ।

ਇਹ ਰਿਪੋਰਟ ਦੱਸਦੀ ਹੈ ਕਿ ਨਫ਼ਰਤ ਸਿਰਫ਼ ਸਰੀਰਕ ਹਿੰਸਾ ਤੱਕ ਸੀਮਤ ਨਹੀਂ ਹੈ, ਸਗੋਂ ਇਹ 'ਸਿਸਟਮੈਟਿਕ' (ਪ੍ਰਣਾਲੀਗਤ) ਰੂਪ ਧਾਰਨ ਕਰ ਚੁੱਕੀ ਹੈ। ਨੌਕਰੀਆਂ ਵਿੱਚ ਵਿਤਕਰਾ, ਕਿਰਾਏ ਦੇ ਮਕਾਨਾਂ ਵਿੱਚ ਦਿੱਕਤ ਅਤੇ ਸਕੂਲ-ਕਾਲਜਾਂ ਵਿੱਚ ਭੈੜੀਆਂ ਟਿੱਪਣੀਆਂ ਰੋਜ਼ਾਨਾ ਦਾ ਹਿੱਸਾ ਬਣ ਗਈਆਂ ਹਨ। ਖਾਸ ਕਰਕੇ ਸਿੱਖ ਔਰਤਾਂ (97% ਪੀੜਤ ਦਰ) ਅਤੇ ਨੌਜਵਾਨ ਵਿਦਿਆਰਥੀਆਂ ਦਾ ਮਨੋਬਲ ਇਸ ਨਫ਼ਰਤ ਕਾਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ।

ਵਰਲਡ ਸਿੱਖ ਆਰਗੇਨਾਜੇਸ਼ਨ ਦੀ ਇਹ ਰਿਪੋਰਟ ਕੈਨੇਡੀਅਨ ਸਰਕਾਰ ਲਈ ਇੱਕ ਚਿਤਾਵਨੀ ਹੈ। ਹੁਣ ਵਕਤ ਆ ਗਿਆ ਹੈ ਕਿ ਸਰਕਾਰ ਨਸਲਵਾਦ ਦੇ ਆਮ ਸ਼ਬਦ ਤੋਂ ਅੱਗੇ ਵਧ ਕੇ ਐਂਟੀ-ਸਿੱਖ ਹੇਟ ਨੂੰ ਇੱਕ ਵਿਸ਼ੇਸ਼ ਸ਼੍ਰੇਣੀ ਵਜੋਂ ਮਾਨਤਾ ਦੇਵੇ। ਪੁਲਿਸ ਅਤੇ ਸਰਕਾਰੀ ਅਦਾਰਿਆਂ ਨੂੰ ਸਿੱਖ ਪਛਾਣ ਅਤੇ ਸੱਭਿਆਚਾਰ ਬਾਰੇ ਜਾਗਰੂਕ ਕੀਤਾ ਜਾਵੇ ਤਾਂ ਜੋ ਪੀੜਤ ਸ਼ਿਕਾਇਤ ਕਰਦੇ ਸਮੇਂ ਸੁਰੱਖਿਅਤ ਮਹਿਸੂਸ ਕਰਨ। ਸੋਸ਼ਲ ਮੀਡੀਆ 'ਤੇ ਫੈਲ ਰਹੀ ਗਲਤ ਜਾਣਕਾਰੀ ਵਿਰੁੱਧ ਸਖ਼ਤ ਕਾਨੂੰਨ ਬਣਾਏ ਜਾਣ।

ਵਰਲਡ ਸਿੱਖ ਆਰਗੇਨਾਈਜੇਸ਼ਨ ਦੀ ਰਿਪੋਰਟ ਦਾ ਮਹੱਤਵ

ਵਰਲਡ ਸਿੱਖ ਆਰਗੇਨਾਈਜੇਸ਼ਨ ਨੇ ਇਸ ਰਿਪੋਰਟ ਨੂੰ ਸਿਰਫ਼ ਅੰਦਾਜ਼ਿਆਂ 'ਤੇ ਨਹੀਂ, ਸਗੋਂ ਡਾਟਾ-ਡਰਿਵਨ ਪਹੁੰਚ ਨਾਲ ਤਿਆਰ ਕੀਤਾ ਹੈ:1 ਜਨਵਰੀ ਤੋਂ 1 ਮਾਰਚ 2025 ਦੇ ਵਿਚਕਾਰ, ਕੈਨੇਡਾ ਭਰ ਦੇ 1,600 ਤੋਂ ਵੱਧ ਸਿੱਖਾਂ ਦਾ ਸਰਵੇਖਣ ਕੀਤਾ ਗਿਆ। ਇਹ ਕੈਨੇਡਾ ਦੇ ਇਤਿਹਾਸ ਵਿੱਚ ਸਿੱਖਾਂ ਬਾਰੇ ਕੀਤਾ ਗਿਆ ਸਭ ਤੋਂ ਵੱਡਾ ਡਾਟਾ ਸਰਵੇਖਣ ਹੈ।

ਡਾਟਾ ਇਕੱਠਾ ਕਰਨ ਲਈ ਸਿਰਫ਼ ਆਨਲਾਈਨ ਫਾਰਮ ਨਹੀਂ ਭਰੇ ਗਏ, ਸਗੋਂ ਵੱਖ-ਵੱਖ ਸ਼ਹਿਰਾਂ ਵਿੱਚ ਟਾਊਨ ਹਾਲ ਮੀਟਿੰਗਾਂ ਕੀਤੀਆਂ ਗਈਆਂ। ਇੱਥੇ ਲੋਕਾਂ ਨੇ ਆਪਣੇ ਨਿੱਜੀ ਤਜ਼ਰਬੇ ਸਾਂਝੇ ਕੀਤੇ, ਜਿਸ ਨਾਲ ਰਿਪੋਰਟ ਵਿੱਚ ਭਾਵਨਾਤਮਕ ਅਤੇ ਅਸਲ ਪੱਖ ਵੀ ਸ਼ਾਮਲ ਹੋਇਆ।

ਇਸ ਪ੍ਰੋਜੈਕਟ ਲਈ ਕੈਨੇਡੀਅਨ ਰੇਸ ਰਿਲੇਸ਼ਨਜ਼ ਫਾਊਂਡੇਸ਼ਨ ਤੋਂ ਫੰਡਿੰਗ ਲਈ ਗਈ, ਜੋ ਇਸ ਰਿਪੋਰਟ ਦੀ ਨਿਰਪੱਖਤਾ ਅਤੇ ਮਿਆਰ ਨੂੰ ਸਰਕਾਰੀ ਪੱਧਰ 'ਤੇ ਮਾਨਤਾ ਦਿਵਾਉਣ ਵਿੱਚ ਮਦਦ ਕਰਦੀ ਹੈ।

ਵਰਲਡ ਸਿੱਖ ਆਰਗੇਨਾਈਜੇਸ਼ਨ ਨੇ ਮਹਿਸੂਸ ਕੀਤਾ ਕਿ ਸਰਕਾਰੀ ਏਜੰਸੀਆਂ (ਜਿਵੇਂ ਸਟੈਟਿਸਟਿਕਸ ਕੈਨੇਡਾ) ਸਿੱਖਾਂ ਨੂੰ ਅਲੱਗ ਸ਼੍ਰੇਣੀ ਵਿੱਚ ਨਹੀਂ ਰੱਖਦੀਆਂ। ਇਸ ਲਈ ਵਰਲਡ ਸਿੱਖ ਆਰਗੇਨਾਈਜੇਸ਼ਨ ਨੇ ਖੁਦ ਅੱਗੇ ਵਧ ਕੇ ਸਿਰਫ਼ ਸਿੱਖਾਂ 'ਤੇ ਕੇਂਦਰਿਤ ਡਾਟਾ ਇਕੱਠਾ ਕੀਤਾ ਤਾਂ ਜੋ ਸਿੱਖ-ਵਿਰੋਧੀ ਨਫ਼ਰਤ ਦੇ ਖਾਸ ਸੁਭਾਅ ਨੂੰ ਸਮਝਿਆ ਜਾ ਸਕੇ।

ਇਸ ਰਿਪੋਰਟ ਦੇ ਮੁੱਖ

ਵਰਲਡ ਸਿੱਖ ਆਰਗੇਨਾਈਜੇਸ਼ਨ ਨੇ ਇਹ ਰਿਪੋਰਟ ਜਾਰੀ ਕਰਕੇ ਸਿੱਖਾਂ ਦੀ ਲੜਾਈ ਨੂੰ ਜਜ਼ਬਾਤੀ ਪੱਧਰ ਤੋਂ ਚੁੱਕ ਕੇ ਬੌਧਿਕ ਅਤੇ ਕਾਨੂੰਨੀ ਪੱਧਰ 'ਤੇ ਲਿਆਂਦਾ ਹੈ। ਇਹ ਕੈਨੇਡਾ ਵਿੱਚ ਸਿੱਖਾਂ ਦੇ ਹੱਕਾਂ ਦੀ ਰਾਖੀ ਲਈ ਇੱਕ ਮੀਲ ਦਾ ਪੱਥਰ ਸਾਬਤ ਹੋਵੇਗੀ। ਕੈਨੇਡਾ ਦੀ ਤਰੱਕੀ ਵਿੱਚ ਸਿੱਖਾਂ ਦੀ ਸਖ਼ਤ ਮਿਹਨਤ ਸ਼ਾਮਲ ਹੈ। ਜੇਕਰ ਦੇਸ਼ ਦਾ ਸਭ ਤੋਂ ਮਿਹਨਤੀ ਅਤੇ ਸ਼ਾਂਤੀਪਸੰਦ ਭਾਈਚਾਰਾ ਅਸੁਰੱਖਿਆ ਦੇ ਪਰਛਾਵੇਂ ਹੇਠ ਜੀਵੇਗਾ, ਤਾਂ ਕੈਨੇਡਾ ਦਾ ਸਭ ਦਾ ਸਤਿਕਾਰ ਵਾਲਾ ਮਾਡਲ ਫੇਲ੍ਹ ਮੰਨਿਆ ਜਾਵੇਗਾ। ਸਿੱਖ ਭਾਈਚਾਰੇ ਨੂੰ ਵੀ ਚਾਹੀਦਾ ਹੈ ਕਿ ਉਹ ਹਰ ਛੋਟੀ-ਵੱਡੀ ਘਟਨਾ ਨੂੰ ਰਿਪੋਰਟ ਕਰਨ, ਕਿਉਂਕਿ ਚੁੱਪ ਰਹਿਣਾ ਨਫ਼ਰਤ ਕਰਨ ਵਾਲਿਆਂ ਦੇ ਹੌਸਲੇ ਹੋਰ ਬੁਲੰਦ ਕਰਦਾ ਹੈ।

***

ਪੰਜਾਬ 'ਚ 'ਡਾਲਰਾਂ ਦੀ ਚਮਕ'

ਪੁਖ਼ਤਾ ਪ੍ਰਬੰਧ ਨਹੀਂ ਹੁੰਦੇ, ਉਦੋਂ ਤੱਕ ਨੌਜਵਾਨਾਂ ਦਾ ਇਹ 'ਵਿਦੇਸ਼ੀ ਮੋਹ' ਅਤੇ ਫਰਜ਼ੀ ਏਜੰਟਾਂ ਦਾ 'ਲੁੱਟ ਦਾ ਕਾਰੋਬਾਰ' ਰੁਕਣ ਵਾਲਾ ਨਹੀਂ ਹੈ। ਮਾਪਿਆਂ ਦੀ ਉਮਰ ਭਰ ਦੀ ਕਮਾਈ ਅਤੇ ਨੌਜਵਾਨਾਂ ਦਾ ਭਵਿੱਖ ਇਸ ਵੇਲੇ ਇੱਕ ਅਨਿਸ਼ਚਿਤ ਮੋੜ 'ਤੇ ਖੜ੍ਹਾ ਹੈ।

ਸਰਕਾਰ ਵੱਲੋਂ ਕੀ ਚੁੱਕੇ ਗਏ ਸਖ਼ਤ ਕਦਮ

ਹਾਲੀਆ ਰਿਪੋਰਟਾਂ ਅਤੇ ਸਰਕਾਰੀ ਅੰਕੜਿਆਂ ਮੁਤਾਬਕ, ਪਿਛਲੇ ਕੁਝ ਸਾਲਾਂ ਵਿੱਚ ਸ਼ਿਕਾਇਤਾਂ ਅਤੇ ਪੁਲਿਸ ਕਾਰਵਾਈ ਵਿੱਚ ਤੇਜ਼ੀ ਆਈ ਹੈ। ਸਿਰਫ਼ ਪੰਜਾਬ ਵਿੱਚ ਹੀ ਸਾਲ 2024 ਵਿੱਚ 38 ਅਤੇ 2025 ਵਿੱਚ ਲਗਭਗ 69 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਸਨ। ਜਨਵਰੀ 2026 ਤੱਕ, ਕੇਂਦਰ ਸਰਕਾਰ ਦੇ 'ਤੇ ਲਗਭਗ 3,505 ਗੈਰ-ਪੰਜੀਕ੍ਰਿਤ ਏਜੰਟਾਂ ਦੀ ਸੂਚੀ ਜਾਰੀ ਕੀਤੀ ਗਈ ਹੈ ਤਾਂ ਜੋ ਲੋਕ ਸੁਚੇਤ ਰਹਿ ਸਕਣ।

ਕੁੱਲ ਮਾਮਲੇ: ਪੰਜਾਬ ਟ੍ਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ ਦੇ ਲਾਗੂ ਹੋਣ ਤੋਂ ਲੈ ਕੇ ਹੁਣ ਤੱਕ ਸੂਬੇ ਵਿੱਚ ਲਗਭਗ 3,300 ਮਾਮਲੇ ਦਰਜ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਬਿਨਾਂ ਲਾਇਸੈਂਸ ਵਾਲੇ ਏਜੰਟਾਂ ਵਿਰੁੱਧ ਹਨ।

ਫਰਵਰੀ 2025 ਦੌਰਾਨ ਅੰਮ੍ਰਿਤਸਰ ਵਿੱਚ ਇੱਕ ਵੱਡੀ ਕਾਰਵਾਈ ਦੌਰਾਨ 40 ਟ੍ਰੈਵਲ ਏਜੰਟਾਂ ਦੇ ਲਾਇਸੈਂਸ ਰੱਦ ਕੀਤੇ ਗਏ ਸਨ, ਜੋ ਨੌਜਵਾਨਾਂ ਨੂੰ ਗੈਰ-ਕਾਨੂੰਨੀ ਡੌਂਕੀ ਰੂਟਾਂ ਰਾਹੀਂ ਅਮਰੀਕਾ ਭੇਜਣ ਦੇ ਕਾਰੋਬਾਰ ਵਿੱਚ ਸ਼ਾਮਲ ਸਨ।

ਸਰਕਾਰ ਨੇ ਇਸ ਮੱਕੜ-ਜਾਲ ਨੂੰ ਤੋੜਨ ਲਈ ਕਈ ਪ੍ਰਸ਼ਾਸਨਿਕ ਅਤੇ ਕਾਨੂੰਨੀ ਕਦਮ ਚੁੱਕੇ ਹਨ:

* ਜ਼ਿਲ੍ਹਾ ਪ੍ਰਸ਼ਾਸਨ (ਖ਼ਾਸ ਕਰਕੇ ਜਲੰਧਰ, ਅੰਮ੍ਰਿਤਸਰ ਅਤੇ ਮੋਹਾਲੀ ਵਿੱਚ) ਵੱਲੋਂ ਲਗਾਤਾਰ ਇਮੀਗ੍ਰੇਸ਼ਨ ਕੰਸਲਟੈਂਟਾਂ ਅਤੇ ਆਈਲੈਟਸ ਸੈਂਟਰਾਂ ਦੇ ਦਸਤਾਵੇਜ਼ਾਂ ਦੀ ਜਾਂਚ ਕੀਤੀ ਜਾ ਰਹੀ ਹੈ। ਨਿਯਮਾਂ ਦੀ ਉਲੰਘਣਾ ਕਰਨ 'ਤੇ ਸੈਂਕੜੇ ਸੈਂਟਰਾਂ ਦੇ ਲਾਇਸੈਂਸ ਮੁਅੱਤਲ ਕੀਤੇ ਗਏ ਹਨ।

* ਪੰਜਾਬ ਟ੍ਰੈਵਲ ਪ੍ਰੋਫੈਸ਼ਨਲਜ਼ (ਰੈਗੂਲੇਸ਼ਨ) ਐਕਟ ਦੇ ਤਹਿਤ ਹੁਣ ਧੋਖਾਧੜੀ ਕਰਨ ਵਾਲੇ ਏਜੰਟਾਂ ਵਿਰੁੱਧ ਧਾਰਾ 420 (ਧੋਖਾਧੜੀ) ਅਤੇ 406 (ਅਮਾਨਤ ਵਿੱਚ ਖ਼ਿਆਨਤ) ਦੇ ਨਾਲ-ਨਾਲ ਐਕਟ ਦੀਆਂ ਵਿਸ਼ੇਸ਼ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਜਾ ਰਹੇ ਹਨ।

ਕਈ ਜ਼ਿਲ੍ਹਿਆਂ ਵਿੱਚ ਇਮੀਗ੍ਰੇਸ਼ਨ ਫਰਾਡ ਦੇ ਨਿਪਟਾਰੇ ਲਈ ਵਿਸ਼ੇਸ਼ ਪੁਲਿਸ ਟੀਮਾਂ ਗਠਿਤ ਕੀਤੀਆਂ ਗਈਆਂ ਹਨ, ਜੋ ਸਿਰਫ਼ ਟ੍ਰੈਵਲ ਏਜੰਟਾਂ ਨਾਲ ਸਬੰਧਤ ਸ਼ਿਕਾਇਤਾਂ 'ਤੇ ਕੰਮ ਕਰਦੀਆਂ ਹਨ।

ਜਨਤਕ ਸੂਚੀਆਂ: ਸਰਕਾਰ ਨੇ ਹੁਣ ਅਧਿਕਾਰਤ ਵੈੱਬਸਾਈਟਾਂ (ਜਿਵੇਂ ਕਿ ਐਸ ਏ ਐਸ ਨਗਰ ਜਾਂ ਜਲੰਧਰ ਪ੍ਰਸ਼ਾਸਨ ਦੀ ਸਾਈਟ) 'ਤੇ ਮਾਨਤਾ ਪ੍ਰਾਪਤ ਏਜੰਟਾਂ ਦੀਆਂ ਸੂਚੀਆਂ ਜਨਤਕ ਕਰ ਦਿੱਤੀਆਂ ਹਨ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਕਿਹੜਾ ਏਜੰਟ ਅਸਲੀ ਹੈ।

ਡਿਪਟੀ ਕਮਿਸ਼ਨਰਾਂ ਨੂੰ ਅਧਿਕਾਰ: ਐਸ.ਡੀ.ਐਮ ਪੱਧਰ 'ਤੇ ਏਜੰਟਾਂ ਦੇ ਦਫ਼ਤਰਾਂ ਦੀ ਅਚਨਚੇਤ ਚੈਕਿੰਗ ਕਰਨ ਅਤੇ ਰਿਕਾਰਡ ਨਾ ਮਿਲਣ 'ਤੇ ਤੁਰੰਤ ਦਫ਼ਤਰ ਸੀਲ ਕਰਨ ਦੇ ਹੁਕਮ ਦਿੱਤੇ ਗਏ ਹਨ।

***

ਕੈਲੀਫੋਰਨੀਆ ਦੀ 'ਗੋਲਡਨ ਸਟੇਟ' ਵਿੱਚ ਗੈਂਗਸਟਰਾਂ

ਅੰਤ ਵਿੱਚ, ਕੈਲੀਫੋਰਨੀਆ ਵਰਗੇ ਰਾਜ ਵਿੱਚ, ਜਿੱਥੇ ਢਾਈ ਲੱਖ ਤੋਂ ਵੱਧ ਸਿੱਖ ਵੱਸਦੇ ਹਨ, ਉੱਥੇ ਅਜਿਹੀ ਦਹਿਸ਼ਤ ਦਾ ਹੋਣਾ ਸਰਕਾਰਾਂ ਅਤੇ ਕਾਨੂੰਨ ਵਿਵਸਥਾ 'ਤੇ ਇੱਕ ਵੱਡਾ ਸਵਾਲੀਆ ਚਿੰਨ੍ਹ ਹੈ। ਜੇਕਰ ਅੱਜ ਇਸ 'ਦਹਿਸ਼ਤ' ਨੂੰ ਮੁੱਢੋਂ ਨਾ ਨਪਿਆ ਗਿਆ, ਤਾਂ ਇਹ ਆਉਣ ਵਾਲੇ ਸਮੇਂ ਵਿੱਚ ਪਰਵਾਸੀ ਪੰਜਾਬੀਆਂ ਦੀ ਆਰਥਿਕ ਅਤੇ ਸਮਾਜਿਕ ਬੁਨਿਆਦ ਨੂੰ ਖੋਖਲਾ ਕਰ ਦੇਵੇਗਾ।

ਅਮਰੀਕਾ ਸਰਕਾਰ ਗੈਂਗਸਟਰਾਂ ਨੂੰ ਪਰ ਕਿਉਂ ਨਾ ਨਾ ਸਕੀ ?

ਅਮਰੀਕਾ ਵਿੱਚ ਕਾਨੂੰਨ ਬਹੁਤ ਸਖ਼ਤ ਹੈ, ਪਰ ਉਹ ਕਾਨੂੰਨੀ ਪ੍ਰਕਿਰਿਆ) 'ਤੇ ਚੱਲਦਾ ਹੈ। ਜਿਵੇਂ ਕਿ ਰਿਪੋਰਟ ਵਿੱਚ ਦੱਸਿਆ ਗਿਆ ਹੈ, ਬਹੁਤ ਸਾਰੇ ਪੀੜਤ ਡਰ ਦੇ ਮਾਰੇ ਪੁਲਿਸ ਕੋਲ ਨਹੀਂ ਜਾਂਦੇ। ਜਿੰਨਾ ਚਿਰ ਅਧਿਕਾਰਤ ਸ਼ਿਕਾਇਤਾਂ ਅਤੇ ਪੁਖ਼ਤਾ ਸਬੂਤ (ਜਿਵੇਂ ਕਿ ਫ਼ੋਨ ਰਿਕਾਰਡਿੰਗ, ਮਨੀ ਟ੍ਰੇਲ) ਸਾਹਮਣੇ ਨਹੀਂ ਆਉਂਦੇ,ਉਦੋਂ ਤੱਕ ਐਫ.ਬੀ.ਆਈ. ਵੱਡੀ ਕਾਰਵਾਈ ਕਰਨ ਵਿੱਚ ਅਸਮਰੱਥ ਰਹਿੰਦੀ ਹੈ। ਅਪਰਾਧੀ ਦੂਜੇ ਦੇਸ਼ (ਭਾਰਤ) ਵਿੱਚ ਬੈਠੇ ਹਨ, ਇਸ ਲਈ ਸਿਰਫ਼ ਅਮਰੀਕਾ ਵਿੱਚ ਬੈਠੇ ਉਨ੍ਹਾਂ ਦੇ ਗੁਰਗਿਆਂ ਨੂੰ ਫੜਨਾ ਪੂਰੇ ਨੈੱਟਵਰਕ ਨੂੰ ਖ਼ਤਮ ਨਹੀਂ ਕਰਦਾ।

ਅਮਰੀਕਾ ਅਤੇ ਭਾਰਤ ਦੇ ਸਬੰਧ ਇਸ ਸਮੇਂ ਬਹੁਤ ਨਾਜ਼ੁਕ ਅਤੇ ਮਹੱਤਵਪੂਰਨ ਮੋੜ 'ਤੇ ਹਨ। ਅਮਰੀਕਾ ਭਾਰਤ ਨੂੰ ਏਸ਼ੀਆ ਵਿੱਚ ਚੀਨ ਦੇ ਵਿਰੁੱਧ ਇੱਕ ਮੁੱਖ ਸਾਂਝੇਦਾਰ ਵਜੋਂ ਦੇਖਦਾ ਹੈ। ਇਸ ਵੱਡੇ ਹਿੱਤ ਕਾਰਨ, ਅਮਰੀਕਾ ਅਕਸਰ ਅਜਿਹੇ ਮੁੱਦਿਆਂ 'ਤੇ ਜਨਤਕ ਤੌਰ 'ਤੇ ਤਾੜਨਾ ਕਰਨ ਦੀ ਬਜਾਏ 'ਡਿਪਲੋਮੈਟਿਕ ਚੈਨਲਾਂ' ਰਾਹੀਂ ਗੱਲ ਕਰਨਾ ਪਸੰਦ ਕਰਦਾ ਹੈ। ਕਈ ਵਾਰ ਅਜਿਹੇ ਮਾਮਲਿਆਂ ਵਿੱਚ ਦੋਵਾਂ ਦੇਸ਼ਾਂ ਦੀਆਂ ਏਜੰਸੀਆਂ ਗੁਪਤ ਰੂਪ ਵਿੱਚ ਕੰਮ ਕਰ ਰਹੀਆਂ ਹੁੰਦੀਆਂ ਹਨ, ਜਿਸ ਬਾਰੇ ਆਮ ਜਨਤਾ ਨੂੰ ਜਾਣਕਾਰੀ ਨਹੀਂ ਦਿੱਤੀ ਜਾਂਦੀ।

ਭਾਰਤ ਸਰਕਾਰ ਦਾ ਸਟੈਂਡ ਅਕਸਰ ਇਹ ਰਿਹਾ ਹੈ ਕਿ ਕਈ ਗੈਂਗਸਟਰ ਅਮਰੀਕਾ ਜਾਂ ਕੈਨੇਡਾ ਵਿੱਚ 'ਸ਼ਰਨ' ਲੈ ਕੇ ਬੈਠੇ ਹਨ ਅਤੇ ਉਹ ਇਨ੍ਹਾਂ ਦੇਸ਼ਾਂ ਤੋਂ ਉਨ੍ਹਾਂ ਦੀ ਹਵਾਲਗੀ ਦੀ ਮੰਗ ਕਰਦਾ ਹੈ। ਦੂਜੇ ਪਾਸੇ, ਅਮਰੀਕਾ ਵਿੱਚ ਪੰਨੂ ਵਰਗੇ ਮਾਮਲਿਆਂ ਨੂੰ ਲੈ ਕੇ ਪਹਿਲਾਂ ਹੀ ਤਣਾਅ ਚੱਲ ਰਿਹਾ ਹੈ। ਅਮਰੀਕਾ ਭਾਰਤ 'ਤੇ ਦੋਸ਼ ਲਾਉਂਦਾ ਹੈ ਕਿ ਉਹ ਉਨ੍ਹਾਂ ਦੀ ਧਰਤੀ 'ਤੇ ਕਾਰਵਾਈ ਕਰ ਰਿਹਾ ਹੈ, ਜਦਕਿ ਭਾਰਤ ਅਮਰੀਕਾ 'ਤੇ ਦੋਸ਼ ਲਾਉਂਦਾ ਹੈ ਕਿ ਉਹ ਭਾਰਤ ਵਿਰੋਧੀ ਅਨਸਰਾਂ ਨੂੰ ਪਨਾਹ ਦੇ ਰਿਹਾ ਹੈ। ਇਸ ਖਿੱਚੋਤਾਣ ਵਿੱਚ 'ਗੈਂਗਸਟਰਾਂ' ਵਿਰੁੱਧ ਸਾਂਝੀ ਕਾਰਵਾਈ ਪਛੜ ਜਾਂਦੀ ਹੈ।

ਅਪਰਾਧੀ ਹੁਣ 'ਕ੍ਰਿਪਟੋਕਰੰਸੀ' ਜਾਂ 'ਹਵਾਲਾ' ਰਾਹੀਂ ਪੈਸੇ ਦਾ ਲੈਣ-ਦੇਣ ਕਰਦੇ ਹਨ, ਜਿਸ ਨੂੰ ਟਰੇਸ ਕਰਨਾ ਅਮਰੀਕੀ ਏਜੰਸੀਆਂ ਲਈ ਵੀ ਚੁਣੌਤੀਪੂਰਨ ਹੈ। ਇਸ ਤੋਂ ਇਲਾਵਾ, ਸੋਸ਼ਲ ਮੀਡੀਆ ਐਪਸ ਦੀ ਐਂਡ-ਟੂ-ਐਂਡ ਇਨਕ੍ਰਿਪਸ਼ਨ ਕਾਰਨ ਧਮਕੀਆਂ ਦੇਣ ਵਾਲਿਆਂ ਦੀ ਲੋਕੇਸ਼ਨ ਲੱਭਣਾ ਮੁਸ਼ਕਲ ਹੋ ਜਾਂਦਾ ਹੈ।

ਅਮਰੀਕਾ ਸਰਕਾਰ ਉਦੋਂ ਤੱਕ ਵੱਡੀ ਸਖ਼ਤੀ ਨਹੀਂ ਵਰਤ ਸਕਦੀ ਜਦੋਂ ਤੱਕ ਭਾਈਚਾਰਾ ਖੁੱਲ੍ਹ ਕੇ ਸਾਹਮਣੇ ਨਹੀਂ ਆਉਂਦਾ। ਰਹੀ ਗੱਲ ਭਾਰਤ ਸਰਕਾਰ ਨੂੰ ਤਾੜਨਾ ਕਰਨ ਦੀ, ਤਾਂ ਅਮਰੀਕਾ ਇਸ ਮੁੱਦੇ ਨੂੰ 'ਅੰਦਰੂਨੀ ਸੁਰੱਖਿਆ' ਅਤੇ 'ਵਿਦੇਸ਼ ਨੀਤੀ' ਦੇ ਤੱਕੜੀ ਵਿੱਚ ਤੋਲ ਕੇ ਦੇਖ ਰਿਹਾ ਹੈ। ਜਿੰਨਾ ਚਿਰ ਇਹ ਗੈਂਗਸਟਰ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਲਈ ਸਿੱਧਾ ਖ਼ਤਰਾ ਨਹੀਂ ਬਣਦੇ, ਉਦੋਂ ਤੱਕ ਉਹ ਸ਼ਾਇਦ ਇਸ ਨੂੰ ਸਿਰਫ਼ 'ਲੋਕਲ ਕ੍ਰਾਈਮ' ਦੇ ਨਜ਼ਰੀਏ ਨਾਲ ਹੀ ਦੇਖਦਾ ਰਹੇਗਾ।

ਭਾਰਤੀ ਗੈਂਗਸਟਰ ਅਮਰੀਕਾ ਵਿੱਚ ਕਿਵੇਂ ਆਏ?

ਇਹ ਅਪਰਾਧੀ ਅਮਰੀਕਾ ਵਿੱਚ ਵੱਖ-ਵੱਖ ਤਰੀਕਿਆਂ ਨਾਲ ਪਹੁੰਚ ਰਹੇ ਹਨ, ਜਿਨ੍ਹਾਂ ਵਿੱਚੋਂ ਕੁਝ ਮੁੱਖ ਰਸਤੇ ਹੇਠਾਂ ਦਿੱਤੇ ਗਏ ਹਨ:

ਬਹੁਤ ਸਾਰੇ ਅਪਰਾਧੀ ਜਾਂ ਉਨ੍ਹਾਂ ਦੇ ਗੁਰਗੇ ਮੈਕਸੀਕੋ ਜਾਂ ਕੈਨੇਡਾ ਦੀ ਸਰਹੱਦ ਰਾਹੀਂ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਦਾਖਲ ਹੁੰਦੇ ਹਨ। ਉਦਾਹਰਨ ਵਜੋਂ, ਲਾਰੈਂਸ ਬਿਸ਼ਨੋਈ ਦਾ ਭਰਾ ਅਨਮੋਲ ਬਿਸ਼ਨੋਈ ਨਵੰਬਰ 2024 ਵਿੱਚ ਨੈਬਰਾਸਕਾ ਵਿੱਚ ਫੜਿਆ ਗਿਆ ਸੀ, ਜੋ ਗੈਰ-ਕਾਨੂੰਨੀ ਤਰੀਕੇ ਨਾਲ ਉੱਥੇ ਰਹਿ ਰਿਹਾ ਸੀ ਹਾਲ ਹੀ ਵਿੱਚ (ਅਪ੍ਰੈਲ 2026) ਅਮਰੀਕੀ ਅਧਿਕਾਰੀਆਂ ਨੇ 10 ਭਾਰਤੀ ਨਾਗਰਿਕਾਂ ਨੂੰ ਵੀਜ਼ਾ ਧੋਖਾਧੜੀ ਦੀ ਸਾਜ਼ਿਸ਼ ਲਈ ਦੋਸ਼ੀ ਠਹਿਰਾਇਆ ਹੈ। ਕਈ ਵਾਰ ਅਪਰਾਧੀ ਫ਼ਰਜ਼ੀ ਦਸਤਾਵੇਜ਼ਾਂ ਜਾਂ ਸਟੂਡੈਂਟ ਵੀਜ਼ੇ ਦੀ ਆੜ ਵਿੱਚ ਅਮਰੀਕਾ ਵੜ ਜਾਂਦੇ ਹਨ।

ਜ਼ਰੂਰੀ ਨਹੀਂ ਕਿ ਸਾਰੇ ਵੱਡੇ ਗੈਂਗਸਟਰ ਖੁਦ ਅਮਰੀਕਾ ਵਿੱਚ ਹੋਣ। ਲਾਰੈਂਸ ਬਿਸ਼ਨੋਈ ਵਰਗੇ ਆਗੂ ਭਾਰਤੀ ਜੇਲ੍ਹਾਂ ਵਿੱਚ ਬੈਠੇ ਹੋਏ ਵੀ ਸਿਗਨਲ ਜਾਂ ਟੈਲੀਗ੍ਰਾਫ਼ ਵਰਗੀਆਂ ਐਨਕ੍ਰਿਪਟਡ ਐਪਸ ਰਾਹੀਂ ਅਮਰੀਕਾ ਵਿੱਚ ਮੌਜੂਦ ਆਪਣੇ 'ਸਲੀਪਰ ਸੈੱਲਾਂ' (ਸਥਾਨਕ ਗੁਰਗਿਆਂ) ਨੂੰ ਹਦਾਇਤਾਂ ਦਿੰਦੇ ਹਨ।

ਇਹ ਗੈਂਗਸਟਰ ਅਮਰੀਕਾ ਵਿੱਚ ਪਹਿਲਾਂ ਤੋਂ ਰਹਿ ਰਹੇ ਅਪਰਾਧਿਕ ਪ੍ਰਵਿਰਤੀ ਵਾਲੇ ਨੌਜਵਾਨਾਂ ਨੂੰ ਆਪਣੇ ਨਾਲ ਜੋੜ ਲੈਂਦੇ ਹਨ, ਜੋ ਪੈਸੇ ਜਾਂ 'ਨਾਮ' ਦੇ ਲਾਲਚ ਵਿੱਚ ਉਨ੍ਹਾਂ ਲਈ ਵਸੂਲੀ ਜਾਂ ਹਿੰਸਾ ਕਰਦੇ ਹਨ।

ਭੈਣਾਂ ਵਰਗਾ ਸਾਕ ਨਾ

ਆਪਣੇ ਭਰਾਵਾਂ ਦੀਆਂ ਕਬੀਲਦਾਰੀਆਂ ਦਾ ਵੀ ਭੈਣ ਨੂੰ ਅਹਿਸਾਸ ਹੁੰਦਾ ਹੈ। ਕਿਸੇ ਭੈਣ ਦਾ ਇੱਕ ਭਰਾ ਕਬੀਲਦਾਰੀ ਨੇ ਕੁੱਬਾ ਕੀਤਾ ਹੋਇਆ ਹੈ। ਛੋਟਾ ਭਰਾ ਕਬੀਲਦਾਰੀ ਵਿੱਚ ਕੁੱਝ ਸੌਖਾ ਹੈ। ਇੱਕ ਭੈਣ ਆਪਣੇ ਛੋਟੇ ਭਰਾ ਕੋਲ ਵੱਡੇ ਵੀਰ ਦੀ ਟੁੱਟੀ ਹੋਈ ਆਰਥਿਕਤਾ ਦਾ ਵਾਸਤਾ ਪਾਉਂਦੀ ਹੋਈ ਉਸ ਤੋਂ ਆਪਣੇ ਲਈ ਇੱਕ ਸੂਟ ਦੀ ਇਉਂ ਮੰਗ ਕਰਦੀ ਹੈ;

ਵੱਡੇ ਵੀਰ ਦੀ ਕਬੀਲਦਾਰੀ ਭਾਰੀ
ਛੋਟੇ ਵੀਰਾ ਲੈ ਦੇ ਕੁੜਤੀ।

***

ਵੀਰ ਵੱਲੋਂ ਲਿਆਂਦਾ ਸੰਧਾਰਾ ਭੈਣ ਲਈ ਇੱਕ ਮਾਣਮੱਤੀ ਕਿਰਿਆ ਹੁੰਦੀ ਹੈ। ਇਹ ਸੌਗਾਤ ਸਿਰਫ਼ ਭੈਣ ਲਈ ਹੀ ਨਹੀਂ ਹੁੰਦੀ, ਸਗੋਂ ਸਮਾਜਿਕ ਤੌਰ 'ਤੇ ਲੋਕ-ਵਿਖਾਵਾ ਵੀ ਹੁੰਦੀ ਹੈ। ਭਰਾ ਵੱਲੋਂ ਲਿਆਂਦਾ ਸੰਧਾਰਾ ਭੈਣ ਦੇ ਚਾਵਾਂ ਵਿੱਚ ਢੇਰ ਸਾਰਾ ਵਾਧਾ ਕਰਦਾ ਹੈ। ਇੱਕ ਭੈਣ ਨਹੀਂ ਚਾਹੁੰਦੀ ਕਿ ਉਸ ਦਾ ਭਰਾ ਉਸ ਤੋਂ ਦੂਰ ਹੋਵੇ। ਭੈਣ ਦੀਆਂ ਸੱਧਰਾਂ ਦੀ ਤਰਜ਼ਮਾਨੀ ਕਰਦੀ ਇੱਕ ਲੋਕ-ਬੋਲੀ ਇਉਂ ਬਿਆਨ ਕਰਦੀ ਹੈ;

ਧਾਵੇ-ਧਾਵੇ-ਧਾਵੇ
ਮੋੜੋ ਵੇ ਲੋਕੋ
ਮੇਰਾ ਵੀਰ ਫੌਜ ਨੂੰ ਜਾਵੇ।
ਉੱਡਦਾ ਰੁਮਾਲ ਦਿਸੇ
ਗੱਡੀ ਚੜ੍ਹਦਾ ਨਜ਼ਰ ਨਾ ਆਵੇ।
ਆਵਦੇ ਵੀਰ ਬਿਨਾਂ
ਕੌਣ ਸੰਧਾਰਾ ਲਿਆਵੇ।

ਭੈਣ ਨੂੰ ਪੇਕਿਆਂ ਦਾ ਮੋਹ ਸਿਰਫ਼ ਸੌਗਾਤਾਂ ਤੱਕ ਹੀ ਸੀਮਤ ਨਹੀਂ ਹੁੰਦਾ ਸਗੋਂ ਉਸ ਦੇ ਅੰਗ-ਸੰਗ ਤੇ ਦੁੱਖ-ਸੁੱਖ ਵਿੱਚ ਵੀ ਭਰਾਵਾਂ ਦਾ ਖੜ੍ਹਨਾ ਇੱਕ ਸਮਾਜਿਕ ਮਾਣ-ਤਾਣ ਵਾਲੀ ਗੱਲ ਹੁੰਦੀ ਹੈ। ਜਿਨ੍ਹਾਂ ਭੈਣਾਂ ਦੇ ਵੀਰ ਖੱਬੀਖਾਨ ਤੇ ਗੁਜ਼ਾਰੇ ਵਾਲੇ ਹੁੰਦੇ ਹਨ, ਉਨ੍ਹਾਂ ਭੈਣਾਂ ਦਾ ਸਿਰ ਵੀ ਮਾਣ ਨਾਲ ਉੱਚਾ ਹੋ ਜਾਂਦਾ ਹੈ। ਭੈਣਾਂ ਦਾ ਇਹ ਰੂਪ ਲੋਕ-ਬੋਲੀਆਂ ਵਿੱਚ ਪ੍ਰਗਟ ਹੋ ਉੱਠਦਾ ਹੈ;

ਸਹੁਰੀਂ ਰਹਿੰਦੀਆਂ ਜ਼ੋਰ ਨਾਲ ਭੈਣਾਂ
ਜਿਨ੍ਹਾਂ ਦੇ ਪਿੱਛੇ ਵੀਰ ਤਕੜੇ।

ਜਿੱਥੇ ਭੈਣਾਂ ਤਕੜੇ ਵੀਰਾਂ ਦੇ ਸਿਰ 'ਤੇ ਮਾਣ ਨਾਲ ਰਹਿੰਦੀਆਂ ਹਨ, ਉੱਥੇ ਭੈਣਾਂ ਨੂੰ ਇੱਕ ਚਿੰਤਾ ਵੀ ਸਤਾਉਂਦੀ ਰਹਿੰਦੀ ਹੈ ਕਿ ਕਿਤੇ ਉਸ ਦਾ ਵੀਰ ਕਿਸੇ ਗੱਲੋਂ ਗੁੱਸੇ ਹੋ ਕੇ ਨਾ ਬੈਠ ਜਾਵੇ। ਭੈਣ ਦੇ ਅੰਦਰਲਾ ਡਰ ਲੋਕ-ਬੋਲੀਆਂ ਵਿੱਚ ਉਨ੍ਹਾਂ ਦੇ ਗੁੱਝੇ ਤੇ ਛੁਪੇ ਭਾਵਾਂ ਦਾ ਰੂਪ ਬਣ ਕੇ ਗਿੱਧੇ ਦੇ ਪਿੜ ਵਿੱਚ ਪ੍ਰਗਟ ਹੋ ਜਾਂਦਾ ਹੈ;

ਭੈਣਾਂ ਵਰਗਾ ਸਾਕ ਨਾ ਕੋਈ
ਵੇ ਟੁੱਟ ਕੇ ਨਾ ਬਹਿਜੀਂ ਵੀਰਨਾ।

***

ਆਫ਼ਤਾਂ ਤੋਂ ਬਚਾਓ ਲਈ ਵਿਗਿਆਨਿਕ ਗਿਆਨ

ਰੈਣੀਗਾਂਵ ਦੇ ਨੇੜੇ ਰਿਸ਼ੀਗੰਗਾ ਹਾਈਡਲ ਪ੍ਰਾਜੈਕਟ ਦੇ ਜਲ ਸੋਮੇ ਅਤੇ ਤਪੋਵਨ ਦੇ ਨੇੜੇ ਤਪੋਵਨ ਵਿਸ਼ਨੂਗਾਡ ਪ੍ਰਾਜੈਕਟ (530 ਮੈਗਾਵਾਟ) ਹੜ੍ਹ ਦੇ ਨਾਲ ਆਏ ਮਲਬੇ ਕਾਰਨ ਨਸ਼ਟ ਹੋ ਗਏ। ਇਸ ਤ੍ਰਾਸਦੀ ਵਿੱਚ 205 ਲੋਕਾਂ ਦੀ ਜਾਨ ਗਈ ਸੀ। ਉੱਚ ਹਿਮਾਲਿਅਨ ਖੇਤਰਾਂ ਵਿੱਚ ਧਰਾਲੀ ਵਰਗੀਆਂ ਘਟਨਾਵਾਂ ਦਾ ਡੂੰਘਾਈ ਨਾਲ ਅਧਿਐਨ ਕਰਨਾ ਜ਼ਰੂਰੀ ਹੈ ਕਿਉਂਕਿ ਆਫ਼ਤਾਂ ਵਿੱਚ ਨਦੀਆਂ ਦੇ ਨੇੜੇ ਨਿਰਮਾਣਾਂ ਨੂੰ ਸਭ ਤੋਂ ਵੱਧ ਨੁਕਸਾਨ ਹੁੰਦਾ ਹੈ, ਇਸ ਲਈ ਸੀੜ੍ਹੀਦਾਰ ਖੇਤਾਂ ਅਤੇ ਨਦੀ ਦੇ ਕਿਨਾਰਿਆਂ 'ਤੇ ਨਿਰਮਾਣ ਤੋਂ ਬਚਣਾ ਚਾਹੀਦਾ ਹੈ। ਪਹਾੜਾਂ 'ਤੇ ਮੌਸਮ ਦੇ ਪੂਰਵ ਅਨੁਮਾਨ ਦੀ ਪ੍ਰਣਾਲੀ ਨੂੰ ਮਜ਼ਬੂਤ ਬਣਾਇਆ ਜਾਣਾ ਚਾਹੀਦਾ ਹੈ। ਇਸ ਨਾਲ ਵਰਖਾ ਦੇ ਪੈਟਰਨ ਵਿਚ ਹੋ ਰਹੀਆਂ ਤਬਦੀਲੀਆਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਸਮਝਣ ਵਿੱਚ ਮਦਦ ਮਿਲੇਗੀ। ਜੀਵਨ ਬਚਾਉਣ ਲਈ, ਆਫ਼ਤਾਂ ਦਾ ਹੋਰ ਸਹੀ ਪੂਰਵ ਅਨੁਮਾਨ ਲਗਾਉਣ ਵਾਸਤੇ ਵਿਗਿਆਨਕ ਗਿਆਨ ਨੂੰ ਅੱਗੇ ਵਧਾਉਣਾ ਵੀ ਜ਼ਰੂਰੀ ਹੈ।

****

ਵਿਸ਼ਵ ਆਰਥਿਕਤਾ ਨੂੰ ਪ੍ਰਭਾਵਿਤ

ਜ਼ਿਆਦਾਤਰ ਸਾਮਾਨ ਦੇ ਅਫ਼ਰੀਕਾ ਦੇ ਦੂਰ-ਦੁਰਾਡੇ ਰਸਤੇ ਰਾਹੀਂ ਜਾਣ ਕਾਰਨ ਡਲਿਵਰੀ ਵਿਚ 2 ਤੋਂ 3 ਹਫ਼ਤਿਆਂ ਦੀ ਦੇਰੀ ਹੋ ਸਕਦੀ ਹੈ ਜਿਸ ਨਾਲ ਖ਼ਰਚੇ ਅਤੇ ਕੀਮਤਾਂ 'ਤੇ ਅਸਰ ਪੈਂਦਾ ਹੈ। ਜੇਕਰ ਬਾਬ ਅਲ-ਮੰਦਬ ਦਾ ਰਸਤਾ ਬੁਰੀ ਤਰ੍ਹਾਂ ਪ੍ਰਭਾਵਿਤ ਜਾਂ ਬੰਦ ਹੋ ਜਾਂਦਾ ਹੈ ਤਾਂ ਸਮੁੰਦਰੀ ਕਿਰਾਏ ਵਿੱਚ ਵਾਧੇ ਅਤੇ ਸਪਲਾਈ ਵਿੱਚ ਦੇਰੀ ਕਾਰਨ ਭਾਰਤ ਸਮੇਤ ਕਈ ਦੇਸ਼ਾਂ ਵਿਚ ਪੈਟਰੋਲ, ਡੀਜ਼ਲ ਅਤੇ ਹੋਰ ਦਰਾਮਦੀ ਸਾਮਾਨ ਦੀਆਂ ਕੀਮਤਾਂ ਵਧ ਸਕਦੀਆਂ ਹਨ। ਖ਼ੁਰਾਕੀ ਪਦਾਰਥਾਂ ਅਤੇ ਖੇਤੀ ਨਾਲ ਜੁੜੀਆਂ ਲਾਗਤਾਂ 'ਤੇ ਵੀ ਅਸਰ ਪੈ ਸਕਦਾ ਹੈ। ਇਸ ਦੇ ਨਾਲ ਹੀ ਭਾਰਤ ਤੋਂ ਯੂਰਪ ਜਾਣ ਵਾਲੇ ਸਾਮਾਨ ਦੀ ਲਾਗਤ ਵਧਣ ਨਾਲ ਉਸ ਦੀ ਮੰਗ 'ਤੇ ਵੀ ਅਸਰ ਪੈ ਸਕਦਾ ਹੈ ਜਿਸ ਦਾ ਪ੍ਰਭਾਵ ਕਿਸਾਨਾਂ ਅਤੇ ਵਪਾਰੀਆਂ 'ਤੇ ਪੈ ਸਕਦਾ ਹੈ।

***

ਬੇਸਿੱਟਾ ਵਾਰਤਾ ਮਗਰੋਂ ਅਮਰੀਕਾ ਵੱਲੋਂ

ਟਰੰਪ ਇਰਾਨ ਨੂੰ ਛੇਤੀ ਢਾਹੁਣ ਲਈ ਨਾਟੋ ਦੇਸ਼ਾਂ, ਯੂਰਪੀ ਮੁਲਕਾਂ, ਗਵਾਂਢੀ ਅਰਬ ਦੇਸ਼ਾਂ, ਜਪਾਨ, ਕੋਰੀਆ, ਆਸਟਰੇਲੀਆ ਵਰਗੇ ਤੇਲ ਖਰੀਦਾਰਾਂ ਸਭ ਨੂੰ ਮਦਦ ਲਈ ਆਵਾਜ਼ਾਂ ਮਾਰ ਰਿਹਾ। ਟਰੰਪ ਨੇ ਨਾਟੋ ਦੇਸ਼ਾਂ ਨੂੰ ਨਾਲ ਘੜੀਸਣ ਵਾਲੀ ਆਸ ਹਾਲੇ ਛੱਡੀ ਨਹੀਂ।

ਪਰ ਇਸ ਅਸਾਵੀਂ ਜੰਗ ਵਿੱਚ ਇਰਾਨ ਇਕੱਲਾ ਡਟਿਆ ਹੌਸਲੇ ਨਾਲ। ਬਾਕੀ ਸੰਸਾਰ ਦੇ ਲੋਕ ਇਰਾਨ ਨੂੰ ਫੱਟੜ ਹੋ ਕੇ ਡਿੱਗ ਪੈਣ ਦੀ ਸੰਭਾਵਨਾ ਵਾਲੇ ਸੂਰਮੇ ਵਜੋਂ ਹਮਦਰਦੀ ਨਾਲ ਵੇਖ ਰਹੇ ਹਨ। ਸੰਕਟ ਵਿੱਚ ਇਰਾਨ ਨੂੰ ਰੂਸ ਚੀਨ ਉੱਤਰੀ ਕੋਰੀਆ ਦਾ ਸਹਾਰਾ ਹੈ।

ਮੱਧ ਪੂਰਬੀ ਖਾੜੀ ਦੇ ਅਰਬ ਦੇਸ਼ ਸਾਨ੍ਹਾਂ ਦੇ ਭੇੜ 'ਚ ਵਿਚਕਾਰ ਫਸ ਗਏ ਹਨ। ਉਹਨਾਂ ਦੀ ਆਰਥਕਤਾ ਅਤੇ ਵਕਾਰ ਦੋਵਾਂ ਨੂੰ ਭਾਰੀ ਸੱਟ ਵੱਜੀ ਹੈ। ਉਹਨਾਂ ਦੀ ਧਰਤੀ ਉੱਤੇ ਬਣੇ ਅਮਰੀਕੀ ਫੌਜੀ ਅੱਡੇ ਹੀ ਉਹਨਾਂ ਨੂੰ ਲੈ ਬੈਠੇ ਹਨ।

ਇਸ ਗੋਲੀਬੰਦੀ ਅਤੇ ਸਮਝੌਤਾ ਵਾਰਤਾ ਨਾਲ ਬਾਕੀ ਸਾਰੀ ਦੁਨੀਆਂ ਨੇ ਸੁਖ ਦਾ ਸਾਹ ਲਿਆ ਸੀ, ਪਰ ਹੁਣ ਅਮਰੀਕੀ ਨਾਕਾਬੰਦੀ ਅਤੇ ਜੰਗ ਦੇ ਮੁੜ ਭੜਕਣ ਦੀ ਸੰਭਾਵਨਾ ਨਾਲ ਸੰਸਾਰ ਭਰ ਵਿੱਚ ਤੇਲ, ਗੈਸ ਅਤੇ ਮਹਿੰਗਾਈ ਦਾ ਵੱਡਾ ਸੰਕਟ ਆਉਣਾ ਤੈਅ ਹੈ। ਹਾਲਾਤ ਵਿਸਫੋਟਕ ਹਨ। ਕਿਉਂਕਿ ਇਰਾਨ ਨੇ ਵੀ ਅੱਗੋਂ ਢੁਕਵਾਂ ਜਵਾਬ ਦੇਣ ਦਾ ਐਲਾਨ ਕਰ ਦਿੱਤਾ ਹੈ। ਭਾਵੇਂ ਕਿ ਸਮਝੌਤਾ ਵਾਰਤਾ ਦੁਬਾਰਾ ਸ਼ੁਰੂ ਕਰਵਾਉਣ ਵਾਲੇ ਵੀ ਫਿਰ ਸਰਗਰਮ ਹੋ ਗਏ ਹਨ।

ਭਾਵੇਂ ਇਰਾਨ ਨੇ ਮਾਰੂ ਹਮਲੇ ਦਾ ਜੁਰੱਅਤ ਨਾਲ ਮੁਕਾਬਲਾ ਕੀਤਾ ਤੇ ਭਾਵੇਂ ਸਮਝੌਤਾ ਵਾਰਤਾ ਦੀ ਗੱਲਬਾਤ ਦੌਰਾਨ ਨਿੱਡਰ ਨਿਆਈਂ ਪੈਂਤੜਾ ਲੈ ਕੇ ਯਰਕਣ ਤੋਂ ਇਨਕਾਰ ਕੀਤਾ, ਪਰ ਦੁਨੀਆਂ ਨੂੰ ਇਹ ਤਾਂ ਫਿਰ ਸਾਬਤ ਕਰ ਕੇ ਦੱਸ ਦਿੱਤਾ ਹੈ ਕਿ ਇਤਿਹਾਸ ਵਿਚ ਇਰਾਨ ਕਿਉਂ ਕਦੀ ਵੀ ਕਿਸੇ ਦਾ ਗ਼ੁਲਾਮ ਨਹੀਂ ਸੀ ਹੋਇਆ। ਤੇ ਅੱਜ ਵੀ ਬਾਕੀ ਦੁਨੀਆਂ ਨੂੰ ਵੀ ਸਿਰ ਉੱਚਾ ਕਰਕੇ ਜਿਉਣ ਦਾ ਰਸਤਾ ਵਖਾ ਰਿਹਾ ਹੈ। ਬਿਨਾ ਸ਼ੱਕ ਲੜਾਈ ਅਸਾਵੀਂ ਹੈ। ਇਰਾਨੀ ਆਗੂਆਂ ਦਾ ਕਹਿਣਾ ਹੈ ਕਿ ਅਣਖ਼ ਨਾਲ ਜੀਣ ਖਾਤਰ ਉਹ ਸ਼ਹਾਦਤ ਲਈ ਵੀ ਤਿਆਰ ਹਨ। ਕਾਸ਼! ਇਨਸਾਨੀਅਤ ਬਚੀ ਰਹੇ।

***

2015 ਬੰਬ ਧਮਾਕਾ: ਵਿਦੇਸ਼ ਬੈਠੇ ਠਾਕੁਰ ਦਿਲੀਪ ਸਿੰਘ

ਅਸਲ ਜਿੱਤ ਉਦੋਂ ਹੋਵੇਗੀ ਜਦੋਂ ਅਦਾਲਤ ਪੂਰਾ ਇਨਸਾਫ਼ ਕਰੇਗੀ। ਪੀੜਤ ਧਿਰ ਸਤੁੰਸ਼ਟ ਹੋਵੇਗੀ।

ਕੀ ਹੈ ਪੂਰਾ ਮਾਮਲਾ ?

4 ਦਸੰਬਰ 2015 ਵਿੱਚ, ਹਾਲੋ ਮਾਜਰਾ (ਚੰਡੀਗੜ੍ਹ) ਦੇ ਨੇੜੇ ਇੱਕ ਕਾਰ ਵਿੱਚ ਜ਼ਬਰਦਸਤ ਬੰਬ ਧਮਾਕਾ ਹੋਇਆ ਸੀ। ਇਹ ਕਾਰ ਬੰਬ ਧਮਾਕਾ ਕੋਈ ਸਾਧਾਰਨ ਅਪਰਾਧ ਨਹੀਂ ਸੀ, ਸਗੋਂ ਇਹ ਨਾਮਧਾਰੀ ਸੰਪ੍ਰਦਾਇ ਦੇ ਅੰਦਰੂਨੀ ਕਲੇਸ਼ ਅਤੇ ਗੱਦੀ ਦੀ ਜੰਗ ਦਾ ਇੱਕ ਖ਼ੌਫ਼ਨਾਕ ਹਿੱਸਾ ਸੀ। ਇੱਕ ਚਲਦੀ ਕਾਰ ਵਿੱਚ ਆਈ.ਈ.ਡੀ. ਰਾਹੀਂ ਜ਼ਬਰਦਸਤ ਧਮਾਕਾ ਕੀਤਾ ਗਿਆ ਸੀ। ਇਸ ਧਮਾਕੇ ਵਿੱਚ ਕਾਰ ਦੇ ਪਰਖੱਚੇ ਉੱਡ ਗਏ ਸਨ। ਇਹ ਧਮਾਕਾ ਨਾਮਧਾਰੀ ਸੰਪ੍ਰਦਾਇ ਦੇ ਇੱਕ ਅਹਿਮ ਮੈਂਬਰ ਅਤੇ ਉਹਨਾਂ ਦੇ ਸਾਥੀਆਂ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ ਸੀ। ਖੁਸ਼ਕਿਸਮਤੀ ਨਾਲ, ਇਸ ਵਿੱਚ ਜਾਨੀ ਨੁਕਸਾਨ ਤੋਂ ਬਚਾਅ ਰਿਹਾ ਸੀ, ਪਰ ਇਸ ਨੇ ਪੂਰੇ ਪੰਜਾਬ ਵਿੱਚ ਦਹਿਸ਼ਤ ਪੈਦਾ ਕਰ ਦਿੱਤੀ ਸੀ।

ਸੀ.ਬੀ.ਆਈ. ਦੀ ਜਾਂਚ ਵਿੱਚ ਇਹ ਦੋਸ਼ ਲਾਇਆ ਗਿਆ ਕਿ ਇਸ ਸਾਜ਼ਿਸ਼ ਦੇ ਪਿੱਛੇ ਮੁੱਖ ਦਿਮਾਗ ਠਾਕੁਰ ਦਿਲੀਪ ਸਿੰਘ ਦਾ ਸੀ। ਜਾਂਚ ਏਜੰਸੀ ਅਨੁਸਾਰ, ਇਸ ਧਮਾਕੇ ਦੀ ਪੂਰੀ ਪਲੈਨਿੰਗ ਅਤੇ ਫ਼ੰਡਿੰਗ ਵਿੱਚ ਉਹਨਾਂ ਦਾ ਹੱਥ ਸੀ। ਜਦੋਂ ਜਾਂਚ ਤੇਜ਼ ਹੋਈ, ਤਾਂ ਉਹ ਭਾਰਤ ਛੱਡ ਕੇ ਵਿਦੇਸ਼ ਫ਼ਰਾਰ ਹੋ ਗਏ।

ਠਾਕੁਰ ਦਲੀਪ ਸਿੰਘ ਦਾ ਸਿੱਖ

ਠਾਕੁਰ ਦਿਲੀਪ ਸਿੰਘ 'ਤੇ ਅਕਸਰ ਇਹ ਦੋਸ਼ ਲੱਗਦੇ ਹਨ ਕਿ ਉਹ ਸਿੱਖਾਂ ਦੀ ਪ੍ਰਮਾਣਿਤ ਅਰਦਾਸ ਅਤੇ ਮਰਯਾਦਾ ਵਿੱਚ ਬਦਲਾਅ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਹਨਾਂ ਵੱਲੋਂ ਨਾਮਧਾਰੀ ਮਰਯਾਦਾ ਨੂੰ ਸਿੱਖ ਮਰਯਾਦਾ ਦੇ ਬਰਾਬਰ ਜਾਂ ਉਸ ਤੋਂ ਵੱਖਰੇ ਤਰੀਕੇ ਨਾਲ ਪ੍ਰਚਾਰਨਾ ਸਿੱਖ ਸੰਸਥਾਵਾਂ ਨੂੰ ਪ੍ਰਵਾਨ ਨਹੀਂ ਹੈ।

ਠਾਕੁਰ ਦਿਲੀਪ ਸਿੰਘ ਅਕਸਰ ਅਜਿਹੇ ਬਿਆਨ ਦਿੰਦੇ ਹਨ ਜਿੱਥੇ ਉਹ ਸਿੱਖ ਧਰਮ ਅਤੇ ਹਿੰਦੂ ਧਰਮ ਦੀਆਂ ਰੀਤਾਂ ਨੂੰ ਮਿਲਾਉਣ ਦੀ ਗੱਲ ਕਰਦੇ ਹਨ (ਜਿਵੇਂ ਕਿ ਮੂਰਤੀ ਪੂਜਾ ਜਾਂ ਹਵਨ ਆਦਿ ਵਿੱਚ ਸ਼ਮੂਲੀਅਤ)। ਅਕਾਲ ਤਖ਼ਤ ਸਾਹਿਬ ਅਤੇ ਸਿੱਖ ਵਿਦਵਾਨਾਂ ਅਨੁਸਾਰ ਸਿੱਖ ਧਰਮ ਦੀ ਇੱਕ ਵੱਖਰੀ ਪਛਾਣ ਹੈ (ਨਿਆਰਾਪਨ), ਅਤੇ ਇਸ ਨੂੰ ਕਿਸੇ ਹੋਰ ਧਰਮ ਵਿੱਚ ਮਿਲਾਉਣ ਦੀ ਕੋਸ਼ਿਸ਼ ਕਰਨਾ ਪੰਥਕ ਵਿਰੋਧ ਦਾ ਕਾਰਨ ਬਣਦਾ ਹੈ।

ਸਿੱਖ ਜਥੇਬੰਦੀਆਂ ਦਾ ਇੱਕ ਵੱਡਾ ਇਤਰਾਜ਼ ਇਹ ਵੀ ਹੈ ਕਿ ਠਾਕੁਰ ਦਿਲੀਪ ਸਿੰਘ ਦੀ ਆਰ.ਐਸ.ਐਸ. ਅਤੇ ਭਾਜਪਾ ਦੇ ਆਗੂਆਂ ਨਾਲ ਕਾਫ਼ੀ ਨੇੜਤਾ ਹੈ। ਸਿੱਖ ਪੰਥ ਦੇ ਕਈ ਹਿੱਸੇ ਇਸ ਨੂੰ ਸਿੱਖੀ ਦੇ ਅੰਦਰੂਨੀ ਮਾਮਲਿਆਂ ਵਿੱਚ ਬਾਹਰੀ ਦਖਲਅੰਦਾਜ਼ੀ ਵਜੋਂ ਦੇਖਦੇ ਹਨ।

ਵੱਖ-ਵੱਖ ਸਮਿਆਂ 'ਤੇ ਠਾਕੁਰ ਦਿਲੀਪ ਸਿੰਘ ਦੀਆਂ ਗਤੀਵਿਧੀਆਂ ਨੂੰ ਲੈ ਕੇ ਅਕਾਲ ਤਖ਼ਤ ਸਾਹਿਬ ਵਿਖੇ ਸ਼ਿਕਾਇਤਾਂ ਪਹੁੰਚਦੀਆਂ ਰਹੀਆਂ ਹਨ। ਪੰਜ ਸਿੰਘ ਸਾਹਿਬਾਨ ਨੇ ਕਈ ਵਾਰ ਉਹਨਾਂ ਦੇ ਪ੍ਰੋਗਰਾਮਾਂ ਵਿੱਚ ਸਿੱਖਾਂ ਨੂੰ ਸ਼ਾਮਲ ਨਾ ਹੋਣ ਦੀ ਹਦਾਇਤ ਵੀ ਦਿੱਤੀ ਹੈ। ਅਕਾਲ ਤਖ਼ਤ ਸਾਹਿਬ ਦਾ ਸਪੱਸ਼ਟ ਮੰਨਣਾ ਹੈ ਕਿ ਕੋਈ ਵੀ ਵਿਅਕਤੀ ਗੁਰੂ ਸਾਹਿਬਾਨ ਦੇ ਬਰਾਬਰ ਆਪਣੀ ਸ਼ਖ਼ਸੀਅਤ ਨੂੰ ਨਹੀਂ ਉਭਾਰ ਸਕਦਾ।

ਠਾਕੁਰ ਦਿਲੀਪ ਸਿੰਘ ਦਾ ਵਿਵਾਦ ਸਿਰਫ਼ ਕਾਨੂੰਨੀ (ਕਾਰ ਬੰਬ ਧਮਾਕਾ) ਹੀ ਨਹੀਂ ਹੈ, ਸਗੋਂ ਧਾਰਮਿਕ ਵੀ ਹੈ। ਇੱਕ ਪਾਸੇ ਉਹ ਨਾਮਧਾਰੀ ਸੰਪ੍ਰਦਾਇ ਦੇ ਅੰਦਰ ਸੱਤਾ ਦੀ ਲੜਾਈ ਲੜ ਰਹੇ ਹਨ (ਠਾਕੁਰ ਉਦੈ ਸਿੰਘ ਨਾਲ ਵਿਵਾਦ), ਅਤੇ ਦੂਜੇ ਪਾਸੇ ਉਹਨਾਂ ਦੇ ਸਿਧਾਂਤਕ ਵਿਚਾਰਾਂ ਕਾਰਨ ਅਕਾਲ ਤਖ਼ਤ ਸਾਹਿਬ ਅਤੇ ਸਮੁੱਚੇ ਸਿੱਖ ਪੰਥ ਨਾਲ ਉਹਨਾਂ ਦੀ ਦੂਰੀ ਬਣੀ ਹੋਈ ਹੈ। ਅਦਾਲਤ ਵੱਲੋਂ ਹੁਣ ਉਹਨਾਂ ਨੂੰ ਭਗੌੜਾ ਐਲਾਨਣਾ ਉਹਨਾਂ ਦੀਆਂ ਮੁਸ਼ਕਿਲਾਂ ਵਿੱਚ ਹੋਰ ਵੱਡਾ ਵਾਧਾ ਕਰੇਗਾ।

***

ਕੀ ਪੰਜਾਬ ਪੁਲਿਸ ਦਾ ਖ਼ੁਫ਼ੀਆ

ਸਵਾਲ ਇਹ ਵੀ ਉੱਠਦਾ ਹੈ ਕਿ ਜੇਕਰ ਗੈਂਗਸਟਰ ਵਿਦੇਸ਼ਾਂ ਵਿੱਚ ਬੈਠੇ ਹਨ, ਤਾਂ ਪੰਜਾਬ ਦਾ ਇੱਕ ਆਮ ਨਾਗਰਿਕ ਉਨ੍ਹਾਂ ਬਾਰੇ ਪੁਖ਼ਤਾ ਜਾਣਕਾਰੀ ਕਿਵੇਂ ਦੇ ਸਕੇਗਾ ? ਕੀ ਜਾਣਕਾਰੀ ਦੇਣ ਵਾਲੇ ਵਿਅਕਤੀ ਦੀ ਸੁਰੱਖਿਆ ਸੱਚਮੁੱਚ ਯਕੀਨੀ ਹੋਵੇਗੀ, ਜਦੋਂ ਕਿ ਇਹ ਗੈਂਗਸਟਰ ਜੇਲ੍ਹਾਂ ਦੇ ਅੰਦਰੋਂ ਵੀ ਆਪਣਾ ਨੈੱਟਵਰਕ ਚਲਾਉਣ ਦੀ ਸਮਰੱਥਾ ਰੱਖਦੇ ਹਨ ?

ਮਾਹਿਰਾਂ ਦਾ ਕਹਿਣਾ ਹੈ ਕਿ ਸਿਰਫ਼ ਇਨਾਮਾਂ ਦਾ ਐਲਾਨ ਕਰਨਾ ਜਾਂ ਇਸ਼ਤਿਹਾਰਬਾਜ਼ੀ ਕਰਨਾ ਕਾਫ਼ੀ ਨਹੀਂ ਹੈ। ਪੰਜਾਬ ਵਿੱਚ ਗੈਂਗਸਟਰ ਸੱਭਿਆਚਾਰ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਿਆਸੀ ਸਰਪ੍ਰਸਤੀ ਦਾ ਖ਼ਾਤਮਾ, ਪੁਲਿਸ ਦਾ ਆਧੁਨਿਕੀਕਰਨ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮਜ਼ਬੂਤ ਕੂਟਨੀਤੀ ਦੀ ਲੋੜ ਹੈ। ਸਰਕਾਰ ਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਇਹ ਮੁਹਿੰਮ ਮਹਿਜ਼ ਇੱਕ 'ਪਬਲੀਸਿਟੀ ਸਟੰਟ' ਬਣ ਕੇ ਨਾ ਰਹਿ ਜਾਵੇ, ਸਗੋਂ ਇਸ ਦੇ ਨਤੀਜੇ ਜ਼ਮੀਨੀ ਪੱਧਰ 'ਤੇ ਕਾਨੂੰਨ ਵਿਵਸਥਾ ਵਿੱਚ ਸੁਧਾਰ ਦੇ ਰੂਪ ਵਿੱਚ ਦਿਖਾਈ ਦੇਣ।

ਗੈਂਗਸਟਰ-ਮੁਕਤ ਪੰਜਾਬ ਦਾ ਸੁਪਨਾ ਤਾਂ ਹੀ ਪੂਰਾ ਹੋ ਸਕਦਾ ਹੈ ਜੇਕਰ ਅਪਰਾਧੀਆਂ ਦੇ ਮਨ ਵਿੱਚ ਕਾਨੂੰਨ ਦਾ ਖ਼ੌਫ਼ ਅਤੇ ਆਮ ਨਾਗਰਿਕ ਦੇ ਮਨ ਵਿੱਚ ਪੁਲਿਸ ਪ੍ਰਤੀ ਵਿਸ਼ਵਾਸ ਪੈਦਾ ਹੋਵੇ।

***

ਭਾਰਤ-ਅਮਰੀਕਾ ਸਬੰਧਾਂ ਨੂੰ ਮਜ਼ਬੂਤ ਕਰਨ

ਤਰਨਜੀਤ ਪ੍ਰਮੁੱਖ ਸਿੱਖ ਆਗੂ ਤੇਜਾ ਸਿੰਘ ਸਮੁੰਦਰੀ ਦੇ ਪੋਤੇ ਹਨ। 11 ਮਾਰਚ ਨੂੰ ਸੰਧੂ ਨੇ ਦਿੱਲੀ ਹਾਈ ਕੋਰਟ ਦੇ ਮੁੱਖ ਜੱਜ ਦੇਵੇਂਦਰ ਕੁਮਾਰ ਉਪਾਧਿਆਏ ਦੀ ਹਾਜ਼ਰੀ ਵਿੱਚ ਅਹੁਦੇ ਦੀ ਸਹੁੰ ਚੁੱਕੀ ਸੀ। ਸਹੁੰ ਚੁੱਕ ਸਮਾਗਮ ਵਿੱਚ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਵੀ ਮੌਜੂਦ ਸਨ। ਤਰਨਜੀਤ ਸੰਧੂ ਦੇਸ਼ ਭਰ ਵਿੱਚ ਰਾਜਪਾਲਾਂ ਅਤੇ ਉਪ ਰਾਜਪਾਲਾਂ ਦੇ ਵੱਡੇ ਪ੍ਰਸ਼ਾਸਨਿਕ ਫੇਰਬਦਲ ਦਾ ਹਿੱਸਾ ਹਨ। ਇਸ ਫੇਰਬਦਲ ਵਿੱਚ, ਤਰਨਜੀਤ ਸਿੰਘ ਸੰਧੂ ਨੇ ਵੀ ਕੇ ਸਕਸੈਨਾ ਦੀ ਜਗ੍ਹਾ ਲਈ ਹੈ, ਜਿਨ੍ਹਾਂ ਨੂੰ ਹੁਣ ਲੱਦਾਖ ਦਾ ਐੱਲ ਜੀ ਨਿਯੁਕਤ ਕੀਤਾ ਗਿਆ ਹੈ। ਉਹ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੇ ਉਮੀਦਵਾਰ ਵੀ ਸਨ।

***

ਐਨ.ਐਸ.ਏ. ਦਾ ਅੰਤ,

ਸਿਮਰਨਜੀਤ ਸਿੰਘ ਮਾਨ ਇੱਕ ਸਥਾਪਿਤ ਪੰਥਕ ਚਿਹਰਾ ਹਨ, ਪਰ ਵਧਦੀ ਉਮਰ ਅਤੇ ਅੰਮ੍ਰਿਤਪਾਲ ਸਿੰਘ ਵਰਗੇ ਨਵੇਂ ਜੋਸ਼ ਦੀ ਘਾਟ ਕਾਰਨ ਨੌਜਵਾਨ ਕਿਸੇ ਹੋਰ 'ਨਵੇਂ' ਬਦਲ ਦੀ ਤਲਾਸ਼ ਵਿੱਚ ਹਨ।

ਕੁਝ ਬੁਧੀਜੀਵੀਆਂ ਦਾ ਮੰਨਣਾ ਹੈ ਕਿ ਪੰਥਕ ਸਿਆਸਤ ਦੇ ਖਿੰਡਾਅ ਦਾ ਫਾਇਦਾ ਆਮ ਆਦਮੀ ਪਾਰਟੀ ਜਾਂ ਭਾਰਤੀ ਜਨਤਾ ਪਾਰਟੀ ਨੂੰ ਹੋ ਸਕਦਾ ਹੈ, ਜੋ ਸਿੱਖ ਵੋਟਾਂ ਦੇ ਇੱਕ ਹਿੱਸੇ ਨੂੰ ਆਪਣੇ ਵੱਲ ਖਿੱਚਣ ਦੀ ਰਣਨੀਤੀ ਬਣਾ ਰਹੀਆਂ ਹਨ।

ਹਾਈ ਕੋਰਟ ਨੇ ਜੇਲ੍ਹ ਵਿੱਚ ਵੀਡੀਓ ਕਾਨਫਰੰਸਿੰਗ ਰਾਹੀਂ ਸੁਣਵਾਈ ਅਤੇ ਵਕੀਲਾਂ ਨਾਲ ਸਲਾਹ-ਮਸ਼ਵਰੇ ਦੀ ਸਹੂਲਤ ਦੇਣ ਦੇ ਨਿਰਦੇਸ਼ ਦਿੱਤੇ ਹਨ, ਜਿਸ ਦਾ ਮਤਲਬ ਹੈ ਕਿ ਕਾਨੂੰਨੀ ਜੰਗ ਹਾਲੇ ਲੰਬੀ ਚੱਲੇਗੀ। ਸਭ ਤੋਂ ਵੱਡਾ ਖ਼ਤਰਾ ਇਹ ਹੈ ਕਿ ਕਿਸੇ ਇੱਕ ਮਜ਼ਬੂਤ ਚਿਹਰੇ ਦੀ ਗ਼ੈਰ-ਹਾਜ਼ਰੀ ਵਿੱਚ ਪੰਥਕ ਵੋਟ ਕਈ ਹਿੱਸਿਆਂ ਵਿੱਚ ਵੰਡੀ ਜਾ ਸਕਦੀ ਹੈ। ਅੰਮ੍ਰਿਤਪਾਲ ਸਿੰਘ ਨੇ ਪੰਥਕ ਸਿਆਸਤ ਨੂੰ ਇੱਕ 'ਰੇਡੀਕਲ' ਮੋੜ ਦਿੱਤਾ ਸੀ। ਉਸ ਪੱਧਰ ਦਾ ਪ੍ਰਭਾਵ ਪੈਦਾ ਕਰਨ ਲਈ ਕਿਸੇ ਵੀ ਨਵੇਂ ਚਿਹਰੇ ਨੂੰ ਸਿਰਫ਼ ਭਾਸ਼ਣਬਾਜ਼ੀ ਨਹੀਂ, ਸਗੋਂ ਜ਼ਮੀਨੀ ਪੱਧਰ 'ਤੇ ਕੋਈ ਵੱਡਾ ਅੰਦੋਲਨ ਤੇ ਨੈਰੇਟਿਵ ਖੜ੍ਹਾ ਕਰਨਾ ਪਵੇਗਾ।

ਜੇਕਰ 2027 ਦੀਆਂ ਚੋਣਾਂ ਤੱਕ ਅੰਮ੍ਰਿਤਪਾਲ ਸਿੰਘ ਰਿਹਾਅ ਨਹੀਂ ਹੁੰਦੇ, ਤਾਂ ਤਰਸੇਮ ਸਿੰਘ ਦਾ ਚੋਣ ਮੈਦਾਨ ਵਿੱਚ ਉਤਰਨਾ ਲਗਭਗ ਤੈਅ ਮੰਨਿਆ ਜਾ ਰਿਹਾ ਹੈ। ਹੋਰ ਪੰਥਕ ਜਥੇਬੰਦੀਆਂ ਨੂੰ ਇੱਕ ਛੱਤ ਹੇਠ ਲਿਆਉਣ ਲਈ ਇੱਕ 'ਧੁਰਾ' ਬਣ ਸਕਦਾ ਹੈ। ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਤੋਂ ਬਾਅਦ ਉਨ੍ਹਾਂ ਦੇ ਪਿਤਾ, ਜਥੇਦਾਰ ਤਰਸੇਮ ਸਿੰਘ, ਲਗਾਤਾਰ ਮੂਹਰੇ ਹੋ ਕੇ ਸੰਘਰਸ਼ ਕਰ ਰਹੇ ਹਨ। ਉਹ ਬਹੁਤ ਹੀ ਸੰਜਮ ਅਤੇ ਸੂਝ-ਬੂਝ ਨਾਲ ਮੀਡੀਆ ਅਤੇ ਜਨਤਕ ਇਕੱਠਾਂ ਨੂੰ ਸੰਬੋਧਨ ਕਰਦੇ ਹਨ, ਜਿਸ ਕਾਰਨ ਲੋਕਾਂ ਵਿੱਚ ਉਨ੍ਹਾਂ ਦਾ ਸਤਿਕਾਰ ਵਧਿਆ। ਅੰਮ੍ਰਿਤਪਾਲ ਦੀ ਚੋਣ ਮੁਹਿੰਮ ਨੂੰ ਜ਼ਮੀਨੀ ਪੱਧਰ 'ਤੇ ਚਲਾਉਣ ਵਿੱਚ ਉਨ੍ਹਾਂ ਦਾ ਵੱਡਾ ਯੋਗਦਾਨ ਸੀ। ਉਹ ਲਹਿਰ ਨੂੰ ਸਿਆਸੀ ਰੂਪ ਦੇਣ ਦੀ ਸਮਰੱਥਾ ਰੱਖਦੇ ਹਨ।

ਪੰਜਾਬ ਦੀਆਂ ਆਗਾਮੀ ਸਿਆਸੀ ਚੁਣੌਤੀਆਂ ਨੂੰ ਧਿਆਨ ਵਿੱਚ ਰੱਖਦਿਆਂ, ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਜਥੇਬੰਦੀ 'ਵਾਰਿਸ ਪੰਜਾਬ ਦੇ' ਅਤੇ ਸ਼੍ਰੋਮਣੀ ਅਕਾਲੀ ਦਲ ਤੋਂ ਬਾਗੀ ਹੋਏ ਧੜੇ 'ਪੁਨਰ ਸੁਰਜੀਤ' ਨੇ ਹੱਥ ਮਿਲਾ ਲਿਆ ਹੈ। ਇਸ ਨਵੇਂ ਬਣੇ ਗਠਜੋੜ ਨੇ 'ਪੰਥਕ ਏਕਤਾ ਤਾਲਮੇਲ ਕਮੇਟੀ' ਦਾ ਗਠਨ ਕੀਤਾ ਹੈ, ਜਿਸ ਦੀ ਕਮਾਨ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੂੰ ਸੌਂਪੀ ਗਈ ਹੈ। ਅੰਮ੍ਰਿਤਪਾਲ ਸਿੰਘ ਦੀ ਪਾਰਟੀ ਕੋਲ ਵੱਡਾ ਜਨਤਕ ਆਧਾਰ ਅਤੇ ਨੌਜਵਾਨਾਂ ਦਾ ਜੋਸ਼ ਹੈ, ਪਰ ਉਨ੍ਹਾਂ ਕੋਲ ਕੋਈ ਰਵਾਇਤੀ ਸਿਆਸੀ ਢਾਂਚਾ ਨਹੀਂ ਸੀ। ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਅਤੇ ਛੋਟੇਪੁਰ ਵਰਗੇ ਆਗੂਆਂ ਦੇ ਨਾਲ ਆਉਣ ਨਾਲ ਇਸ ਲਹਿਰ ਨੂੰ ਸਿਆਸੀ ਪਰਿਪੱਕਤਾ ਮਿਲੇਗੀ। ਸੁਖਬੀਰ ਬਾਦਲ ਤੋਂ ਵੱਖ ਹੋਏ ਆਗੂਆਂ ਕੋਲ ਤਜ਼ਰਬਾ ਤਾਂ ਹੈ, ਪਰ ਉਨ੍ਹਾਂ ਨੂੰ ਇੱਕ ਅਜਿਹੇ ਚਿਹਰੇ ਦੀ ਲੋੜ ਸੀ ਜੋ ਵੋਟਰਾਂ ਨੂੰ ਖਿੱਚ ਸਕੇ। ਅੰਮ੍ਰਿਤਪਾਲ ਸਿੰਘ ਦੀ ਮਕਬੂਲੀਅਤ ਉਨ੍ਹਾਂ ਲਈ 'ਵੋਟ ਬੈਂਕ' ਦਾ ਕੰਮ ਕਰ ਸਕਦੀ ਹੈ। ਇਹ ਗਠਜੋੜ ਪੰਜਾਬ ਵਿੱਚ 'ਆਪ', ਕਾਂਗਰਸ ਅਤੇ ਬਾਦਲ ਦਲ ਦੇ ਮੁਕਾਬਲੇ ਇੱਕ ਅਜਿਹਾ ਫਰੰਟ ਬਣ ਸਕਦਾ ਹੈ ਜੋ ਪੰਥਕ ਮੁੱਦਿਆਂ ਦੇ ਨਾਲ-ਨਾਲ ਪੰਜਾਬ ਦੇ ਖੇਤਰੀ ਮੁੱਦਿਆਂ (ਕਿਸਾਨੀ, ਪਾਣੀ, ਪਛਾਣ) ਦੀ ਗੱਲ ਕਰੇਗਾ। ਨੌਜਵਾਨਾਂ ਵਿੱਚ ਇਸ ਗਠਜੋੜ ਨੂੰ ਲੈ ਕੇ ਉਤਸ਼ਾਹ ਹੋ ਸਕਦਾ ਹੈ, ਕਿਉਂਕਿ ਉਹ ਰਵਾਇਤੀ ਪਾਰਟੀਆਂ ਤੋਂ ਅੱਕ ਚੁੱਕੇ ਹਨ। ਕੁਝ ਲੋਕ ਸੁੱਚਾ ਸਿੰਘ ਛੋਟੇਪੁਰ ਅਤੇ ਮਨਪ੍ਰੀਤ ਇਆਲੀ ਦੀ ਨਰਮ ਰਾਜਨੀਤੀ ਅਤੇ ਅੰਮ੍ਰਿਤਪਾਲ ਸਿੰਘ ਦੀ ਗਰਮ ਰਾਜਨੀਤੀ ਦੇ ਸੁਮੇਲ ਨੂੰ ਸ਼ੱਕ ਦੀ ਨਜ਼ਰ ਨਾਲ ਵੀ ਦੇਖ ਸਕਦੇ ਹਨ। ਕੀ ਇਹ ਦੋਵੇਂ ਵੱਖ-ਵੱਖ ਵਿਚਾਰਧਾਰਾਵਾਂ ਲੰਬਾ ਸਮਾਂ ਇਕੱਠੀਆਂ ਚੱਲ ਸਕਣਗੀਆਂ ? ਇਹ ਵੱਡਾ ਸਵਾਲ ਹੈ। ਜੇਕਰ ਅੰਮ੍ਰਿਤਪਾਲ ਸਿੰਘ ਜਲਦੀ ਬਾਹਰ ਆਉਂਦੇ ਹਨ, ਤਾਂ ਇਹ ਗਠਜੋੜ ਪੰਜਾਬ ਵਿੱਚ ਤੂਫ਼ਾਨ ਖੜ੍ਹਾ ਕਰ ਸਕਦਾ ਹੈ। ਜੇਕਰ ਉਹ ਜੇਲ੍ਹ ਵਿੱਚ ਰਹਿੰਦੇ ਹਨ, ਤਾਂ ਇਆਲੀ ਅਤੇ ਛੋਟੇਪੁਰ ਨੂੰ ਇਸ ਲਹਿਰ ਨੂੰ ਜ਼ਿੰਦਾ ਰੱਖਣ ਲਈ ਸਖ਼ਤ ਮਿਹਨਤ ਕਰਨੀ ਪਵੇਗੀ। ਜਿਵੇਂ ਕਿ ਉਨ੍ਹਾਂ ਨੇ ਕਿਸਾਨ ਜਥੇਬੰਦੀਆਂ ਤੋਂ ਸਹਿਯੋਗ ਮੰਗਿਆ ਹੈ, ਜੇਕਰ ਸੰਯੁਕਤ ਕਿਸਾਨ ਮੋਰਚਾ ਜਾਂ ਹੋਰ ਵੱਡੀਆਂ ਯੂਨੀਅਨਾਂ ਇਸ ਦਾ ਸਮਰਥਨ ਕਰਦੀਆਂ ਹਨ, ਤਾਂ ਇਹ ਗਠਜੋੜ ਬਹੁਤ ਸ਼ਕਤੀਸ਼ਾਲੀ ਹੋ ਜਾਵੇਗਾ। ਸੁਖਬੀਰ ਬਾਦਲ ਲਈ ਇਹ ਸਭ ਤੋਂ ਵੱਡੀ ਚੁਣੌਤੀ ਹੈ। ਫਿਲਹਾਲ, ਪੰਜਾਬ ਦੀ ਸਿਆਸਤ ਦੇਖੋ ਅਤੇ ਇੰਤਜ਼ਾਰ ਕਰੋ ਦੀ ਸਥਿਤੀ ਵਿੱਚ ਹੈ।

****

ਕੈਨੇਡਾ ਦਾ 'ਬਿੱਲ ਸੀ-12':

ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਨਾਲ ਕੇਸ ਪੇਸ਼ ਕਰਨ ਦੇ ਮੌਕੇ ਬਹੁਤ ਘਟ ਜਾਣਗੇ।

ਬ੍ਰੈਂਪਟਨ, ਸਰੀ ਅਤੇ ਕੈਲਗਰੀ ਵਰਗੇ ਪੰਜਾਬੀ ਬਹੁਲਤਾ ਵਾਲੇ ਇਲਾਕਿਆਂ ਵਿੱਚ ਇਸ ਵੇਲੇ ਦਹਿਸ਼ਤ ਦਾ ਮਾਹੌਲ ਹੈ। 21 ਦਿਨਾਂ ਦੇ ਅੰਦਰ ਜਵਾਬ ਦੇਣ ਦੀ ਸ਼ਰਤ ਨੇ ਕਈਆਂ ਦੀ ਰਾਤਾਂ ਦੀ ਨੀਂਦ ਉਡਾ ਦਿੱਤੀ ਹੈ। ਵੱਡੀ ਗਿਣਤੀ ਵਿੱਚ ਇਹ ਉਹ ਵਿਦਿਆਰਥੀ ਹਨ ਜਿਨ੍ਹਾਂ ਦੇ ਮਾਪਿਆਂ ਨੇ ਆਪਣੀ ਜੀਵਨ ਭਰ ਦੀ ਕਮਾਈ ਅਤੇ ਜ਼ਮੀਨਾਂ ਦਾਅ 'ਤੇ ਲਗਾ ਕੇ ਉਨ੍ਹਾਂ ਨੂੰ ਵਿਦੇਸ਼ ਭੇਜਿਆ ਸੀ। ਜੇਕਰ ਇਨ੍ਹਾਂ ਨੌਜਵਾਨਾਂ ਨੂੰ ਡਿਪੋਰਟ (ਦੇਸ਼ ਨਿਕਾਲਾ) ਕੀਤਾ ਜਾਂਦਾ ਹੈ, ਤਾਂ ਇਹ ਨਾ ਸਿਰਫ਼ ਇੱਕ ਵਿਅਕਤੀ ਦੀ ਹਾਰ ਹੋਵੇਗੀ, ਸਗੋਂ ਕਈ ਪਰਿਵਾਰਾਂ ਲਈ ਆਰਥਿਕ ਅਤੇ ਮਾਨਸਿਕ ਤੌਰ 'ਤੇ ਤਬਾਹਕੁੰਨ ਸਿੱਧ ਹੋਵੇਗੀ।

***

40 ਫ਼ੀਸਦੀ ਭਾਰਤੀਆਂ ਦਾ ਟੁੱਟ ਗਿਆ

ਅਮਰੀਕਾ ਹੁਣ ਪਹਿਲਾਂ ਵਾਂਗ ਸਸਤਾ ਨਹੀਂ ਰਿਹਾ। ਵਧਦੀ ਮਹਿੰਗਾਈ, ਹੈਲਥਕੇਅਰ ਦੇ ਮੋਟੇ ਬਿੱਲ ਅਤੇ ਘਰਾਂ ਦੇ ਵਧਦੇ ਕਿਰਾਏ ਨੇ ਭਾਰਤੀਆਂ ਦਾ ਬਜਟ ਵਿਗਾੜ ਦਿੱਤਾ ਹੈ। ਅੰਕੜਿਆਂ ਮੁਤਾਬਕ ਅਮਰੀਕਾ ਵਿੱਚ ਇੱਕ ਬੱਚੇ ਨੂੰ 18 ਸਾਲ ਤੱਕ ਪਾਲਣ ਦਾ ਖਰਚਾ ਲਗਭਗ 2.5 ਕਰੋੜ ਰੁਪਏ (301,970 ਡਾਲਰ) ਤੱਕ ਪਹੁੰਚ ਗਿਆ ਹੈ।

ਦੂਜੇ ਪਾਸੇ, ਭਾਰਤ ਦੀ ਤੇਜ਼ੀ ਨਾਲ ਵਧ ਰਹੀ ਆਰਥਿਕਤਾ ਅਤੇ ਬੈਂਗਲੁਰੂ, ਹੈਦਰਾਬਾਦ ਤੇ ਗੁੜਗਾਓਂ ਵਰਗੇ ਟੈਕ ਹੱਬ ਭਾਰਤੀਆਂ ਨੂੰ ਵਾਪਸ ਖਿੱਚ ਰਹੇ ਹਨ। ਕਈ ਭਾਰਤੀਆਂ ਦਾ ਮੰਨਣਾ ਹੈ ਕਿ ਆਪਣੇ ਦੇਸ਼ ਵਿੱਚ ਪਰਿਵਾਰ ਦੇ ਨਾਲ ਰਹਿ ਕੇ ਬਿਹਤਰ ਲਾਈਫਸਟਾਈਲ ਮਿਲ ਸਕਦਾ ਹੈ। ਹਾਲਾਂਕਿ, ਅਮਰੀਕਾ ਛੱਡਣ ਦੀ ਸੋਚਣ ਵਾਲੇ ਕੁਝ ਲੋਕ ਕੈਨੇਡਾ, ਆਸਟ੍ਰੇਲੀਆ ਜਾਂ ਦੁਬਈ ਵਰਗੇ ਦੇਸ਼ਾਂ ਨੂੰ ਵੀ ਬਦਲ ਵਜੋਂ ਦੇਖ ਰਹੇ ਹਨ।

ਇਹ ਸਰਵੇਖਣ ਵਾਸ਼ਿੰਗਟਨ ਲਈ ਇੱਕ ਚਿਤਾਵਨੀ ਹੈ ਕਿ ਜੇਕਰ ਇਮੀਗ੍ਰੇਸ਼ਨ ਨੀਤੀਆਂ ਵਿੱਚ ਸੁਧਾਰ ਨਾ ਹੋਇਆ, ਤਾਂ ਉਹ ਦੁਨੀਆ ਦੇ ਸਭ ਤੋਂ ਬਿਹਤਰੀਨ ਦਿਮਾਗਾਂ ਨੂੰ ਖੋ ਦੇਵੇਗਾ। ਜ਼ਿਕਰਯੋਗ ਹੈ ਕਿ ਭਾਰਤੀ ਭਾਈਚਾਰਾ ਅਮਰੀਕਾ ਦੀ ਆਬਾਦੀ ਦਾ ਸਿਰਫ਼ 1.5% ਹੋਣ ਦੇ ਬਾਵਜੂਦ ਉੱਥੋਂ ਦੇ ਟੈਕਸਾਂ ਵਿੱਚ 6% ਦਾ ਯੋਗਦਾਨ ਪਾਉਂਦਾ ਹੈ।

RAISING VOICE FOR TRUTH
ਹੋਕਾ TV

HOKA TV
(ਹੋਕਾ ਟੀ.ਵੀ.)

ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store
GET IT ON Google Play

ਹੋਰ ਜਾਣਕਾਰੀ ਲਈ ਵੇਖੋ

https://hokatv.com/guest/home